@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला
ਕੌਮੀ ਪਤ੍ਰਿਕਾ
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Wednesday, 23 September 2026
Punjabi National Daily
Qaumi Patrika NO.1
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਬੁੱਧਵਾਰ 23 ਸਤੰਬਰ 2026, 9 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 320, qpatrika@gmail.com ਫੋਨ : 9971359517 www.qaumipatrika.org

# ਪੱਛਮੀ ਬੰਗਾਲ 'ਚ ਕੋਈ ਵੀ ਯੋਗ ਔਰਤ ਅੰਨਪੂਰਨਾ ਯੋਜਨਾ ਤੋਂ ਨਹੀਂ ਰਹੇਗੀ ਵਾਂਝੀ : ਪ੍ਰਧਾਨ ਮੰਤਰੀ ਮੋਦੀ

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 22 ਸਤੰਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਪੱਛਮੀ ਬੰਗਾਲ ਸਰਕਾਰ ਦਾ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਇੱਕ ਵੀ ਯੋਗ ਔਰਤ ਅੰਨਪੂਰਨਾ ਯੋਜਨਾ ਦੇ ਲਾਭਾਂ ਤੋਂ ਵਾਂਝੀ ਨਾ ਰਹੇ ਅਤੇ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਅਣਥੱਕ ਮਿਹਨਤ ਕਰ ਰਹੀ ਹੈ। ਪੱਛਮੀ ਬੰਗਾਲ ਸਰਕਾਰ ਵੱਲੋਂ ਆਨਲਾਈਨ ਆਯੋਜਿਤ ਅੰਨਪੂਰਨਾ ਦਿਵਸ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਮਾਵਾਂ, ਭੈਣਾਂ ਅਤੇ ਧੀਆਂ ਦੇ ਜੀਵਨ ਨਾਲ ਜੁੜੀ ਹਰ ਸਮੱਸਿਆ ਨੂੰ ਹੱਲ ਕਰਨਾ ਭਾਜਪਾ ਸਰਕਾਰ ਦੀ ਤਰਜੀਹ ਰਹੀ ਹੈ। ਇਸ ਮਕਸਦ ਲਈ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ। ਮੋਦੀ ਨੇ ਕਿਹਾ, ਪੱਛਮੀ ਬੰਗਾਲ ਵਿੱਚ ਸਾਡੀ ਸਰਕਾਰ ਬਣਨ ਦੇ ਕੁਝ ਦਿਨਾਂ ਦੇ ਅੰਦਰ ਹੀ ਅੰਨਪੂਰਨਾ ਯੋਜਨਾ 'ਤੇ ਕੰਮ ਸ਼ੁਰੂ ਹੋ ਗਿਆ। ਅੱਜ, ਬਹੁਤ



ਸਾਰੀਆਂ ਔਰਤਾਂ ਨੂੰ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਵਿੱਤੀ ਸਹਾਇਤਾ ਮਿਲ ਰਹੀ ਹੈ। ਕੋਈ ਵਿਚੋਲਾ ਨਹੀਂ ਹੈ ਅਤੇ ਕੋਈ 'ਕੱਟ ਮਨੀ' ਨਹੀਂ ਹੈ। ਸਾਡੀ ਸਰਕਾਰ ਦਾ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਇੱਕ ਵੀ ਯੋਗ ਔਰਤ ਅੰਨਪੂਰਨਾ ਯੋਜਨਾ ਦੇ ਲਾਭਾਂ ਤੋਂ ਵਾਂਝੀ ਨਾ ਰਹੇ। ਅਸੀਂ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਅਣਥੱਕ ਮਿਹਨਤ ਕਰ ਰਹੇ ਹਾਂ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਯੋਜਨਾ ਦੇ ਤਹਿਤ ਬੰਗਾਲ ਵਿੱਚ ਔਰਤਾਂ ਦੇ ਬੈਂਕ ਖਾਤਿਆਂ ਵਿੱਚ ਹਰ ਮਹੀਨੇ ਇੱਕ ਨਿਸ਼ਚਿਤ ਰਕਮ ਜਮ?ਹਾ ਕੀਤੀ ਜਾਵੇਗੀ, ਜਿਸ ਲਈ ਉਨ੍ਹਾਂ ਨੂੰ ਕਿਸੇ 'ਤੇ ਨਿਰਭਰ ਨਹੀਂ ਰਹਿਣਾ ਪਵੇਗਾ। ਮੋਦੀ ਨੇ ਕਿਹਾ, ਇਹ ਉਨ੍ਹਾਂ ਲਈ ਇੱਕ ਵੱਡਾ ਸਮਰਥਨ ਹੈ। ਅੱਜ, ਅੰਨਪੂਰਨਾ ਯੋਜਨਾ ਦੀ ਚੌਥੀ ਕਿਸ਼ਤ ਲਗਭਗ 1.5 ਕਰੋੜ ਭੈਣਾਂ ਦੇ ਖਾਤਿਆਂ ਵਿੱਚ ਪਹੁੰਚ ਰਹੀ ਹੈ। ਇਸ ਯੋਜਨਾ ਨਾਲ ਪ੍ਰਤੀ ਮਹੀਨਾ 3,000 ਰੁਪਏ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ, ਸਾਡਾ ਮੰਨਣਾ ਹੈ ਕਿ ਪੱਛਮੀ ਬੰਗਾਲ ਦੀਆਂ ਔਰਤਾਂ ਵਿੱਚ ਫੈਸਲੇ ਲੈਣ ਦੀ ਸ਼ਕਤੀ ਅਤੇ ਅੱਗੇ ਵਧਣ ਦੀ ਹਿੰਮਤ ਦੋਵੇਂ ਹੋਣੇ ਚਾਹੀਦੇ ਹਨ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਅੰਨਪੂਰਨਾ ਯੋਜਨਾ ਨੇ ਪੱਛਮੀ ਬੰਗਾਲ ਦੀਆਂ ਮਾਵਾਂ ਅਤੇ ਭੈਣਾਂ ਲਈ ਸਸ਼ਕਤੀਕਰਨ ਦਾ ਇੱਕ ਨਵਾਂ ਪੱਧਰ ਲਿਆਂਦਾ ਹੈ। ਮੋਦੀ ਨੇ ਕਿਹਾ, ਮੈਂ ਹਰ ਉਸ ਮਾਂ ਅਤੇ ਭੈਣ ਨੂੰ ਵਧਾਈ ਦਿੰਦਾ ਹਾਂ, ਜਿਸਨੇ ਇਸ ਯੋਜਨਾ ਤੋਂ ਲਾਭ ਉਠਾਇਆ ਹੈ ਅਤੇ ਉਨ੍ਹਾਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੰਦਾ ਹਾਂ। ਸਾਡੀਆਂ ਮਾਵਾਂ ਅਤੇ ਭੈਣਾਂ ਪਰਿਵਾਰ ਵਿੱਚ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਂਦੀਆਂ ਹਨ। ਇੱਕ ਔਰਤ ਹਰ ਤਰੀਕੇ ਨਾਲ ਪਰਿਵਾਰ ਦੀ ਦੇਖਭਾਲ ਕਰਦੀ ਹੈ, ਵੱਡੇ ਅਤੇ ਛੋਟੇ ਦੋਵੇਂ ਤਰ੍ਹਾਂ ਦੇ ਫੈਸਲੇ ਲੈਂਦੀ ਹੈ ਅਤੇ ਜਦੋਂ ਉਹ ਜ਼ਰੂਰੀ ਖਰਚਿਆਂ ਬਾਰੇ ਘੱਟ ਚਿੰਤਤ ਹੁੰਦੀਆਂ ਹਨ, ਤਾਂ ਉਨ੍ਹਾਂ ਦਾ ਆਤਮਵਿਸ਼ਵਾਸ ਹੋਰ ਵੀ ਵੱਧ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅੰਨਪੂਰਨਾ ਯੋਜਨਾ ਬੰਗਾਲ ਦੀਆਂ ਔਰਤਾਂ ਦੇ ਆਤਮਵਿਸ਼ਵਾਸ ਨੂੰ ਮਜ਼ਬੂਤ ??ਕਰਨ ਲਈ ਇੱਕ ਮਹੱਤਵਪੂਰਨ ਯਤਨ ਹੈ।

# ਦਿਸ਼ਾ ਸਲਿਆਨ ਦੇ ਪਿਤਾ ਨੇ ਆਦਿੱਤਿਆ ਠਾਕਰੇ ਤੇ ਅਨਿਲ ਦੇਸ਼ਮੁਖ ਨੂੰ ਭੇਜਿਆ 500 ਕਰੋੜ ਰੁਪਏ ਦਾ ਮਾਣਹਾਨੀ ਨੋਟਿਸ

**ਕੌਮੀ ਪਤ੍ਰਿਕਾ**

ਮੁੰਬਈ 22 ਸਤੰਬਰ। ਮਰਹੂਮ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਦੀ ਮੈਨੇਜਰ ਰਹਿ ਚੁੱਕੀ ਦਿਸ਼ਾ ਸਲਿਆਨ ਦੇ ਪਿਤਾ ਸਤੀਸ਼ ਸਲਿਆਨ ਨੇ ਆਪਣੀ ਧੀ ਦੀ ਮੌਤ ਸੰਬੰਧੀ ਦਿੱਤੇ ਗਏ ਕਥਿਤ ਬਿਆਨਾਂ ਨੂੰ ਲੈ ਕੇ ਸ਼ਿਵ ਸੈਨਾ (ਯੂ.ਬੀ.ਟੀ.) ਦੇ ਨੇਤਾ ਆਦਿੱਤਿਆ ਠਾਕਰੇ ਅਤੇ ਮਹਾਰਾਸ਼ਟਰ ਦੇ ਸਾਬਕਾ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਨੂੰ ?500 ਕਰੋੜ ਦਾ ਮਾਣਹਾਨੀ ਨੋਟਿਸ ਭੇਜਿਆ ਹੈ। ਨੋਟਿਸ ਵਿੱਚ, ਸਤੀਸ਼ ਸਲਿਆਨ ਨੇ ਦੋਵਾਂ ਨੇਤਾਵਾਂ ਤੋਂ 7 ਦਿਨਾਂ ਦੇ ਅੰਦਰ ਬਿਨਾਂ ਸ਼ਰਤ ਲਿਖਤੀ ਅਤੇ ਜਨਤਕ ਮੁਆਫ਼ੀ ਦੀ ਮੰਗ ਕੀਤੀ ਹੈ ਅਤੇ ਕਿਹਾ ਹੈ ਕਿ ਅਜਿਹਾ ਕਰਨ ਵਿੱਚ ਅਸਫਲ ਰਹਿਣ 'ਤੇ ਸਿਵਲ ਅਤੇ ਅਪਰਾਧਿਕ ਮਾਣਹਾਨੀ ਦੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਨੋਟਿਸ ਦੇ ਅਨੁਸਾਰ, ਸਲਿਆਨ ਦਾ ਦੋਸ਼ ਹੈ ਕਿ ਠਾਕਰੇ ਨੇ ਉਨ੍ਹਾਂ ਧੀ ਲਈ ਇਨਸਾਫ਼ ਦੀ ਮੰਗ ਕਰਨ ਦੀ ਉਨ੍ਹਾਂ ਦੀ ਮੁਹਿੰਮ ਨੂੰ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਦੱਸ ਕੇ ਉਨ੍ਹਾਂ ਗੀ ਸਾਖ ਨੂੰ ਢਾਹ ਲਗਾਉਣ ਦੀ ਕੋਸ਼ਿਸ਼ ਕੀਤੀ। ਨੋਟਿਸ ਵਿੱਚ ਕਿਹਾ ਗਿਆ ਹੈ ਕਿ ਇਹ ਬਿਆਨ ਉਸ ਦੁਖੀ ਪਿਤਾ ਦੀ ਇਮਾਨਦਾਰੀ ਅਤੇ ਇਰਾਦਿਆਂ 'ਤੇ ਸਵਾਲ ਖੜ੍ਹੇ ਕਰਦੇ ਹਨ, ਜੋ ਆਪਣੀ ਧੀ ਦੀ ਮੌਤ ਨਾਲ ਸਬੰਧਤ ਦੋਸ਼ਾਂ ਦੀ ਕਾਨੂੰਨੀ





ਜਾਂਚ ਦੀ ਮੰਗ ਕਰ ਰਿਹਾ ਹੈ। ਨੋਟਿਸ ਵਿੱਚ ਇਸ ਕਥਿਤ ਇਸ ਦਾਅਵੇ 'ਤੇ ਵੀ ਇਤਰਾਜ਼ ਜਤਾਇਆ ਗਿਆ ਹੈ ਕਿ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਪਹਿਲਾਂ ਹੀ ਮਾਮਲੇ ਦੀ ਜਾਂਚ ਕਰ ਚੁੱਕੀ ਹੈ ਅਤੇ ਠਾਕਰੇ ਨੂੰ ਕਲੀਨ ਚਿੱਟ ਦੇ ਚੁੱਕੀ ਹੈ। ਨੋਟਿਸ ਵਿੱਚ 2 ਸਤੰਬਰ ਨੂੰ ਬੰਬੇ ਹਾਈ ਕੋਰਟ ਵਿੱਚ ਹੋਈ ਕਾਰਵਾਈ ਦਾ ਹਵਾਲਾ ਦਿੱਤਾ ਗਿਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਸੀਬੀਆਈ ਨੇ ਸਪੱਸ਼ਟ ਕੀਤਾ ਸੀ ਕਿ ਉਸਨੇ ਪਹਿਲਾਂ ਇਸ ਮਾਮਲੇ ਦੀ ਜਾਂਚ ਨਹੀਂ ਕੀਤੀ ਸੀ। ਨੋਟਿਸ ਵਿੱਚ 23 ਮਾਰਚ 2025 ਨੂੰ ਅਨਿਲ ਦੇਸ਼ਮੁਖ ਦੇ ਕਥਿਤ ਬਿਆਨ ਦਾ ਵੀ ਜ਼ਿਕਰ ਕੀਤਾ ਗਿਆ ਹੈ, ਜਿਸ ਵਿੱਚ ਉਨ੍ਹਾਂ ਨੇ ਦਿਸ਼ਾ ਸਲਿਆਨ ਮਾਮਲੇ ਨੂੰ ਠਾਕਰੇ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਦੱਸਿਆ ਸੀ। ਸਲਿਆਨ ਨੇ ਪ੍ਰਮੁੱਖ ਪ੍ਰਿੰਟ, ਟੈਲੀਵਿਜ਼ਨ ਅਤੇ ਡਿਜੀਟਲ ਪਲੇਟਫਾਰਮਾਂ 'ਤੇ ਬਿਨਾਂ ਸ਼ਰਤ ਮੁਆਫ਼ੀ ਪ੍ਰਕਾਸ਼ਤ ਕਰਨ ਦੇ ਨਾਲ ਹੀ ਸਬੰਧਤ ਅਧਿਕਾਰਤ ਸੋਸ਼ਲ ਮੀਡੀਆ ਖਾਤਿਆਂ 'ਤੇ ਘੱਟੋ-ਘੱਟ 3 ਮਿੰਟ ਦਾ ਵੀਡੀਓ ਜਾਰੀ ਕਰਕੇ ਮਾਫੀ ਮੰਗਣ ਦੀ ਮੰਗ ਕੀਤੀ ਹੈ। ਇਹ ਨੋਟਿਸ ਸੀਬੀਆਈ ਵੱਲੋਂ 14 ਸਤੰਬਰ ਨੂੰ FIR ਦਰਜ ਕਰਨ ਤੋਂ ਕੁਝ ਦਿਨ ਬਾਅਦ ਆਇਆ ਹੈ।

## ਨਾਸਿਕ 'ਚ ਆਵਾਰਾ ਕੁੱਤਿਆਂ ਦੀ ਦਹਿਸ਼ਤ ! ਗੁੱਸੇ 'ਚ ਆਏ ਲੋਕਾਂ ਨੇ ਅਧਿਕਾਰੀ ਦੇ ਮੇਜ਼ 'ਤੇ ਲਿਜਾ ਕੇ...

ਨਾਸਿਕ 22 ਸਤੰਬਰ। ਮਹਾਰਾਸ਼ਟਰ ਦੇ ਨਾਸਿਕ ਜ਼ਿਲ੍ਹੇ ਵਿੱਚ ਆਵਾਰਾ ਕੁੱਤਿਆਂ ਦੇ ਵਧ ਰਹੇ ਖਤਰੇ ਨੂੰ ਉਜਾਗਰ ਕਰਨ ਲਈ ਪ੍ਰਦਰਸ਼ਨਕਾਰੀਆਂ ਦੇ ਇੱਕ ਸਮੂਹ ਨੇ ਇੱਕ ਨਗਰ ਨਿਗਮ ਅਧਿਕਾਰੀ ਦੇ ਮੇਜ਼ 'ਤੇ ਅਵਾਰਾ ਕੁੱਤਿਆਂ ਨੂੰ ਛੱਡ ਦਿੱਤਾ। ਅਧਿਕਾਰੀਆਂ ਨੇ ਇਸ ਦੀ ਜਾਣਕਾਰੀ ਦਿੱਤੀ। ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਗਾਇਆ ਕਿ ਪ੍ਰਸ਼ਾਸਨ ਨਿਫਾੜ ਨਗਰ ਪੰਚਾਇਤ ਖੇਤਰ ਵਿੱਚ ਇਸ ਸਮੱਸਿਆ ਬਾਰੇ ਕੋਈ ਕਾਰਵਾਈ ਨਹੀਂ ਕਰ ਰਿਹਾ ਹੈ। ਸ਼ਿਵ ਸੈਨਾ ("2") ਦੀ ਯੁਵਾ ਸ਼ਾਖਾ ਯੁਵਾ ਸੈਨਾ ("2") ਦੇ ਮੈਂਬਰਾਂ ਨੇ ਬੁੱਧਵਾਰ ਨੂੰ ਇਹ ਵਿਰੋਧ ਪ੍ਰਦਰਸ਼ਨ ਕੀਤਾ। ਯੁਵਾ ਸੈਨਾ (ਯੂਬੀਟੀ) ਦੇ ਕੁਝ ਮੈਂਬਰ ਦੋ ਬੋਰੀਆਂ ਲੈ ਕੇ ਨਿਫਾੜ ਨਗਰ ਪੰਚਾਇਤ ਦੇ ਮੁੱਖ ਅਧਿਕਾਰੀ ਧੀਰਜ ਭਾਮਰੇ ਦੇ ਦਫ਼ਤਰ ਪਹੁੰਚ ਗਏ। ਜਦੋਂ ਉਨ੍ਹਾਂ ਨੇ ਦਫ਼ਤਰ ਵਿਚ ਪਹੁੰਚ ਕੇ ਬੋਰੀਆਂ ਖੋਲ੍ਹੀਆਂ ਤਾਂ ਉਨ੍ਹਾਂ ਵਿੱਚੋਂ ਅਵਾਰਾ ਕੁੱਤੇ ਨਿਕਲੇ, ਜੋ ਉਨ੍ਹਾਂ ਨੇ ਅਧਿਕਾਰੀ ਦੇ ਮੇਜ਼ 'ਤੇ ਰੱਖ ਦਿੱਤੇ। ਪ੍ਰਦਰਸ਼ਨਕਾਰੀਆਂ ਦਾ ਦੋਸ਼ ਹੈ ਕਿ ਵਾਰ-ਵਾਰ ਬੇਨਤੀਆਂ ਕਰਨ ਦੇ ਬਾਵਜੂਦ ਅਧਿਕਾਰੀ ਆਵਾਰਾ ਕੁੱਤਿਆਂ ਦੀ ਸਮੱਸਿਆ ਨੂੰ ਕੰਟਰੋਲ ਕਰਨ ਲਈ ਕੋਈ ਕਦਮ ਨਹੀਂ ਚੁੱਕ ਰਹੇ ਹਨ।

# ਕੇਜਰੀਵਾਲ ਨੇ ਭਾਜਪਾ 'ਤੇ ਨਿਸ਼ਾਨਾ ਸਾਧਿਆ, ਕਿਹਾ- ਨਸ਼ਿਆਂ ਖ਼ਿਲਾਫ਼ ਲੜਾਈ ਦੀ ਸ਼ੁਰੂਆਤ ਪੰਜਾਬ ਤੋਂ ਨਹੀਂ, ਮੁੰਦਰਾ ਬੰਦਰਗਾਹ ਤੋਂ ਹੋਣੀ ਚਾਹੀਦੀ

**ਕੌਮੀ ਪਤ੍ਰਿਕਾ**
**ਨਵਦੀਪ ਸਿੰਘ ਸਾਹਨੀ**

ਚੰਡੀਗੜ੍ਹ 22 ਸਤੰਬਰ। ਪੰਜਾਬ ਵਿੱਚ ਨਸ਼ਿਆਂ ਦੇ ਮੁੱਦੇ ਨੂੰ ਲੈ ਕੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਭਾਜਪਾ 'ਤੇ ਨਿਸ਼ਾਨਾ ਸਾਧਿਆ ਹੈ। ਕੇਜਰੀਵਾਲ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਦੀ ਪੋਸਟ ਨੂੰ ਰੀਪੋਸਟ ਕਰਦਿਆਂ ਕਿਹਾ ਕਿ ਜੇਕਰ ਪੰਜਾਬ ਦੀ ਰੱਤੀ ਭਰ ਵੀ ਚਿੰਤਾ ਹੈ ਤਾਂ ਗੁਜਰਾਤ ਤੋਂ ਆਉਣ ਵਾਲੇ ਨਸ਼ਿਆਂ ਨੂੰ ਰੋਕਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਖ਼?ਲਾਫ਼ ਲੜਾਈ ਦੀ ਸ਼ੁਰੂਆਤ ਪੰਜਾਬ ਦੀ ਧਰਤੀ ਤੋਂ ਨਹੀਂ, ਸਗੋਂ ਮੁੰਦਰਾ ਬੰਦਰਗਾਹ ਤੋਂ ਹੋਣੀ ਚਾਹੀਦੀ ਹੈ। ਕੇਜਰੀਵਾਲ ਨੇ ਨਿਤਿਨ ਨਬੀਨ ਦੀ ਉਸ ਪੋਸਟ 'ਤੇ ਪ੍ਰਤੀਕਿਰਿਆ ਦਿੱਤੀ, ਜਿਸ ਵਿੱਚ ਪ੍ਰਧਾਨ ਮੰਤਰੀ ਦੇ ਹਵਾਲੇ ਨਾਲ ਪੰਜਾਬ ਦੇ ਨੌਜਵਾਨਾਂ ਅਤੇ ਭਵਿੱਖ ਨੂੰ ਨਸ਼ਿਆਂ ਤੋਂ ਬਚਾਉਣ ਦੀ ਗੱਲ ਕਹੀ ਗਈ ਸੀ। ਕੇਜਰੀਵਾਲ ਨੇ ਲਿਖਿਆ ਕਿ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਸੁਨੇਹਾ ਦਿੱਤਾ ਸੀ ਕਿ ਨਸ਼ਿਆਂ ਖ਼?ਲਾਫ਼ ਇਸ ਲੜਾਈ ਦੀ ਸ਼ੁਰੂਆਤ ਪੰਜਾਬ ਦੀ ਧਰਤੀ ਤੋਂ ਹੋਣੀ ਚਾਹੀਦੀ ਹੈ, ਕਿਉਂਕਿ ਪੰਜਾਬ ਦਾ ਨੌਜਵਾਨ



ਅਤੇ ਪੰਜਾਬ ਦਾ ਭਵਿੱਖ ਖ਼ਤਰੇ ਵਿੱਚ ਹੈ। ਇਸ ਦੇ ਜਵਾਬ ਵਿੱਚ ਕੇਜਰੀਵਾਲ ਨੇ ਸਵਾਲ ਚੁੱਕਦਿਆਂ ਕਿਹਾ ਕਿ ਜੇਕਰ ਪੰਜਾਬ ਦੇ ਨੌਜਵਾਨਾਂ ਅਤੇ ਭਵਿੱਖ ਦੀ ਸੱਚਮੁੱਚ ਚਿੰਤਾ ਹੈ ਤਾਂ ਨਸ਼ਿਆਂ ਦੀ ਸਪਲਾਈ ਦੇ ਸਰੋਤਾਂ ਅਤੇ ਰਸਤਿਆਂ 'ਤੇ ਵੀ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਖ਼ਾਸ ਤੌਰ 'ਤੇ ਗੁਜਰਾਤ ਦੇ ਮੁੰਦਰਾ ਬੰਦਰਗਾਹ ਦਾ ਜ਼ਿਕਰ ਕਰਦਿਆਂ ਕਿਹਾ ਕਿ ਨਸ਼ਿਆਂ ਖ਼?ਲਾਫ਼ ਲੜਾਈ ਦੀ ਸ਼ੁਰੂਆਤ ਉੱਥੋਂ ਹੋਣੀ ਚਾਹੀਦੀ ਹੈ। ਪੰਜਾਬ ਵਿੱਚ ਨਸ਼ਿਆਂ ਖ਼?ਲਾਫ਼ ਕਾਰਵਾਈ ਨੂੰ ਲੈ ਕੇ ਪਿਛਲੇ ਕੁਝ ਸਮੇਂ ਤੋਂ ਸਿਆਸੀ ਪਾਰਟੀਆਂ ਵਿਚਕਾਰ ਦੋਸ਼-ਪ੍ਰਤੀਦੋਸ਼ ਤੇਜ਼ ਹੋ ਗਏ ਹਨ। ਭਾਜਪਾ ਜਿੱਥੇ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਨੂੰ ਲੈ ਕੇ ਸੂਬਾ ਸਰਕਾਰ ਨੂੰ ਘੇਰ ਰਹੀ ਹੈ, ਉੱਥੇ ਹੀ ਆਪ ਆਗੂ ਕੇਂਦਰ ਅਤੇ ਭਾਜਪਾ ਸ਼ਾਸਿਤ ਸੂਬਿਆਂ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਰੋਕਣ ਲਈ ਕਾਰਵਾਈ ਦਾ ਮੁੱਦਾ ਚੁੱਕ ਰਹੇ ਹਨ। ਕੇਜਰੀਵਾਲ ਦੀ ਇਹ ਟਿੱਪਣੀ ਉਸ ਸਮੇਂ ਆਈ ਹੈ, ਜਦੋਂ ਭਾਜਪਾ ਵੱਲੋਂ ਪੰਜਾਬ ਵਿੱਚ ਨਸ਼ਾ ਮੁਕਤੀ ਨੂੰ ਲੈ ਕੇ ਮੁਹਿੰਮ ਚਲਾਈ ਜਾ ਰਹੀ ਹੈ। ਭਾਜਪਾ ਆਗੂਆਂ ਵੱਲੋਂ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਨੂੰ ਪ੍ਰਮੁੱਖ ਸਿਆਸੀ ਮੁੱਦਾ ਬਣਾਇਆ ਜਾ ਰਿਹਾ ਹੈ। ਇਸ ਦੇ ਜਵਾਬ ਵਿੱਚ ਆਪ ਵੱਲੋਂ ਨਸ਼ਿਆਂ ਦੇ ਸਪਲਾਈ ਨੈੱਟਵਰਕ ਅਤੇ ਸੂਬੇ ਤੋਂ ਬਾਹਰੋਂ ਆਉਣ ਵਾਲੇ ਨਸ਼ੀਲੇ ਪਦਾਰਥਾਂ 'ਤੇ ਕਾਰਵਾਈ ਦਾ ਸਵਾਲ ਚੁੱਕਿਆ ਜਾ ਰਿਹਾ ਹੈ। ਕੇਜਰੀਵਾਲ ਦੇ ਬਿਆਨ ਤੋਂ ਸਪੱਸ਼ਟ ਹੈ ਕਿ ਆਪ ਪੰਜਾਬ ਵਿੱਚ ਨਸ਼ਿਆਂ ਦੇ ਮੁੱਦੇ 'ਤੇ ਸਿਆਸੀ ਬਹਿਸ ਨੂੰ ਸਿਰਫ਼ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਤੱਕ ਸੀਮਤ ਰੱਖਣ ਦੀ ਬਜਾਏ ਨਸ਼ੀਲੇ ਪਦਾਰਥਾਂ ਦੀ ਸਪਲਾਈ ਅਤੇ ਉਨ੍ਹਾਂ ਦੇ ਦਾਖ਼ਲੇ ਦੇ ਰਸਤਿਆਂ ਵੱਲ ਲਿਜਾਣਾ ਚਾਹੁੰਦੀ ਹੈ। ਉਨ੍ਹਾਂ ਨੇ ਆਪਣੀ ਪੋਸਟ ਵਿੱਚ ਮੁੰਦਰਾ ਬੰਦਰਗਾਹ ਨੂੰ ਲੈ ਕੇ ਕੇਂਦਰ ਤੋਂ ਕਾਰਵਾਈ ਦੀ ਮੰਗ ਕੀਤੀ ਹੈ।

## 'ਨਕਲੀ ਸਾਮਾਨ ਦੀ ਸਮੱਗਲਿੰਗ ਰੋਕਣ ਲਈ ਏਜੰਸੀਆਂ ਨਾਲ ਸੂਚਨਾ ਸਾਂਝੀ ਕਰਨ ਕੰਪਨੀਆਂ'

ਬਿਜ਼ਨੈੱਸ ਡੈਸਕ 22 ਸਤੰਬਰ। ਸੈਂਟਰਲ ਬੋਰਡ ਆਫ ਇਨਡਾਇਰੈਕਟ ਟੈਕਸਿਜ਼ ਐਂਡ ਕਸਟਮਜ਼ (ਸੀ. ਬੀ. ਆਈ. ਸੀ.) ਦੇ ਚੇਅਰਮੈਨ ਵਿਵੇਕ ਚਤੁਰਵੇਦੀ ਨੇ ਕੰਪਨੀਆਂ ਤੋਂ ਨਕਲੀ ਸਾਮਾਨ ਦੀ ਸਮੱਗਲਿੰਗ ਨਾਲ ਜੁੜੀ ਜਾਣਕਾਰੀ ਇਨਫੋਰਸਮੈਂਟ ਏਜੰਸੀਆਂ ਨਾਲ ਸਾਂਝੀ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਉਦਯੋਗ ਅਤੇ ਕਸਟਮ ਵਿਭਾਗ ਵਿਚਾਲੇ ਬਿਹਤਰ ਸੂਚਨਾ ਸਾਂਝੇਦਾਰੀ ਨਾਲ ਸ਼ੱਕੀ ਖੇਪ, ਸਮੱਗਲਿੰਗ ਦੇ ਨਵੇਂ ਮਾਰਗਾਂ ਅਤੇ ਅਪਰਾਧ ਦੇ ਬਦਲਦੇ ਤਰੀਕਿਆਂ ਦੀ ਪਛਾਣ 'ਚ ਮਦਦ ਮਿਲੇਗੀ। ਫਿੱਕੀ-ਕੈਸਕੇਡ ਦੇ 'ਮੈਸਕ੍ਰੇਡ 2026' ਪ੍ਰੋਗਰਾਮ 'ਚ ਚਤੁਰਵੇਦੀ ਨੇ ਕਿਹਾ ਕਿ ਨਕਲੀ ਸਿਗਰਟ, ਬਿਊਟੀ ਪ੍ਰੋਡਕਟ, ਦਵਾਈਆਂ, ਖਿਡੌਣੇ ਅਤੇ ਇਲੈਕਟ?ਰਾਨਿਕ ਸਾਮਾਨ ਖਪਤਕਾਰਾਂ ਦੀ ਸਿਹਤ ਅਤੇ ਸੁਰੱਖਿਆ ਲਈ ਗੰਭੀਰ ਜੋਖਮ ਪੈਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਦੇ ਕਾਰੋਬਾਰ ਤੋਂ ਹੋਣ ਵਾਲੀ ਆਮਦਨ ਦੀ ਵਰਤੋਂ ਸੰਗਠਿਤ ਅਪਰਾਧ ਅਤੇ ਅੱਤਵਾਦ ਦੀ ਫੰਡਿੰਗ 'ਚ ਵੀ ਕੀਤੀ ਜਾ ਸਕਦੀ ਹੈ। ਸੀ. ਬੀ. ਆਈ. ਸੀ. ਉੱਚ ਜੋਖਮ ਵਾਲੇ ਮਾਲ ਦੀ ਪਛਾਣ ਲਈ ਡਾਟਾ ਵਿਸ਼ਲੇਸ਼ਣ, ਜੋਖਮ ਪ੍ਰਬੰਧਨ, ਆਟੋਮੈਟਿਕ ਜਾਂਚ ਅਤੇ ਖੁਫੀਆ ਜਾਣਕਾਰੀ ਆਧਾਰਿਤ ਕਾਰਵਾਈ ਨੂੰ ਮਜ਼ਬੂਤ ਕਰ ਰਿਹਾ ਹੈ।

## ਦਿੱਲੀ 'ਚ ਖਿਡੌਣਾ ਪਿਸਤੌਲ ਨਾਲ ਲੁੱਟ ਲਿਆ 1.5 ਕਰੋੜ ! ਲੁਧਿਆਣਾ ਦੇ ਰਿੰਕੂ ਸਣੇ 5 ਗ੍ਰਿਫ਼ਤਾਰ

ਨੈਸ਼ਨਲ ਡੈਸਕ 22 ਸਤੰਬਰ। ਰਾਜਧਾਨੀ ਦਿੱਲੀ ਤੋਂ ਇਕ ਹੈਰਾਨ ਕਰਨ ਵਾਲੀ ਖ਼ਬਰ ਸਾਹਮਣੇ ਆਈ ਹੈ, ਜਿੱਥੋਂ ਦੇ ਗੀਤਾ ਕਾਲੋਨੀ ਫਲਾਈਓਵਰ ਨੇੜੇ 1.5 ਕਰੋੜ ਰੁਪਏ ਦੀ ਹੋਈ ਵੱਡੀ ਲੁੱਟ ਦੇ ਮਾਮਲੇ ਵਿੱਚ ਪੁਲਸ ਨੇ ਲੁਧਿਆਣਾ ਦੇ ਰਹਿਣ ਵਾਲੇ ਮਾਸਟਰਮਾਈਂਡ ਸਮੇਤ ਗਿਰੋਹ ਦੇ 5 ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਸ ਨੇ ਮੁਲਜ਼ਮਾਂ ਕੋਲੋਂ ਲਗਭਗ 1 ਕਰੋੜ ਰੁਪਏ ਨਕਦ, ਇੱਕ ਮੋਟਰਸਾਈਕਲ ਅਤੇ ਲੁੱਟ ਦੀ ਰਕਮ ਨਾਲ ਖਰੀਦਿਆ ਮੋਬਾਈਲ ਫ਼ੋਨ ਬਰਾਮਦ ਕੀਤਾ ਹੈ। ਇਹ ਵਾਰਦਾਤ 7 ਸਤੰਬਰ ਨੂੰ ਹੋਈ ਸੀ, ਜਦੋਂ ਚਾਂਦਨੀ ਚੌਕ ਤੋਂ ਦੋ ਵਿਅਕਤੀ ਨਕਦੀ ਲੈ ਕੇ ਸਫ਼ਦਰਜੰਗ ਵੱਲ ਜਾ ਰਹੇ ਸੀ। ਇਸ ਦੌਰਾਨ ਗੀਤਾ ਕਾਲੋਨੀ ਫਲਾਈਓਵਰ ਨੇੜੇ ਤਿੰਨ ਅਣਪਛਾਤੇ ਵਿਅਕਤੀਆਂ ਨੇ ਪਿਸਤੌਲ ਦਿਖਾ ਕੇ ਉਨ੍ਹਾਂ ਤੋਂ 1.5 ਕਰੋੜ ਰੁਪਏ ਦੀ ਨਕਦੀ ਲੁੱਟ ਲਈ ਅਤੇ ਫ਼ਰਾਰ ਹੋ ਗਏ। ਜੁਆਇੰਟ ਸੀ.ਪੀ. ਮਧੁਰ ਵਰਮਾ ਅਤੇ ਡੀ.ਸੀ.ਪੀ. ਰੋਹਿਤ ਰਾਜਵੀਰ ਸਿੰਘ ਨੇ ਦੱਸਿਆ ਕਿ ਵਾਰਦਾਤ ਵਿੱਚ ਟੌਏ ਲਾਈਟਰ ਪਿਸਤੌਲ ਦੀ ਵਰਤੋਂ ਕੀਤੀ ਗਈ ਸੀ। ਅਧਿਕਾਰੀ ਨੇ ਅੱਗੇ ਦੱਸਿਆ ਕਿ ਮਾਮਲੇ ਦਾ ਮਾਸਟਰਮਾਈਂਡ 27 ਸਾਲਾ ਰਿੰਕੂ ਹੈ, ਜੋ ਲੁਧਿਆਣਾ ਦਾ ਰਹਿਣ ਵਾਲਾ ਹੈ। ਰਿੰਕੂ ਨੂੰ ਪੁਲਸ ਨੇ ਲੁਧਿਆਣਾ ਤੋਂ ਗ੍ਰਿਫ਼ਤਾਰ ਕੀਤਾ ਹੈ। ਉਹ ਪਹਿਲਾਂ ਕਰੋਲ ਬਾਗ 'ਚ ਅਕਾਊਂਟੈਂਟ ਵਜੋਂ ਕੰਮ ਕਰਦਾ ਸੀ। ਨੌਕਰੀ ਛੁੱਟਣ ਤੋਂ ਬਾਅਦ ਉਸ ਨੇ ਚਾਂਦਨੀ ਚੌਕ 'ਚ ਹੋਣ ਵਾਲੀ ਨਕਦੀ ਦੀ ਹੇਰ-ਫੇਰ ਅਤੇ ਆਵਾਜਾਈ 'ਤੇ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ ਸੀ। ਇਸੇ ਦੌਰਾਨ ਉਸ ਨੇ ਇਸ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਸੀ। ਲੁੱਟ ਤੋਂ ਬਾਅਦ ਮੁਲਜ਼ਮਾਂ ਨੇ ਉੱਤਮ ਨਗਰ 'ਚ ਕਿਰਾਏ 'ਤੇ ਲਏ ਕਮਰੇ 'ਚ ਪੈਸੇ ਵੰਡੇ ਸੀ। ਫਿਲਾਹਲ ਪੁਲਸ ਨੇ ਇਸ ਗਿਰੋਹ ਦੇ 6 ਮੈਂਬਰਾਂ 'ਚੋਂ 5 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਦਕਿ ਇੱਕ ਮੁਲਜ਼ਮ ਹਾਲੇ ਫ਼ਰਾਰ ਹੈ।

# ਨਕਲੀ ਦਵਾਈਆਂ ਦੇ ਨੈੱਟਵਰਕ ਖ਼ਿਲਾਫ਼ ਕੌਮੀ ਢਾਂਚਾ ਬਣਾਉਣ 'ਤੇ ਜ਼ੋਰ, ਉਤਪਾਦਨ ਤੇ ਵਿਕਰੀ 'ਤੇ ਰੋਕ ਲਾਉਣ ਲਈ ਸੁਪਰੀਮ ਕੋਰਟ 'ਚ ਜਨਹਿੱਤ ਪਟੀਸ਼ਨ ਦਾਇਰ

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 22 ਸਤੰਬਰ। ਸੁਪਰੀਮ ਕੋਰਟ ਵਿਚ ਇਕ ਜਨਹਿੱਤ ਪਟੀਸ਼ਨ ਦਾਇਰ ਕਰ ਕੇ ਵੈਕਸੀਨ ਅਤੇ ਕਫ ਸਿਰਪ ਸਮੇਤ ਨਕਲੀ ਤੇ ਮਿਲਾਵਟੀ ਦਵਾਈਆਂ ਦੇ ਉਤਪਾਦਨ ਤੇ ਵਿਕਰੀ 'ਤੇ ਰੋਕ ਲਗਾਉਣ ਲਈ ਕੌਮੀ ਪੱਧਰ ਦੇ ਢਾਂਚੇ ਦੀ ਮੰਗ ਕੀਤੀ ਗਈ ਹੈ। ਇਹ ਜਨਹਿੱਤ ਪਟੀਸ਼ਨ ਵਕੀਲ ਅਸ਼ਵਨੀ ਉਪਾਧਿਆਏ ਵੱਲੋਂ ਦਾਇਰ ਕੀਤੀ ਗਈ, ਜਿਸ ਵਿਚ ਸਿਹਤ ਅਤੇ ਪਰਿਵਾਰ ਭਲਾਈ, ਕਾਨੂੰਨ, ਨਿਆਂ, ਇਸਤਰੀ ਤੇ ਬਾਲ ਵਿਕਾਸ ਮੰਤਰੀਆਂ ਤੋਂ ਇਲਾਵਾ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਤੇ ਕਾਨੂੰਨ ਕਮਿਸ਼ਨ ਨੂੰ ਧਿਰ ਬਣਾਇਆ ਗਿਆ ਹੈ। ਅਸ਼ਵਨੀ ਕੁਮਾਰ ਦੂਬੇ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ ਵਿਚ ਕੇਂਦਰ ਅਤੇ ਸੂਬਿਆਂ ਤੋਂ ਨਕਲੀ ਦਵਾਈਆਂ ਦੇ ਮਾਮਲਿਆਂ ਦੀ ਜਾਂਚ ਤਿੰਨ ਮਹੀਨਿਆਂ ਵਿਚ ਮੁਕੰਮਲ ਕਰਨ ਅਤੇ ਇਕ ਸਾਲ ਵਿਚ ਮੁਕੱਦਮਾ ਮੁਕੰਮਲ ਕਰਨ ਲਈ ਹੁਕਮ ਦੇਣ ਦੀ ਮੰਗ ਕੀਤੀ ਗਈ ਹੈ। ਇਸ ਵਿਚ ਜ਼ਬਤੀ ਅਤੇ ਨਮੂਨਾ ਲੈਣ ਲਈ ਮਿਆਰੀ ਕਾਰਵਾਈਆਂ, ਜ਼ਬਤ ਕੀਤੀਆਂ ਗਈਆਂ ਦਵਾਈਆਂ ਦੀ ਸਮਾਂ-ਬੱਧ ਫੋਰੈਂਸਿਕ ਜਾਂਚ ਅਤੇ ਜਾਂਚ



ਕਾਰਵਾਈਆਂ ਦੀ ਲਾਜ਼ਮੀ ਡਿਜੀਟਲ ਰਿਕਾਰਡਿੰਗ ਤੇ ਵੀਡੀਓਗ੍ਰਾਫੀ ਕਰਨ ਦੀ ਮੰਗ ਕੀਤੀ ਗਈ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਮਿਲਾਵਟੀ ਤੇ ਨਕਲੀ ਤਰਲ ਤੇ ਦਵਾਈਆਂ ਦੇ ਮਾਮਲਿਆਂ ਵਿਚ ਕੋਈ ਮਿਆਰੀ ਜਾਂਚ, ਸਮਾਂ-ਬੱਧ ਟ?ਰਾਇਲ ਤੇ ਸਜ਼ਾ ਨੀਤੀ ਨਹੀਂ ਹੈ। 1940 ਤੋਂ ਡਰੱਗਜ਼ ਅਤੇ ਕਾਸਮੈਟਿਕਸ ਕਾਨੂੰਨ ਲਾਗੂ ਹੋਣ ਦੇ ਬਾਵਜੂਦ ਨਕਲੀ ਦਵਾਈਆਂ, ਸਿਰਪ, ਇੰਜੈਕਸ਼ਨ ਤੇ ਵੈਕਸੀਨ ਦੀ ਵਿਕਰੀ ਤੇ ਉਤਪਾਦਨ ਵਿਚ ਵਾਧਾ ਜਾਰੀ ਹੈ। ਇਸ ਵਿਚ ਕੇਂਦਰ ਅਤੇ ਸੂਬਿਆਂ ਨੂੰ 'ਜ਼ਬਤੀ, ਨਮੂਨਾ ਲੈਣ ਅਤੇ ਸੂਚੀਬੱਧ ਕਰਨ ਦੀ ਕਾਰਵਾਈਆਂ ਦੀ ਲਾਜ਼ਮੀ ਡਿਜੀਟਲ ਰਿਕਾਰਡਿੰਗ ਤੇ ਵੀਡੀਓਗ੍ਰਾਫੀ ਕਰਨ' ਦਾ ਹੁਕਮ ਦੇਣ ਦੀ ਵੀ ਮੰਗ ਕੀਤੀ ਗਈ ਹੈ। ਪਟੀਸ਼ਨ ਵਿਚ ਕੇਂਦਰ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਨਕਲੀ ਦਵਾਈਆਂ ਦੇ ਬਣਾਉਣ ਵਾਲਿਆਂ ਤੇ ਦੁਕਾਨਦਾਰਾਂ ਲਈ ਸਖ਼ਤ, ਅਨੁਪਾਤਕ ਸਜ਼ਾ ਯਕੀਨੀ ਬਣਾਉਣ ਲਈ ਗ੍ਰੇਡਿਡ ਸਜ਼ਾ ਨੀਤੀ ਤਿਆਰ ਕਰੇ। ਇਸ ਵਿਚ ਕਿਹਾ ਗਿਆ ਹੈ ਕਿ ਮੁਲਕ ਦੇ ਕਾਨੂੰਨੀ ਕਮਿਸ਼ਨ ਨੂੰ ਹੁਕਮ ਦਿੱਤਾ ਜਾਵੇ ਕਿ ਉਹ ਮੌਜੂਦਾ ਕਾਨੂੰਨਾਂ ਵਿਚ ਜ਼ਰੂਰੀ ਤਬਦੀਲੀਆਂ ਦਾ ਸੁਝਾਅ ਦੇਣ ਲਈ ਰਿਪੋਰਟ ਤਿਆਰ ਕਰੇ ਤਾਂ ਜੋ ਨਕਲੀ ਦਵਾਈਆਂ ਦੀ ਰੋਕਥਾਮ ਕੀਤੀ ਜਾ ਸਕੇ।



# ਜਲੰਧਰ 'ਚ ਦੋ ਕਾਰਾਂ ਦੀ ਟੱਕਰ ਮਗਰੋਂ ਵਪਾਰੀ ਦੇ 6 ਲੱਖ ਰੁਪਏ ਹੋਏ ਗਾਇਬ

**ਕੌਮੀ ਪਤ੍ਰਿਕਾ**

ਜਲੰਧਰ 22 ਸਤੰਬਰ। ਗੁਰੂ ਨਾਨਕ ਮਿਸ਼ਨ ਚੌਕ ਅਤੇ ਆਕਸਫੋਰਡ ਹਸਪਤਾਲ ਦੇ ਸਾਹਮਣੇ ਦੇਰ ਰਾਤ ਕਰੀਬ 11 ਵਜੇ ਉਨ੍ਹਾਂ ਦੀ ਥਾਰ ਦੇ ਅੱਗੇ ਚੱਲ ਰਹੀ ਵੈਗਨਆਰ ਕਾਰ ਨਾਲ ਟੱਕਰ ਹੋ ਗਈ। ਇਸ ਦੌਰਾਨ ਕਾਰੋਬਾਰੀ ਦੀ ਥਾਰ ਵਿਚੋਂ ਕਰੀਬ 6 ਲੱਖ ਰੁਪਏ ਗਾਇਬ ਹੋ ਗਏ। ਉਥੇ ਹੀ ਇਸ ਮਾਮਲੇ ਵਿਚ ਏ.ਸੀ.ਪੀ. ਮਨਮੋਹਨ ਸਿੰਘ ਨੇ ਕਿਹਾ ਕਿ ਥਾਣਾ ਡਿਵੀਜ਼ਨ ਨੰਬਰ-6 ਦੇ ਅਧੀਨ ਆਉਂਦੇ ਸ਼?ਰੀ ਗੁਰੂ ਨਾਨਕ ਮਿਸ਼ਨ ਚੌਕ ਦੇ ਕੋਲ ਇਕ ਦੁਕਨਾਦਾਰ ਦੀ ਕਾਰ ਵਿਚੋਂ ਪੈਸੇ ਨਿਕਲਣ ਦੇ ਮਾਮਲੇ 'ਚ ਪੁਲਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਏ. ਸੀ. ਪੀ. ਨੇ ਦੱਸਿਆ ਕਿ ਪੀੜਤ ਮੁਤਾਬਕ ਵਿਸ਼ਾਲ ਕੁੰਦਰਾ ਸ਼੍ਰੀ ਗੁਰੂ ਨਾਨਕ ਮਿਸ਼ਨ ਚੌਕ ਤੋਂ ਡਾ. ਬੀ. ਆਰ. ਅੰਬੇਡਕਰ ਚੌਕ ਜਾ ਰਿਹਾ ਸੀ। ਉਸ ਦੀ ਕਾਰ ਇਕ ਹੋਰ ਕਾਰ ਨਾਲ ਟਕਰਾ ਗਈ। ਟੱਕਰ ਤੋਂ ਬਾਅਦ ਦੂਜੀ ਕਾਰ ਵਿਚ ਸਵਾਰ ਵਿਅਕਤੀਆਂ ਨੇ ਉਸ ਨਾਲ ਬਹਿਸਬਾਜ਼ੀ ਕੀਤੀ ਅਤੇ ਉਸ ਦੀ ਕਾਰ ਦੀਆਂ ਚਾਬੀਆਂ ਸੁੱਟ ਦਿੱਤੀਆਂ। ਸ਼ਿਕਾਇਤ ਕਰਤਾ



ਮੁਤਾਬਕ ਇਸ ਸਮੇਂ ਦੌਰਾਨ ਉਕਤ ਵਿਅਕਤੀਆਂ ਨੇ ਉਸ ਦੀ ਕਾਰ ਵਿੱਚ ਇਕ ਬੈਗ ਵਿੱਚੋਂ ਪੈਸੇ ਕੱਢੇ ਅਤੇ ਮੌਕੇ ਤੋਂ ਭੱਜ ਗਏ। ਘਟਨਾ ਦੀ ਗੰਭੀਰਤਾ ਨੂੰ ਵੇਖਦੇ ਹੋਏ ਟੀਮਾਂ ਬਣਾਈਆਂ ਗਈਆਂ ਹਨ। ਇਲਾਕੇ ਤੋਂ ਸੀ. ਸੀ. ਟੀ. ਵੀ. ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਤਕਨੀਕੀ ਤਰੀਕਿਆਂ ਅਤੇ ਮਨੁੱਖੀ ਸਰੋਤਾਂ ਦੀ ਵਰਤੋਂ ਕਰਕੇ ਜਾਂਚ ਕੀਤੀ ਜਾ ਰਹੀ ਹੈ। ਪੁਲਸ ਟੀਮਾਂ ਦੋਸ਼ੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਦਾ ਪਤਾ ਲਗਾਉਣ ਲਈ ਲਗਾਤਾਰ ਯਤਨ ਕਰ ਰਹੀਆਂ ਹਨ। ਇਕ ਵਾਰ ਦੋਸ਼ੀਆਂ ਦੀ ਪਛਾਣ ਹੋ ਜਾਣ 'ਤੇ ਅੱਗੇ ਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਬਸਤੀ ਗੁਜਾਂ ਦਾ ਰਹਿਣ ਵਾਲਾ ਵਿਸ਼ਾਲ ਸ਼ਾਸਤਰੀ ਗੈਸ ਚੁੱਲ੍ਹਿਆਂ ਦਾ ਹੋਲਸੇਲ ਵਪਾਰੀ ਹੈ। ਕਾਰੋਬਾਰੀ ਨੇ ਦੱਸਿਆ ਕਿ ਉਸ ਦੀ ਥਾਰ ਗੁਰੂ ਨਾਨਕ ਮਿਸ਼ਨ ਚੌਕ ਅਤੇ ਆਕਸਫੋਰਡ ਹਸਪਤਾਲ ਦੇ ਵਿਚਕਾਰ ਰਾਤ 11 ਵਜੇ ਦੇ ਕਰੀਬ ਉਸ ਦੇ ਸਾਹਮਣੇ ਜਾ ਰਹੀ ਵੈਗਨਆਰ ਕਾਰ ਨਾਲ ਟਕਰਾ ਗਈ। ਹਾਦਸੇ ਤੋਂ ਬਾਅਦ ਤਿੰਨ ਨੌਜਵਾਨ ਵੈਗਨਆਰ ਵਿੱਚੋਂ ਬਾਹਰ ਨਿਕਲੇ ਅਤੇ ਉਸ ਨਾਲ ਬਹਿਸ ਕਰਨ ਲੱਗੇ। ਜਦੋਂ ਉਹ ਕੁਝ ਦੇਰ ਬਾਅਦ ਆਪਣੀ ਥਾਰ ਦੇ ਅੰਦਰ ਗਏ ਤਾਂ ਉਸ ਦੇ ਬੈਗ ਦੀ ਚੇਨ ਖੁੱਲ੍ਹੀ ਸੀ ਅਤੇ ਥਾਰ ਵਿਚ ਰੱਖੀ ਨਕਦੀ ਗਾਇਬ ਸੀ। ਪੀੜਤ ਮੁਤਾਬਕ ਉਸ ਕੋਲ ਲਗਭਗ 5 ਤੋਂ 6 ਲੱਖ ਰੁਪਏ ਨਕਦ ਸਨ, ਜੋ ਉਸ ਨੇ ਰੋਜ਼ਾਨਾ ਵਾਂਗ ਮਾਰਕਿਟ ਵਿਚੋਂ ਇਕੱਠੇ ਕੀਤੇ ਸਨ। ਵਿਸ਼ਾਲ ਮੁਤਾਬਕ ਉਸ ਨੇ ਆਕਸਫੋਰਡ ਹਸਪਤਾਲ ਦੇ ਬਾਹਰ ਘਰੋਂ ਆਏ ਫੋਨ ਨੂੰ ਚੁੱਕਣ ਲਈ ਥਾਰ ਦੀ ਬ੍ਰੇਕ ਲਗਾਈ ਸੀ। ਇਸ ਦੌਰਾਨ ਧਿਆਨ ਭਟਕਣ ਕਾਰਨ ਉਨ੍ਹਾਂ ਦੀ ਗੱਡੀ ਸਾਹਮਣੇ ਤੋਂ ਆ ਰਹੀ ਇਕ ਵੈਗਨਆਰ ਨਾਲ ਹਲਕੀ ਜਿਹੀ ਟਕਰਾ ਗਈ। ਹਾਦਸੇ 'ਚ ਵੈਗਨਆਰ ਦੀ ਲਾਈਟ ਟੁੱਟ ਗਈ। ਵਿਸ਼ਾਲ ਤੁਰੰਤ ਕਾਰ ਵਿੱਚੋਂ ਬਾਹਰ ਨਿਕਲਿਆ ਅਤੇ ਕਹਿਣ ਲੱਗਾ 5,000-10,000 ਰੁਪਏ ਦੇ ਨੁਕਸਾਨ ਦੀ ਭਰਪਾਈ ਕਰ ਦੇਣਗੇ। ਦੋਸ਼ ਹੈ ਕਿ ਤਿੰਨ ਅਣਪਛਾਤੇ ਨੌਜਵਾਨ ਫਿਰ ਵੈਗਨਆਰ ਤੋਂ ਬਾਹਰ ਨਿਕਲੇ ਅਤੇ ਵਿਸ਼ਾਲ ਨਾਲ ਬਹਿਸ ਕਰਨ ਅਤੇ ਗਾਲ੍ਹਾਂ ਕੱਢਣ ਲੱਗ ਪਏ। ਉਨ੍ਹਾਂ ਨੇ ਉਸ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਜ਼ਬਰਦਸਤੀ ਉਸ ਦੇ ਥਾਰ ਦੀਆਂ ਚਾਬੀਆਂ ਖੋਹ ਲਈਆਂ। ਹੰਗਾਮੇ ਦੌਰਾਨ ਚਾਬੀਆਂ ਸੜਕ 'ਤੇ ਡਿੱਗ ਪਈਆਂ ਅਤੇ ਬਾਅਦ 'ਚ ਪਿੱਛੇ ਤੋਂ ਬਰਾਮਦ ਕੀਤੀਆਂ ਗਈਆਂ। ਲੋਕਾਂ ਨੂੰ ਇਕੱਠਾ ਹੁੰਦਾ ਵੇਖ ਕੇ ਤਿੰਨੋਂ ਨੌਜਵਾਨ ਭੱਜ ਗਏ। ਘਟਨਾ ਦਾ ਪਤਾ ਲੱਗਦਿਆਂ ਹੀ ਕਾਰੋਬਾਰੀ ਦੇ ਰਿਸ਼ਤੇਦਾਰ ਅਤੇ ਪੁੱਤਰ ਮੌਕੇ 'ਤੇ ਪਹੁੰਚੇ। ਜਦੋਂ ਕਾਰ ਵਿੱਚ ਬੈਗ ਦੀ ਜਾਂਚ ਕੀਤੀ ਗਈ ਤਾਂ ਉਸ ਦੀ ਜ਼ਿਪ ਖੁੱਲ੍ਹੀ ਸੀ। ਸਾਰੀ ਨਕਦੀ (5 ਤੋਂ 6 ਲੱਖ ਰੁਪਏ) ਗਾਇਬ ਸੀ।

# ਬਿਊਟੀ ਪਾਰਲਰ 'ਚ ਫੇਸ਼ੀਅਲ ਕਰਵਾਉਣ ਆਈਆਂ ਔਰਤਾਂ ਲੱਖਾਂ ਦੇ ਸੋਨੇ ਦੇ ਗਹਿਣੇ ਲੈ ਕੇ ਫ਼ਰਾਰ

**ਕੌਮੀ ਪਤ੍ਰਿਕਾ**

ਲੁਧਿਆਣਾ 22 ਸਤੰਬਰ। ਬਿਊਟੀ ਪਾਰਲਰ 'ਚ ਫੇਸ਼ੀਅਲ ਕਰਵਾਉਣ ਦੇ ਬਹਾਨੇ ਆਈਆਂ ਦੋ ਸ਼ਾਤਰ ਔਰਤਾਂ ਵੱਲੋਂ ਘਰ ਦੇ ਅੰਦਰੋਂ ਲੱਖਾਂ ਰੁਪਏ ਦੇ ਸੋਨੇ ਦੇ ਗਹਿਣੇ ਚੋਰੀ




ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮੁਲਜ਼ਮ ਔਰਤਾਂ ਮੌਕਾ ਪਾ ਕੇ ਅਲਮਾਰੀ 'ਚ ਰੱਖੇ ਸੋਨੇ ਦੇ ਗਹਿਣੇ ਸਮੇਟ ਕੇ ਰਫੂਚੱਕਰ ਹੋ ਗਈਆਂ। ਪੀੜਤਾ ਦੇ ਪਤੀ ਦੀ ਸ਼ਿਕਾਇਤ 'ਤੇ ਥਾਣਾ ਟਿੱਬਾ ਦੀ ਪੁਲਸ ਨੇ ਔਰਤਾਂ ਖ਼?ਲਾਫ਼ ਮਾਮਲਾ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਗਿਆ ਕਿ ਸ਼ਿਕਾਇਤਕਰਤਾ ਦੀ ਪਤਨੀ ਰੇਸ਼ਮਾ ਆਪਣੇ ਘਰ 'ਚ ਹੀ ਕਾਸਮੈਟਿਕਸ ਅਤੇ ਬਿਊਟੀ ਪਾਰਲਰ ਦਾ ਕੰਮ ਕਰਦੀ ਹੈ। ਤਬੱਸੁਮ ਅਤੇ ਤਰੰਨੁਮ ਨਾਂ ਦੀਆਂ ਦੋ ਔਰਤਾਂ ਫੇਸ਼ੀਅਲ ਕਰਵਾਉਣ ਦੇ ਬਹਾਨੇ ਉਨ੍ਹਾਂ ਦੇ ਘਰ ਸਥਿਤ ਪਾਰਲਰ ਦੀ ਦੁਕਾਨ 'ਤੇ ਆਈਆਂ ਸਨ। ਫੇਸ਼ੀਅਲ ਕਰਵਾਉਣ ਦੌਰਾਨ ਜਦੋਂ ਰੇਸ਼ਮਾ ਦਾ ਧਿਆਨ ਭਟਕਿਆ ਤਾਂ ਦੋਵਾਂ ਔਰਤਾਂ ਨੇ ਬੜੀ ਹੀ ਚਲਾਕੀ ਨਾਲ ਦੁਕਾਨ ਅਤੇ ਕਮਰੇ 'ਚ ਰੱਖੇ ਸੋਨੇ ਦੇ ਗਹਿਣਿਆਂ 'ਤੇ ਹੱਥ ਸਾਫ਼ ਕਰ ਦਿੱਤਾ ਅਤੇ ਕੰਮ ਖ਼ਤਮ ਹੁੰਦੇ ਹੀ ਤੇਜ਼ੀ ਨਾਲ ਉੱਥੋਂ ਚਲੀਆਂ ਗਈਆਂ। ਔਰਤਾਂ ਦੇ ਜਾਣ ਤੋਂ ਬਾਅਦ ਜਦੋਂ ਰੇਸ਼ਮਾ ਨੇ ਸਾਮਾਨ ਸੰਭਾਲਿਆ ਤਾਂ ਗਹਿਣੇ ਗਾਇਬ ਦੇਖ ਕੇ ਉਸ ਦੇ ਹੋਸ਼ ਉੱਡ ਗਏ। ਚੋਰੀ ਹੋਏ ਸਾਮਾਨ ਵਿੱਚ 4 ਸੋਨੇ ਦੀਆਂ ਮੁੰਦਰੀਆਂ (ਅੰਗੂਠੀਆਂ), 1 ਸੋਨੇ ਦੀ ਚੇਨ, ਸੋਨੇ ਦੇ ਝੁਮਕੇ ਅਤੇ 2 ਸੋਨੇ ਦੇ ਕੋਕੇ ਸ਼ਾਮਲ ਹਨ। ਪੁਲਸ ਨੇ ਮੁਲਜ਼ਮਾਂ ਖ਼?ਲਾਫ਼ ਕੇਸ ਦਰਜ ਕਰਕੇ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

## ਵਿਅਕਤੀ ਅਗਵਾ ਕਰਕੇ ਛੁਪਾ ਕੇ ਰੱਖਣ ਦੇ ਦੋਸ਼ 'ਚ 2 ਖ਼ਿਲਾ.ਫ ਮਾਮਲਾ ਦਰਜ

ਫਿਰੋਜ਼ਪੁਰ 22 ਸਤੰਬਰ। ਥਾਣਾ ਘੱਲ ਖੁਰਦ ਅਧੀਨ ਆਉਂਦੇ ਪਿੰਡ ਢੀਂਡਸਾ ਵਿਖੇ ਇਕ ਵਿਅਕਤੀ ਨੂੰ ਅਗਵਾ ਕਰਕੇ ਲੁਕਾ ਕੇ ਰੱਖਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਪੁਲਸ ਨੇ 2 ਵਿਅਕਤੀਆਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ 'ਚ ਸ਼ਿਕਾਇਤਕਰਤਾ ਕਿੰਦਰ ਕੌਰ ਪਤਨੀ ਕੁਲਵਿੰਦਰ ਸਿੰਘ ਵਾਸੀ ਪਿੰਡ ਢੀਂਡਸਾ ਨੇ ਦਿੱਤੀ ਦਰਖ਼ਾਸਤ ਵਿਚ ਦੱਸਿਆ ਕਿ ਜਸਵੀਰ ਸਿੰਘ ਉਰਫ਼ ਨੀਲੂ ਪੁੱਤਰ ਸੁਖਦੇਵ ਸਿੰਘ ਅਤੇ ਇੰਦਰਜੀਤ ਸਿੰਘ ਪੁੱਤਰ ਸੁਰਜੀਤ ਸਿੰਘ ਦੋਵੇਂ ਵਾਸੀਆਨ ਢੀਂਡਸਾ ਨੇ ਉਸ ਦੇ ਪਤੀ ਕੁਲਵਿੰਦਰ ਸਿੰਘ ਨੂੰ ਘਰੋਂ ਲਿਜਾ ਕੇ ਕਿਧਰੇ ਲੁਕਾ-ਛੁਪਾ ਕੇ ਰੱਖਿਆ ਹੋਇਆ ਹੈ।

# ਪੰਜਾਬ ਵਿਚ ਇਕ ਸਾਲ ਲਈ ਲੱਗੀ ਸਖ਼ਤ ਪਾਬੰਦੀ, ਨਹੀਂ ਵਿਕੇਗਾ ਐਨਾਲਾਗ ਪਨੀਰ

ਚੰਡੀਗੜ੍ਹ 22 ਸਤੰਬਰ। ਪੰਜਾਬ ਸਰਕਾਰ ਨੇ ਸੂਬੇ ਵਿਚ ਐਨਾਲਾਗ ਭਾਵ ਨਾਨ-ਡੇਅਰੀ ਪਨੀਰ ਦੀ ਵਿਕਰੀ, ਉਤਪਾਦਨ ਅਤੇ ਭੰਡਾਰਨ 'ਤੇ ਪਾਬੰਦੀ ਲਗਾ



ਦਿੱਤੀ ਹੈ। ਇਹ ਪਾਬੰਦੀ ਇਕ ਸਾਲ ਲਈ ਲਗਾਈ ਗਈ ਹੈ। ਇਹ ਹੁਕਮ ਫੂਡ ਐਂਡ ਡਰੱਗਸ ਐਡਮਿਨੀਸਟ?ਰੇਸ਼ਨ, ਪੰਜਾਬ ਦੀ ਕਮਿਸ਼ਨਰ ਕੰਵਲਪ੍ਰੀਤ ਬਰਾੜ ਨੇ ਜਾਰੀ ਕੀਤੇ ਹਨ। ਫੂਡ ਸੇਫਟੀ ਐਂਡ ਸਟੈਂਡਰਡ ਐਕਟ 2006 ਦੀ ਧਾਰਾ 30(2)(ਏ) ਤਹਿਤ ਪਾਬੰਦੀ ਲਗਾਈ ਗਈ ਹੈ। ਇਸ ਸਖ਼ਤ ਫ਼ੈਸਲੇ ਤੋਂ ਬਾਅਦ ਹੁਣ ਪੰਜਾਬ ਵਿਚ ਕੋਈ ਵੀ ਫੂਡ ਬਿਜ਼ਨਸ ਆਪਰੇਟਰ ਕਿਸੇ ਵੀ ਨਾਂ ਨਾਲ ਐਨਾਲਾਗ ਪਨੀਰ ਨਹੀਂ ਬਣਾ ਸਕੇਗਾ। ਵਿਭਾਗੀ ਅਧਿਕਾਰੀਆਂ ਮੁਤਾਬਕ ਜ਼ਿਲ੍ਹਾ ਪੱਧਰ 'ਤੇ ਡੇਅਰੀ ਯੂਨਿਟਾਂ, ਪਨੀਰ ਫੈਕਟਰੀਆਂ, ਹੋਲਸੇਲਰਾਂ, ਰਿਟੇਲਰਾਂ, ਕੋਲਡ ਸਟੋਰਾਂ, ਗੋਦਾਮਾਂ ਅਤੇ ਪਨੀਰ ਦੀ ਢੋਆ-ਢੁਆਈ ਕਰਨ ਵਾਲੇ ਵਾਹਨਾਂ ਦੀ ਡੂੰਘੀ ਜਾਂਚ ਕਰਨ ਅਤੇ ਹੋਟਲਾਂ-ਰੈਸਟੋਰੈਂਟਾਂ ਦੇ ਖ਼ਰੀਦ ਰਿਕਾਰਡ ਚੈੱਕ ਕਰਨ ਦੇ ਹੁਕਮ ਵੀ ਦਿੱਤੇ ਗਏ ਹਨ। ਇਥੇ ਹੀ ਬਸ ਨਹੀਂ ਹੁਕਮਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਵਿਸ਼ੇਸ਼ ਮੁਹਿੰਮ ਵੀ ਚਲਾਈ ਜਾਵੇਗੀ ਅਤੇ ਜੇਕਰ ਕੋਈ ਨਿਯਮਾਂ ਦੀ ਪਾਲਣਾ ਨਾ ਕਰਦਾ ਪਾਇਆ ਗਿਆ ਤਾਂ ਉਸ ਖ਼?ਲਾਫ਼ ਸਖ਼ਤ ਕਾਰਵਾਈ ਹੋਵੇਗੀ। ਅਧਿਕਾਰੀ ਨੇ ਕਿਹਾ ਕਿ ਪਹਿਲੀ ਅਪ੍ਰੈਲ 2025 ਤੋਂ 31 ਮਾਰਚ 2026 ਦਰਮਿਆਨ ਪੂਰੇ ਸੂਬੇ ਵਿਚੋਂ ਪਨੀਰ ਦੇ 512 ਸੈਂਪਲ ਲੈ ਕੇ ਨੋਟੀਫਾਈਡ ਫੂਡ ਲੈਬਾਰਟਰੀ ਵਿਚ ਜਾਂਚ ਲਈ ਭੇਜੇ ਗਏ ਸਨ। ਇਨ੍ਹਾਂ ਵਿਚੋਂ 215 ਸੈਂਪਲ ਭਾਵ 42 ਫ਼ੀਸਦੀ ਫੇਲ੍ਹ ਪਾਏ ਗਏ। ਇਨ੍ਹਾਂ ਵਿਚ 156 ਸੈਂਪਲ ਸਬ-ਸਟੈਂਡਰਡ ਅਤੇ 59 ਸੈਂਪਲ ਅਸੁਰੱਖਿਅਤ ਪਾਏ ਗਏ। ਫੈਟ ਦੀ ਜਾਂਚ ਵਿਚ ਪਾਇਆ ਗਿਆ ਕਿ ਬੀਆਰ ਵੈਲਿਊ ਦੁੱਧ ਦੇ ਫੈਟ ਦੇ ਮਾਪਦੰਡਾਂ ਤੋਂ ਬਾਹਰ ਸੀ, ਜਿਸ ਤੋਂ ਸਾਬਤ ਹੋਇਆ ਕਿ ਇਸ ਵਿਚ ਬਨਸਪਤੀ ਘਿਓ ਅਤੇ ਵਿਦੇਸ਼ੀ ਫੈਟ ਮਿਲਾਇਆ ਗਿਆ ਹੈ। ਅਧਿਕਾਰੀ ਨੇ ਕਿਹਾ ਕਿ ਇਹ ਪਾਬੰਦੀ ਸਿਰਫ਼ ਫੈਕਟਰੀਆਂ 'ਤੇ ਹੀ ਨਹੀਂ, ਸਗੋਂ ਫੂਡ ਸਰਵਿਸ ਸੈਕਟਰ 'ਤੇ ਵੀ ਲਾਗੂ ਹੋਵੇਗੀ।

# ਵਿਆਹੇ ਮਰਦ ਨੇ ਧੋਖੇ ਨਾਲ ਲੜਕੀ ਨੂੰ ਪ੍ਰੇਮ ਜਾਲ ਵਿਚ ਫਸਾ ਕੇ ਰੋਲੀ ਪੱਤ !

**ਕੌਮੀ ਪਤ੍ਰਿਕਾ**

ਲੁਧਿਆਣਾ 22 ਸਤੰਬਰ। ਵਿਆਹੇ ਮਰਦ ਨੇ ਇਕ ਲੜਕੀ ਨੂੰ ਪ੍ਰੇਮ ਜਾਲ ਵਿਚ ਫਸਾ ਕੇ ਉਸ ਦੇ ਨਾਲ ਕਈ ਵਾਰ ਜਬਰਜ਼ਨਾਹ ਕੀਤਾ ਅਤੇ ਸਾਜ਼ਿਸ਼ ਰਚ ਕੇ 8 ਲੱਖ ਰੁਪਏ ਅਤੇ ਇਕ ਮੋਟਰਸਾਈਕਲ ਵੀ ਹੜੱਪ ਲਿਆ। ਮੁਲਜ਼ਮ ਦੇ ਇਸ ਘਿਣਾਉਣੇ ਅਪਰਾਧ ਵਿਚ ਪਤਨੀ, ਭਰਾ, ਮਾਂ, ਭੈਣਾਂ, ਜੀਜਾ, ਮਾਮਾ, ਮਾਮੀ ਸਮੇਤ ਕੁਲ 10 ਮੁਲਜ਼ਮ ਸ਼ਾਮਲ ਹਨ। ਪੀੜਤਾ ਨੇ ਥਾਣਾ ਡਵੀਜ਼ਨ ਨੰ. 3 ਦੀ ਪੁਲਸ ਨੂੰ ਸ਼ਿਕਾਇਤ ਦਿੱਤੀ ਜਿਸ ਤੋਂ ਬਾਅਦ ਇਲਾਕਾ ਪੁਲਸ ਨੇ ਜਬਰਜ਼ਨਾਹ, ਸਾਜ਼ਿਸ਼, ਧੋਖਾ ਅਤੇ ਧਮਕਾਉਣ ਦੇ ਦੋਸ਼ ਵਿਚ ਕੇਸ ਦਰਜ ਕੀਤਾ ਹੈ। ਪੀੜਤਾ ਨੇ ਦੱਸਿਆ ਕਿ ਉਸ ਦੀ ਕਰੀਬ ਡੇਢ ਸਾਲ ਪਹਿਲਾਂ 32 ਸੈਕਟਰ ਦੇ ਇਕ ਜਿਮ ਵਿਚ ਮੁਲਜ਼ਮ ਅਜੇ ਕੁਮਾਰ ਨਾਲ ਜਾਣ ਪਛਾਣ ਹੋਈ। ਅਜੇ ਨੇ ਉਸ ਨੂੰ ਪਰਪੋਜ਼ ਕੀਤਾ ਅਤੇ ਵਿਆਹ ਦਾ ਪ੍ਰਸਤਾਵ ਰੱਖਿਆ। ਪਹਿਲੀ ਮੁਲਾਕਾਤ ਵਿਚ ਅਜੇ ਨੇ ਦੱਸਿਆ ਕਿ ਉਹ ਕੁਆਰਾ ਹੈ। 2025 ਵਿਚ ਉਹ ਦੋਵੇਂ ਕੰਮ ਕਾਜ ਦੇ ਸਿਲਸਿਲੇ ਵਿਚ ਟੂਰਿਸਟ ਵੀਜ਼ਾ 'ਤੇ ਦੁਬਈ ਗਏ ਪਰ ਕੰਮ ਸੈੱਟ ਨਾ ਹੋਣ ਕਾਰਨ ਉਹ ਵਾਪਸ ਮੁੜ ਆਏ। 2026 ਵਿਚ ਜਦੋਂ ਉਸ ਨੂੰ ਪਤਾ ਲੱਗਾ ਕਿ ਅਜੇ ਵਿਆਹਿਆ ਹੈ ਅਤੇ ਉਸ ਦੇ 6 ਸਾਲ ਦੀ ਬੇਟੀ ਵੀ ਹੈ। ਇਸ ਸਬੰਧੀ ਅਜੇ ਨਾਲ ਗੱਲਬਾਤ ਕਰਨ 'ਤੇ ਉਸ ਨੇ ਦੱਸਿਆ ਕਿ ਅਦਾਲਤ ਵਿਚ ਤਲਾਕ ਦੀ ਅਰਜ਼ੀ ਲੱਗੀ ਹੋਈ ਹੈ। ਜਲਦ ਹੀ ਉਸ ਦਾ ਤਲਾਕ ਹੋ ਜਾਵੇਗਾ ਅਤੇ ਉਹ ਉਸ ਨਾਲ ਵਿਆਹ ਕਰ ਲਵੇਗਾ। ਮੁਲਜ਼ਮ ਅਜੇ ਨੇ ਉਸ ਨੂੰ ਫਸਾਉਣ ਲਈ ਇਸ ਸਾਜ਼ਿਸ਼ ਵਿਚ ਪਤਨੀ, ਮਾਂ, ਭੈਣਾਂ, ਜੀਜਾ, ਮਾਮਾ, ਮਾਤੀ ਤੱਕ ਨੂੰ ਸ਼ਾਮਲ ਕਰ ਲਿਆ। ਅਜੇ ਦੇ ਪਰਿਵਾਰ ਵਾਲੇ ਵੀ ਲਗਾਤਾਰ ਧੋਖਾ ਦਿੰਦੇ ਰਹੇ। ਪੀੜਤਾ ਨੇ ਦੱਸਿਆ ਕਿ ਅਜੇ ਨੇ ਖੁਦ ਨੂੰ ਕੁਲਾਰਾ ਦੱਸ ਕੇ ਵਿਆਹ ਦਾ ਝਾਂਸਾ



ਦੇ ਕੇ ਕਾਰੋਬਾਰ ਲਈ ਉਸ ਦੇ ਨਾਮ 'ਤੇ ਬੈਂਕ ਤੋਂ ਕਰੀਬ 8 ਲੱਖ ਰੁਪਏ ਦਾ ਪਰਸਨਲ ਲੋਨ ਲੈ ਲਿਆ। ਮੁਲਜ਼ਮ ਨੇ ਦੱਸਿਆ ਕਿ ਉਸ ਦਾ ਸਿੱਬਲ ਸਕੋਰ ਠੀਕ ਨਹੀਂ ਹੈ ਜਿਸ ਕਾਰਨ ਅਜੇ ਨੇ ਸਾਜ਼ਿਸ਼ ਦੇ ਤਹਿਤ ਉਸ ਦੇ ਨਾਮ 'ਤੇ ਲੋਨ ਲੈ ਲਿਆ ਅਤੇ ਇਕ ਮੋਟਰਸਾਈਕਲ ਵੀ ਫਾਈਨਾਂਸ ਕੰਪਨੀ ਤੋਂ ਉਸ ਦੇ ਨਾਮ 'ਤੇ ਲੋਨ ਲੈ ਕੇ ਖਰੀਦ ਲਿਆ। ਮੋਟਰਸਾਈਕਲ ਮੁਲਜ਼ਮ ਅਜੇ ਦੇ ਕੋਲ ਹੈ ਅਤੇ ਬੈਂਕ ਵਾਲੇ ਲੋਨ ਦੀਆਂ ਕਿਸ਼ਤਾਂ ਲਈ ਰੋਜਾਨਾ ਉਸ ਨੂੰ ਤੰਗ ਪ੍ਰੇਸ਼ਾਨ ਕਰਦੇ ਹਨ। ਪੀੜਤਾ ਨੇ ਦੱਸਿਆ ਕਿ ਉਸ ਨੂੰ ਅਜੇ ਦੇ ਘਿਣਾਉਣੇ ਮਨਸੂਬਿਆਂ ਦੀ ਜ਼ਰਾ ਵੀ ਭਿਣਕ ਨਹੀਂ ਲੱਗੀ। ਚਿਕਨੀਆਂ ਚੁਪੜੀਆਂ ਗੱਲਾਂ ਵਿਚ ਉਲਝਾ ਕੇ ਅਜੇ ਨੇ ਕਈ ਵਾਰ ਬਿਨਾਂ ਸਹਿਮਤੀ ਨੇ ਵੀ ਉਸ ਦੇ ਨਾਲ ਜਬਰਜ਼ਨਾਹ ਕੀਤਾ ਹੈ। 2026 ਵਿਚ ਅਜੇ ਨੇ ਦਿੱਲੀ ਵਿਚ ਵੀ ਉਸ ਦੇ ਨਾਲ ਕਈ ਵਾਰ ਜਬਰਜ਼ਨਾਹ ਕੀਤਾ। ਇਸ ਘਿਣਾਉਣੇ ਕਾਰੇ ਵਿਚ ਅਜੇ ਦੀ ਮਾਂ, ਭੈਣ, ਭਰਾ, ਜੀਜਾ ਤੇ ਮਾਮਾ-ਮਾਮੀ ਵੀ ਸ਼ਾਮਲ ਸਨ। ਇਸ ਸਬੰਧੀ ਥਾਣਾ ਮੁਖੀ ਗੁਰਜੀਤ ਸਿੰਘ ਨੇ ਦੱਸਿਆ ਕਿ ਪੀੜਤਾ ਦੇ ਬਿਆਨ 'ਤੇ ਅਜੇ ਕੁਮਾਰ, ਉਸ ਦੀ ਮਾਂ ਮੀਨਾ ਰਾਣੀ, ਪਤਨੀ ਰਿਤੂ ਰਾਣੀ, ਭਰਾ ਪ੍ਰਿੰਸ ਕੁਮਾਰ, ਭੈਣ ਆਸ਼ਾ ਰਾਣੀ, ਮੀਨਾਕਸ਼ੀ, ਰੋਹਿਤ ਕੁਮਾਰ, ਨਰੇਸ਼ ਕੁਮਾਰ, ਮੰਜੂ ਅਤੇ ਨਰਿੰਦਰ ਕੁਮਾਰ ਗੋਪਾਲ ਨਗਰ, ਟਿੱਬ ਰੋਡ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਪੁਲਸ ਨੇ ਮੁਲਜ਼ਮ ਅਜੇ ਕੁਮਾਰ ਨੂੰ ਗ੍ਰਿਫਤਾਰ ਕਰ ਲਿਆ ਹੈ। ਬਾਕੀ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ।

## ਠੱਗਾਂ ਨੇ ਵਿਅਕਤੀ ਦੇ 3 ਬੈਂਕ ਖ਼ਾਤਿਆਂ 'ਚੋਂ 2 ਲੱਖ 91 ਹਜ਼ਾਰ ਰੁਪਏ ਕੱਢਵਾਏ, ਮਾਮਲਾ ਦਰਜ

ਫਿਰੋਜ਼ਪੁਰ 22 ਸਤੰਬਰ। ਅਣਪਛਾਤੇ ਠੱਗਾਂ ਨੇ ਇੱਕ ਵਿਅਕਤੀ ਦੇ 3 ਬੈਂਕ ਖ਼ਾਤਿਆਂ ਵਿੱਚੋਂ 2 ਲੱਖ 91 ਹਜ਼ਾਰ 520 ਰੁਪਏ ਕੱਢਵਾ ਲਏ ਅਤੇ ਇਸ ਘਟਨਾ ਸਬੰਧੀ ਥਾਣਾ ਸਾਈਬਰ ਕਰਾਈਮ ਫਿਰੋਜ਼ਪੁਰ ਦੀ ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ। ਇਹ ਜਾਣਕਾਰੀ ਦਿੰਦਿਆਂ ਏ. ਐੱਸ. ਆਈ. ਬਲਬੀਰ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਮੁੱਦਈ ਜਸਵੰਤ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਨਜ਼ਦੀਕ ਖਾਲਸਾ ਕਲੋਨੀ ਏਕਤਾ ਨਗਰ ਫਿਰੋਜ਼ਪੁਰ ਸ਼ਹਿਰ ਨੇ ਸਟੇਟ ਸਾਈਬਰ ਕਰਾਈਮ ਪੁਲਸ ਮੋਹਾਲੀ ਨੂੰ ਆਨਲਾਈਨ ਸ਼ਿਕਾਇਤ ਕਰਕੇ ਅਤੇ ਥਾਣਾ ਸਾਈਬਰ ਕ੍ਰਾਈਮ ਫਿਰੋਜ਼ਪੁਰ




ਵਿੱਚ ਬਿਆਨ ਕਲਮਬੱਧ ਕਰਵਾ ਕੇ ਦਿੱਤੀ ਲਿਖਤੀ ਸ਼ਿਕਾਇਤ ਵਿੱਚ ਦੱਸਿਆ ਹੈ ਕਿ 21 ਅਗਸਤ 2026 ਨੂੰ ਅਚਾਨਕ ਉਸ ਦਾ ਫੋਨ ਬੰਦ ਹੋ ਗਿਆ। ਜਦੋਂ ਉਸ ਨੇ ਆਪਣਾ ਫੋਨ ਆਨ ਕੀਤਾ ਤਾਂ ਉਸ ਦੇ ਫੋਨ ਵਿੱਚ ਕੋਈ ਐਪ ਨਹੀਂ ਚੱਲ ਰਹੀ ਸੀ ਅਤੇ 23 ਅਗਸਤ 2026 ਨੂੰ ਜਦੋਂ ਉਸ ਨੇ ਆਪਣਾ ਫੋਨ ਦੁਬਾਰਾ ਚਲਾਇਆ ਤਾਂ ਗੂਗਲ ਪੇਅ ਦੁਆਰਾ ਆਪਣਾ ਬੈਲੇਂਸ ਚੈੱਕ ਕਰਨ 'ਤੇ ਉਸ ਨੂੰ ਪਤਾ ਲੱਗਾ ਕਿ ਕਿਸੇ ਅਣਪਛਾਤੇ ਵਿਅਕਤੀ ਨੇ ਉਸ ਦੇ 3 ਬੈਂਕ ਖ਼ਾਤਿਆਂ ਵਿੱਚੋਂ 2 ਲੱਖ 91 ਹਜ਼ਾਰ 520 ਰੁਪਏ ਕੱਢਵਾ ਲਏ ਹਨ। ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਇਸ ਠੱਗੀ ਨੂੰ ਲੈ ਕੇ ਅਣਪਛਾਤੇ ਵਿਅਕਤੀ ਖ਼?ਲਾਫ਼ ਮਾਮਲਾ ਦਰਜ ਕਰਕੇ ਟੈਕਨੀਕਲ ਸੋਰਸਿਜ਼ ਦੇ ਆਧਾਰ 'ਤੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਬਾਬਾ ਸਾਹਿਬ ਦੀ ਮੂਰਤੀ ਨਾਲ ਛੇੜਛਾੜ ਮਾਮਲੇ 'ਤੇ ਜਲੰਧਰ 'ਚ ਕਾਂਗਰਸ ਦਾ ਪ੍ਰਦਰਸ਼ਨ

ਜਲੰਧਰ 22 ਸਤੰਬਰ। ਲੁਧਿਆਣਾ ਦੇ ਜਲੰਧਰ ਬਾਈਪਾਸ ਚੌਕ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਮੂਰਤੀ ਨਾਲ ਹੋਈ ਛੇੜਛਾੜ ਦੇ ਵਿਰੋਧ 'ਚ ਅੱਜ ਜਲੰਧਰ 'ਚ ਕਾਂਗਰਸ ਪਾਰਟੀ ਵੱਲੋਂ ਭਾਰੀ ਰੋਸ ਮਾਰਚ ਕੱਢਿਆ ਗਿਆ। ਇਹ ਰੋਸ ਮਾਰਚ ਭਗਵਾਨ ਵਾਲਮੀਕਿ ਚੌਕ ਤੋਂ ਲੈ ਕੇ ਡਾ. ਬੀ. ਆਰ. ਅੰਬੇਡਕਰ ਚੌਕ ਤੱਕ ਕੱਢਿਆ ਗਿਆ। ਇਸ ਦੀ ਅਗਵਾਈ ਸ਼ਹਿਰੀ ਪ੍ਰਧਾਨ ਰਾਜਿੰਦਰ ਬੇਰੀ ਨੇ ਕੀਤੀ। ਇਸ ਮੌਕੇ ਰਾਜਿੰਦਰ ਬੇਰੀ ਨੇ ਕਿਹਾ ਕਿ ਉਹ ਲੁਧਿਆਣਾ 'ਚ ਵਾਪਰੀ ਇਸ ਘਟਨਾ ਦੀ ਸਖ਼ਤ ਨਿੰਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਇਹ 7ਵੀਂ ਵਾਰ ਹੈ ਜਦੋਂ ਬਾਬਾ ਸਾਹਿਬ ਦੀ ਮੂਰਤੀ ਨਾਲ ਅਜਿਹੀ ਘਿਨਾਉਣੀ ਹਰਕਤ ਹੋਈ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕਰਕੇ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ। ਉਨ੍ਹਾਂ ਚਿਤਾਵਨੀ ਦਿੰਦੇ ਕਿਹਾ ਕਿ ਜੇ 2 ਦਿਨਾਂ ਦੇ ਅੰਦਰ ਦੋਸ਼ੀ ਗ੍ਰਿਫ਼ਤਾਰ ਨਾ ਹੋਏ ਤਾਂ ਕਾਂਗਰਸ ਪਾਰਟੀ ਹਾਈਕਮਾਨ ਨਾਲ ਗੱਲ ਕਰਕੇ ਜਲੰਧਰ ਸਮੇਤ ਪੂਰੇ ਪੰਜਾਬ ਨੂੰ ਬੰਦ ਕਰੇਗੀ। ਦੂਜੇ ਪਾਸੇ ਕਾਂਗਰਸ ਕੌਂਸਲਰ ਸ਼ੈਰੀ ਚੱਢਾ ਨੇ ਕਿਹਾ ਕਿ ਡਾ. ਅੰਬੇਡਕਰ ਨੇ ਦੇਸ਼ ਦੇ ਸੰਵਿਧਾਨ ਦੀ ਰਚਨਾ ਕੀਤੀ ਹੈ ਅਤੇ ਦੁਨੀਆ ਭਰ 'ਚ ਉਨ੍ਹਾਂ ਦਾ ਸਤਿਕਾਰ ਕੀਤਾ ਜਾਂਦਾ ਹੈ। ਬਾਬਾ ਸਾਹਿਬ ਨੇ ਸਾਰੀਆਂ ਜਾਤਾਂ ਨੂੰ ਸਨਮਾਨ ਦਿਵਾਇਆ। ਸ਼ਰਾਰਤੀ ਅਨਸਰਾਂ ਵੱਲੋਂ ਮੂਰਤੀ ਨਾਲ ਕੀਤੀ ਗਈ ਛੇੜਛਾੜ ਬਹੁਤ ਹੀ ਨਿੰਦਣਯੋਗ ਹੈ, ਜਿਸ ਨੂੰ ਲੈ ਕੇ ਲੋਕਾਂ 'ਚ ਭਾਰੀ ਰੋਸ ਹੈ।

## ਮਾਨਸਾ ਦੇ ਪਿੰਡ 'ਚ ਨੌਜਵਾਨ ਨੂੰ ਤੇਜ਼ਧਾਰ ਹਥਿਆਰਾਂ ਨਾਲ ਵੱਢਿਆ

ਮਾਨਸਾ 22 ਸਤੰਬਰ। ਮਾਨਸਾ ਦੇ ਪਿੰਡ ਜਵਾਹਰ ਕੇ ਵਿਖੇ ਪੁਰਾਣੀ ਰੰਜਿਸ਼ ਦੇ ਚੱਲਦਿਆਂ ਇੱਕ ਨੌਜਵਾਨ ਨੂੰ ਤੇਜ਼ਧਰ ਹਥਿਆਰਾਂ ਦੇ ਨਾਲ ਗੰਭੀਰ ਰੂਪ 'ਚ ਜ਼ਖਮੀ ਕਰ ਦਿੱਤਾ ਗਿਆ, ਜਿਸ ਨੂੰ ਮਾਨਸਾ ਸਿਵਲ ਹਸਪਤਾਲ ਵਿਖੇ ਇਲਾਜ ਲਈ ਲਿਆਂਦਾ ਗਿਆ, ਜਿੱਥੋਂ ਹਾਲਤ ਗੰਭੀਰ ਦੇਖਦੇ ਹੋਏ ਪਟਿਆਲਾ ਦੇ ਲਈ ਰੈਫ਼ਰ ਕਰ ਦਿੱਤਾ ਗਿਆ। ਜ਼ਖਮੀ ਨੌਜਵਾਨ ਗਗਨਦੀਪ ਸਿੰਘ ਨੇ ਦੱਸਿਆ ਕਿ ਪੁਰਾਣੀ ਰੰਜਿਸ਼ ਦੇ ਚੱਲਦਿਆਂ ਪਿੰਡ ਦੇ ਹੀ ਨੌਜਵਾਨਾਂ ਵੱਲੋਂ ਉਸ ਨੂੰ ਘੇਰ ਕੇ ਤੇਜ਼ਧਾਰ ਹਥਿਆਰਾਂ ਦੇ ਨਾਲ ਵੱਢਿਆ ਗਿਆ। ਉਨ੍ਹਾਂ ਦੱਸਿਆ ਕਿ ਪਹਿਲਾਂ ਪੁਲਸ ਥਾਣੇ 'ਚ ਉਨ੍ਹਾਂ ਦਾ ਸਮਝੌਤਾ ਵੀ ਹੋ ਗਿਆ ਸੀ ਪਰ ਉਸੇ ਗੱਲ ਨੂੰ ਲੈ ਕੇ ਅੱਜ ਮੁੜ ਤੋਂ ਉਨ੍ਹਾਂ ਵੱਲੋਂ ਤੇਜ਼ਧਾਰ ਹਥਿਆਰਾਂ ਦੇ ਨਾਲ ਉਸ 'ਤੇ ਹਮਲਾ ਕੀਤਾ ਗਿਆ। ਜ਼ਖਮੀ ਨੌਜਵਾਨ ਦੇ ਪਿਤਾ ਸਰਦਾਰਾ ਸਿੰਘ ਨੇ ਦੱਸਿਆ ਕਿ ਪਿੰਡ ਦੇ ਹੀ ਨੌਜਵਾਨਾਂ ਨੇ ਪੁਰਾਣੀ ਤਕਰਾਰ ਨੂੰ ਲੈ ਕੇ ਅੱਜ ਉਨ੍ਹਾਂ ਦੇ ਪੁੱਤਰ ਨੂੰ ਦਿਨ-ਦਿਹਾੜੇ ਘੇਰ ਕੇ ਤੇਜ਼ਧਾਰ ਹਥਿਆਰਾਂ ਦੇ ਨਾਲ ਵੱਢਿਆ। ਉਨ੍ਹਾਂ ਦੱਸਿਆ ਕਿ ਪੁਲਸ ਕੋਲ ਇੱਕ ਮਹੀਨਾ ਪਹਿਲਾਂ ਸ਼ਿਕਾਇਤ ਵੀ ਦਿੱਤੀ ਸੀ ਪਰ ਕੋਈ ਵੀ ਕਾਰਵਾਈ ਨਹੀਂ ਹੋਈ, ਜਿਸਦੇ ਚਲਦਿਆਂ ਅੱਜ ਉਨ੍ਹਾਂ ਦੇ ਪੁੱਤਰ ਨੂੰ ਬੇਰਹਿਮੀ ਦੇ ਨਾਲ ਕਤਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਪੁਲਸ ਪ੍ਰਸ਼ਾਸਨ ਤੋਂ ਤੁਰੰਤ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

## ਪੰਜਾਬ 'ਚ ਸਰਹੱਦ ਪਾਰੋਂ ਚੱਲ ਰਹੀ ਵੱਡੀ ਤਸਕਰੀ ਦਾ ਪਰਦਾਫਾਸ਼

ਅੰਮ੍ਰਿਤਸਰ 22 ਸਤੰਬਰ। ਪੰਜਾਬ 'ਚ ਲਗਾਤਾਰ ਸਰਹੱਦ ਪਾਰੋਂ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਦੇ ਮਾਮਲੇ ਸਾਹਮਣੇ ਆ ਰਹੇ ਹਨ। ਇਸੇ ਲੜੀ 'ਚ ਅੰਮ੍ਰਿਤਸਰ ਦਿਹਾਤੀ ਪੁਲਸ ਨੇ ਇੱਕ ਹੋਰ ਵੱਡੀ ਕਾਰਵਾਈ ਕਰਦਿਆਂ ਨਸ਼ੀਲੇ ਪਦਾਰਥਾਂ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਮਾਡਿਊਲ ਦਾ ਪਰਦਾਫਾਸ਼ ਕਰਕੇ 2 ਮੁਲਜ਼ਮਾਂ ਨੂੰ ਕਾਬੂ ਕੀਤਾ ਹੈ। ਪੁਲਸ ਨੇ ਇਨ੍ਹਾਂ ਕੋਲੋਂ 5 ਕਿਲੋ ਹੈਰੋਇਨ ਅਤੇ 15 ਨਜਾਇਜ਼ ਪਿਸਤੌਲਾਂ ਬਰਾਮਦ ਕੀਤੀਆਂ ਹਨ। ਇਸ ਦੀ ਜਾਣਕਾਰੀ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਸਾਂਝੀ ਕੀਤੀ ਹੈ। ਡੀ.ਜੀ.ਪੀ. ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਦੋਸ਼ੀ ਕਥਿਤ ਤੌਰ 'ਤੇ ਵਿਦੇਸ਼ੀ ਹੈਂਡਲਰਾਂ ਦੇ ਸੰਪਰਕ ਵਿੱਚ ਸਨ ਅਤੇ ਗੈਰ-ਕਾਨੂੰਨੀ ਹਥਿਆਰ ਅਤੇ ਨਸ਼ੀਲੇ ਪਦਾਰਥਾਂ ਦੀ ਖੇਪ ਪ੍ਰਾਪਤ ਕਰਕੇ ਨਿਰਦੇਸ਼ ਅਨੁਸਾਰ ਉਨ੍ਹਾਂ ਨੂੰ ਅੱਗੇ ਸਪਲਾਈ ਕਰਦੇ ਸਨ। ਉਨ੍ਹਾਂ ਦੱਸਿਆ ਕਿ ਪੁਲਸ ਨੇ ਮੁਲਜ਼ਮਾਂ ਖਿਲਾਫ਼ ਪੁਲਸ ਸਟੇਸ਼ਨ ਘਰਿੰਡਾ ਵਿਖੇ ਐਨ.ਡੀ.ਪੀ.ਐਸ. ਅਤੇ ਆਰਮਜ਼ ਐਕਟ ਦੀਆਂ ਧਾਰਾਵਾਂ ਤਹਿਤ ਐਫ.ਆਈ.ਆਰ. ਦਰਜ ਕੀਤੀ ਹੈ ਅਤੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ, ਗਿਰੋਹ ਵਿਚ ਸ਼ਾਮਲ ਹੋਰ ਵਿਅਕਤੀਆਂ ਦੀ ਪਛਾਣ ਕਰਨ ਅਤੇ ਪੂਰੇ ਨੈੱਟਵਰਕ ਨੂੰ ਖਤਮ ਕਰਨ ਲਈ ਜਾਂਚ ਜਾਰੀ ਹੈ।

# ਬਜ਼ੁਰਗ ਔਰਤ ਦੀ ਸ਼ੱਕੀ ਹਾਲਤ ਵਿਚ ਮੌਤ, ਪਰਿਵਾਰ ਨੇ ਜਾਂਚ ਦੀ ਕੀਤੀ ਮੰਗ

**ਕੌਮੀ ਪਤ੍ਰਿਕਾ**

ਮਾਨਸਾ 22 ਸਤੰਬਰ। ਪਿੰਡ ਨੰਗਲ ਕਲਾਂ ਵਿਖੇ ਇਕ ਬਜ਼ੁਰਗ ਔਰਤ ਦੀ ਸ਼ੱਕੀ ਹਾਲਤ ਵਿਚ ਮੌਤ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਰਾਮ ਕੌਰ ਵਿਧਵਾ ਪ੍ਰੀਤਮ ਸਿੰਘ ਵਜੋਂ ਹੋਈ ਹੈ। ਮੌਤ ਦੇ ਕਾਰਨਾਂ ਨੂੰ ਲੈ ਕੇ ਪਰਿਵਾਰਕ ਮੈਂਬਰਾਂ ਵੱਲੋਂ ਸ਼ੱਕ ਜ਼ਾਹਰ ਕਰਦਿਆਂ ਪੁਲਸ ਤੋਂ ਪੂਰੀ ਜਾਂਚ ਕਰਵਾਉਣ ਦੀ ਮੰਗ ਕੀਤੀ ਗਈ ਹੈ। ਮ੍ਰਿਤਕਾ ਦੇ ਪੁੱਤਰ ਜਗਮੇਲ ਸਿੰਘ ਨੇ ਇਸ ਸਬੰਧੀ ਐੱਸ.ਐੱਸ.ਪੀ. ਮਾਨਸਾ ਨੂੰ ਪੱਤਰ ਦੇ ਕੇ ਮਾਮਲੇ ਦੀ ਪੜਤਾਲ ਕਰਵਾਉਣ ਦੀ ਮੰਗ ਕੀਤੀ ਹੈ। ਉਸ ਨੇ ਦੱਸਿਆ ਕਿ ਉਸ ਦੀ ਮਾਤਾ ਦੇ ਨਾਂ ਕਰੀਬ 15 ਕਿੱਲੇ ਜ਼ਮੀਨ ਸੀ। ਪਰਿਵਾਰ ਵੱਲੋਂ ਦੋਸ਼ ਲਗਾਇਆ ਗਿਆ ਹੈ ਕਿ ਕੁਝ ਵਿਅਕਤੀਆਂ ਦੇ ਨਾਂ 'ਤੇ ਜ਼ਮੀਨ ਦੀ ਰਜਿਸਟਰੀ ਕਰਵਾਏ ਜਾਣ ਤੋਂ ਬਾਅਦ ਉਸ ਦੀ ਮਾਤਾ ਦੀ ਸ਼ੱਕੀ ਹਾਲਤ ਵਿਚ ਮੌਤ ਹੋਈ ਹੈ। ਇਸ



ਕਾਰਨ ਪਰਿਵਾਰ ਨੂੰ ਮੌਤ ਦੇ ਕਾਰਨਾਂ ਸਬੰਧੀ ਸ਼ੱਕ ਪੈਦਾ ਹੋਇਆ ਹੈ। ਜਗਮੇਲ ਸਿੰਘ ਨੇ ਪੁਲਸ ਅਧਿਕਾਰੀਆਂ ਨੂੰ ਅਪੀਲ ਕੀਤੀ ਹੈ ਕਿ ਮਾਮਲੇ ਦੀ ਨਿਰਪੱਖ ਅਤੇ ਡੂੰਘਾਈ ਨਾਲ ਜਾਂਚ ਕੀਤੀ ਜਾਵੇ ਅਤੇ ਜੇਕਰ ਮੌਤ ਪਿੱਛੇ ਕੋਈ ਸ਼ੱਕੀ ਕਾਰਨ ਸਾਹਮਣੇ ਆਉਂਦਾ ਹੈ ਤਾਂ ਉਸ ਦੀ ਪੜਤਾਲ ਕਰਕੇ ਬਣਦੀ ਕਾਰਵਾਈ ਕੀਤੀ ਜਾਵੇ। ਪਰਿਵਾਰ ਨੇ ਮੌਤ ਨਾਲ ਜੁੜੇ ਸਾਰੇ ਤੱਥਾਂ ਦੀ ਜਾਂਚ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧੀ ਥਾਣਾ ਕੋਟਧਰਮੂ ਦੇ ਇੰਚਾਰਜ ਬਲਜਿੰਦਰ ਸਿੰਘ ਨੇ ਦੱਸਿਆ ਕਿ ਮੁੱਢਲੀ ਜਾਣਕਾਰੀ ਅਨੁਸਾਰ ਮਹਿਲਾ ਦੀ ਮੌਤ ਕੁਦਰਤੀ ਜਾਪਦੀ ਹੈ। ਹਾਲਾਂਕਿ ਮੌਤ ਦੇ ਅਸਲ ਕਾਰਨਾਂ ਬਾਰੇ ਸਥਿਤੀ ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਸਪੱਸ਼ਟ ਹੋ ਸਕੇਗੀ। ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਮਾਮਲੇ ਸਬੰਧੀ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਜਾਂਚ ਜਾਰੀ ਹੈ। ਦੂਜੇ ਪਾਸੇ, ਜ਼ਮੀਨ ਦੀ ਰਜਿਸਟਰੀ ਕਰਵਾਉਣ ਵਾਲੇ ਵਿਅਕਤੀਆਂ ਨੇ ਪਰਿਵਾਰ ਵੱਲੋਂ ਲਗਾਏ ਗਏ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ 'ਤੇ ਲਗਾਏ ਗਏ ਦੋਸ਼ਾਂ ਵਿਚ ਕੋਈ ਸੱਚਾਈ ਨਹੀਂ ਹੈ। ਪੁਲਸ ਜਾਂਚ ਅਤੇ ਪੋਸਟਮਾਰਟਮ ਰਿਪੋਰਟ ਤੋਂ ਬਾਅਦ ਹੀ ਮੌਤ ਦੇ ਅਸਲ ਕਾਰਨਾਂ ਬਾਰੇ ਸਥਿਤੀ ਸਪੱਸ਼ਟ ਹੋਣ ਦੀ ਉਮੀਦ ਹੈ।

## ਬਠਿੰਡਾ 'ਚ ਵੱਡੀ ਵਾਰਦਾਤ : ਸੇਵਾਮੁਕਤ ਪਟਵਾਰੀ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ, ਮੌਤ

ਭੁੱਚੋ ਮੰਡੀ 22 ਸਤੰਬਰ। ਬਠਿੰਡਾ ਦੀ ਭੁੱਚੋ ਮੰਡੀ 'ਚ ਬੀਤੀ ਰਾਤ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਬਾਲਿਆਂਵਾਲੀ ਰੋਡ 'ਤੇ ਗੁਰਦੁਆਰਾ ਸਿੰਘ ਸਭਾ ਸਾਹਿਬ ਦੇ ਪਿਛਲੇ ਪਾਸੇ ਸਥਿਤ ਇਕ ਘਰ 'ਚ ਦਾਖਲ ਹੋਏ ਅਣਪਛਾਤੇ ਵਿਅਕਤੀਆਂ ਨੇ ਸੇਵਾਮੁਕਤ ਪਟਵਾਰੀ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਉਕਤ ਪਟਵਾਰੀ ਘਰ 'ਚ ਇਕੱਲਾ ਰਹਿੰਦਾ ਸੀ। ਅਚਾਨਕ ਹੋਏ ਇਸ ਹਮਲੇ ਕਾਰਨ ਉਹ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਮ੍ਰਿਤਕ ਸੇਵਾਮੁਕਤ ਪਟਵਾਰੀ ਦੀ ਪਛਾਣ ਗੁਲਜ਼ਾਰ ਸਿੰਘ (69) ਵਜੋਂ ਹੋਈ ਹੈ, ਜਿਸ ਨੂੰ ਇਲਾਜ ਲਈ ਹਸਪਤਾਲ ਲੈ ਕੇ ਜਾਣ 'ਤੇ ਮੌਤ ਹੋ ਗਈ। ਜਾਣਕਾਰੀ ਅਨੁਸਾਰ ਕਤਲ ਦੀ ਇਹ ਵਾਰਦਾਤ ਰਾਤ ਕਰੀਬ ਸਾਢੇ 10 ਵਜੇ ਦੇ ਕਰੀਬ ਵਾਪਰੀ ਹੈ। ਮ੍ਰਿਤਕ ਦੇ ਪੁੱਤਰ ਅਮਨਦੀਪ ਸਿੰਘ ਨੇ ਦੱਸਿਆ ਕਿ ਕੁਝ ਅਣਪਛਾਤੇ ਵਿਅਕਤੀ ਕੰਧ ਟੱਪ ਕੇ ਘਰ ਅੰਦਰ ਦਾਖਲ ਹੋਏ ਅਤੇ ਉਨ੍ਹਾਂ ਦੇ ਪਿਤਾ 'ਤੇ ਹਮਲਾ ਕਰ ਦਿੱਤਾ। ਹਮਲੇ ਦੌਰਾਨ ਗੁਲਜ਼ਾਰ ਸਿੰਘ ਦੀਆਂ ਚੀਕਾਂ ਸੁਣ ਕੇ ਨਾਲ ਲੱਗਦੇ ਗੁਰਦੁਆਰਾ ਸਾਹਿਬ ਦੇ ਪਾਠੀ ਨੇ ਰੌਲਾ ਪਾਇਆ, ਜਿਸ ਤੋਂ ਬਾਅਦ ਹਮਲਾਵਰ ਮੌਕੇ ਤੋਂ ਫ਼ਰਾਰ ਹੋ ਗਏ। ਘਟਨਾ ਦੀ ਸੂਚਨਾ ਮਿਲਣ 'ਤੇ ਪੁਲਸ ਮੌਕੇ 'ਤੇ ਪਹੁੰਚ ਗਈ, ਜਿਸ ਨੇ ਇਸ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ। ਫੋਰੈਂਸਿਕ ਟੀਮ ਵੱਲੋਂ ਘਰ ਦੀ ਜਾਂਚ ਕਰ ਕੇ ਸਬੂਤ ਇਕੱਠੇ ਕੀਤੇ ਗਏ ਅਤੇ ਘਰ ਨੂੰ ਸੀਲ ਕਰ ਦਿੱਤਾ ਗਿਆ। ਪੁਲਸ ਵੱਲੋਂ ਹਮਲਾਵਰਾਂ ਦੀ ਪਛਾਣ ਕਰਨ ਅਤੇ ਹਮਲੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਵੱਖ-ਵੱਖ ਪਹਿਲੂਆਂ ਤੋਂ ਜਾਂਚ ਕੀਤੀ ਜਾ ਰਹੀ ਹੈ। ਪੁਲਸ ਹਮਲੇ ਵਾਲੀ ਥਾਂ ਦੇ ਆਲੇ-ਦੁਆਲੇ ਲੱਗੇ ਸੀਸੀਟੀਵੀ ਕੈਮਰੇ ਵੀ ਚੈਕ ਕਰ ਰਹੀ ਹੈ।

# ਪਤਾ ਪੁੱਛਣ ਬਹਾਨੇ ਮਹਿਲਾ ਕੋਲੋਂ ਮੋਬਾਇਲ ਖੋਹ ਕੇ ਭੱਜ ਰਹੇ ਲੁਟੇਰਿਆਂ ਨੂੰ ਦਬੋਚ ਲੋਕਾਂ ਨੇ ਕੀਤੀ ਕੁੱਟਮਾਰ

**ਕੌਮੀ ਪਤ੍ਰਿਕਾ**

ਲੁਧਿਆਣਾ 22 ਸਤੰਬਰ। ਅਬਦੁੱਲਾਪੁਰ ਬਸਤੀ ਖੇਤਰ ਨੇੜੇ ਦਿਨ-ਦਿਹਾੜੇ ਇਕ ਔਰਤ ਦਾ ਮੋਬਾਇਲ ਫੋਨ ਖੋਹਣ ਵਾਲੇ ਤਿੰਨ ਬਦਨਾਮ ਸਾਈਕਲ ਸਵਾਰ ਸਨੈਚਰਾਂ ਨੂੰ ਲੋਕਾਂ ਨੇ ਫੜ ਲਿਆ। ਔਰਤ ਦੀਆਂ ਚੀਕਾਂ ਸੁਣ ਕੇ ਰਾਹਗੀਰ ਅਤੇ ਸਥਾਨਕ ਦੁਕਾਨਦਾਰ ਇਕੱਠੇ ਹੋ ਗਏ ਅਤੇ ਤਿੰਨਾਂ ਮੁਲਜ਼ਮਾਂ ਦੀ ਕੁੱਟਮਾਰ ਕੀਤੀ ਅਤੇ ਬਾਅਦ 'ਚ ਉਨ੍ਹਾਂ ਨੂੰ ਮੌਕੇ 'ਤੇ ਪਹੁੰਚੀ ਪੁਲਸ ਦੇ ਹਵਾਲੇ ਕਰ ਦਿੱਤਾ। ਤਲਾਸ਼ੀ ਦੌਰਾਨ ਮੁਲਜ਼ਮਾਂ ਤੋਂ ਇਕ ਨਸ਼ੀਲੇ ਪਦਾਰਥ ਦਾ ਟੀਕਾ ਵੀ ਬਰਾਮਦ ਹੋਇਆ, ਜਿਸ ਨਾਲ ਸ਼ੱਕ ਪੈਦਾ ਹੋਇਆ ਕਿ ਮੁਲਜ਼ਮ ਆਪਣੇ ਨਸ਼ੇ ਦੀ ਆਦਤ ਨੂੰ ਪੂਰਾ ਕਰਨ ਲਈ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ। ਚਸ਼ਮਦੀਦਾਂ ਮੁਤਾਬਕ ਪੀੜਤਾ ਮਧੂ ਸਵੇਰੇ ਕੰਮ 'ਤੇ ਜਾ ਰਹੀ ਸੀ। ਜਿਵੇਂ ਹੀ ਉਹ ਅਬਦੁੱਲਾਪੁਰ ਬਸਤੀ ਨੇੜੇ ਪਹੁੰਚੀ ਇਕ ਮੋਟਰਸਾਈਕਲ 'ਤੇ ਸਵਾਰ ਤਿੰਨ ਨੌਜਵਾਨਾਂ ਨੇ ਉਨ੍ਹਾਂ ਦੀ ਮੋਟਰਸਾਈਕਲ ਰੋਕ ਲਈ। ਦੋਸ਼ੀਆਂ ਨੇ



ਰਸਤਾ ਪੁੱਛਣ ਦੇ ਬਹਾਨੇ ਔਰਤ ਦਾ ਨੂੰ ਆਪਣੀਆਂ ਗੱਲਾਂ ਵਿਚ ਉਲਝਾਉਣ ਦੀ ਕੋਸ਼ਿਸ਼ ਕੀਤੀ। ਜਿਵੇਂ ਹੀ ਔਰਤ ਦਾ ਧਿਆਨ ਭਟਕਿਆ ਤਾਂ ਉਨ੍ਹਾਂ ਨੇ ਉਸ ਦੇ ਹੱਥੋਂ ਮੋਬਾਇਲ ਫੋਨ ਖੋਹ ਲਿਆ ਅਤੇ ਭੱਜਣ ਦੀ ਕੋਸ਼ਿਸ਼ ਕੀਤੀ। ਪੀੜਤਾ ਨੇ ਬਹਾਦਰੀ ਵਿਖਾਉਂਦੇ ਹੋਏ ਉੱਚੀ-ਉੱਚੀ ਚੀਕਣਾ ਸ਼ੁਰੂ ਕਰ ਦਿੱਤਾ। ਹੰਗਾਮਾ ਸੁਣ ਕੇ ਨੇੜਲੇ ਲੋਕ ਅਤੇ ਰਾਹਗੀਰ ਤੁਰੰਤ ਹਰਕਤ ਵਿਚ ਆਏ ਅਤੇ ਭੱਜ ਰਹੇ ਨੌਜਵਾਨਾਂ ਨੂੰ ਘੇਰਾਬੰਦੀ ਕਰਕੇ ਕਾਬੂ ਕੀਤਾ। ਗੁੱਸੇ ਵਿੱਚ ਆਈ ਭੀੜ ਨੇ ਤਿੰਨਾਂ ਦੋਸ਼ੀਆਂ ਨੂੰ ਕੁੱਟਿਆ, ਜਿਸ ਨਾਲ ਇਲਾਕੇ 'ਚ ਵੱਡੀ ਭੀੜ ਇਕੱਠੀ ਹੋ ਗਈ। ਘਟਨਾ ਦੀ ਸੂਚਨਾ ਤੁਰੰਤ ਪੁਲਸ ਕੰਟਰੋਲ ਰੂਮ ਨੂੰ ਦਿੱਤੀ ਗਈ। ਸੂਚਨਾ ਮਿਲਣ 'ਤੇ ਸਬੰਧਤ ਪੁਲਸ ਥਾਣੇ ਦੀ ਪੀ. ਸੀ. ਆਰ. ਟੀਮ ਮੌਕੇ 'ਤੇ ਪਹੁੰਚੀ ਅਤੇ ਤਿੰਨਾਂ ਦੋਸ਼ੀਆਂ ਨੂੰ ਲੋਕਾਂ ਦੇ ਚੁੰਗਲ ਤੋਂ ਛੁਡਾਇਆ ਅਤੇ ਉਨ੍ਹਾਂ ਨੂੰ ਹਿਰਾਸਤ 'ਚ ਲੈ ਲਿਆ। ਤਲਾਸ਼ੀ ਦੌਰਾਨ ਦੋਸ਼ੀਆਂ ਤੋਂ ਚੋਰੀ ਕੀਤਾ ਮੋਬਾਇਲ ਫੋਨ, ਵਾਰਦਾਤ 'ਚ ਵਰਤਿਆ ਗਿਆ ਮੋਟਰਸਾਈਕਲ ਅਤੇ ਇਕ ਨਸ਼ੀਲੇ ਪਦਾਰਥ ਦਾ ਟੀਕਾ ਬਰਾਮਦ ਕੀਤਾ ਗਿਆ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਤਿੰਨਾਂ ਦੋਸ਼ੀਆਂ ਨੂੰ ਉਨ੍ਹਾਂ ਦੇ ਅਪਰਾਧਿਕ ਰਿਕਾਰਡ ਅਤੇ ਸ਼ਹਿਰ 'ਚ ਹੋਰ ਸਨੈਚਿੰਗ ਦੀਆਂ ਘਟਨਾਵਾਂ ਦਾ ਪਤਾ ਲਗਾਉਣ ਲਈ ਪੁੱਛਗਿੱਛ ਲਈ ਥਾਣੇ ਲਿਜਾਇਆ ਜਾ ਰਿਹਾ ਹੈ। ਉਨ੍ਹਾਂ ਵਿਰੁੱਧ ਆਈ. ਪੀ. ਸੀ. ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਅੰਤਰਰਾਸ਼ਟਰੀ ਮੰਚ ਵੱਲੋਂ ਅਧਿਆਪਕਾਂ ਦਾ ਸਨਮਾਨ ਸਮਾਰੋਹ

# ਅਧਿਆਪਕਾਂ ਦਾ ਸਨਮਾਨ ਕਰਨਾ ਮਾਣ ਵਾਲੀ ਗੱਲ - ਵਿਜੇਪਾਲ ਤੋਮਰ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ। ਅੰਤਰਰਾਸ਼ਟਰੀ ਸਮਰਸਤਾ ਮੰਚ ਵੱਲੋਂ ਦਿੱਲੀ ਦੀ ਭਗਵਾਨ ਦਾਸ ਰੋਡ 'ਤੇ ਸਥਿਤ ਸੁਪਰੀਮ ਕੋਰਟ ਦੇ ਆਈ.ਐਸ.ਆਈ.ਐਲ. ਦੇ ਸ???ਰ ਵਿੱਚ ਸਾਬਕਾ ਰਾਸ਼ਟਰਪਤੀ ਭਾਰਤ ਰਤਨ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਜੀ ਦੀ ਜਯੰਤੀ ਅਧਿਆਪਕ ਦਿਵਸ ਦੇ ਮੌਕੇ 'ਤੇ ਅਧਿਆਪਕਾਂ ਦੇ ਸਨਮਾਨ ਦਾ ਸ਼ਾਨਦਾਰ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦੇ ਮੁੱਖ ਮਹਿਮਾਨ ਭਾਜਪਾ ਕਿਸਾਨ ਮੋਰਚਾ ਦੇ ਸਾਬਕਾ ਰਾਸ਼ਟਰੀ ਪ੍ਰਧਾਨ, ਰਾਜ ਸਭਾ ਸਾਂਸਦ ਅਤੇ ਓਡੀਸ਼ਾ ਦੇ ਇੰਚਾਰਜ ਵਿਜੇਪਾਲ ਸਿੰਘ ਤੋਮਰ ਰਹੇ। ਆਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ ਕਿ ਅਧਿਆਪਕਾਂ ਦਾ ਸਨਮਾਨ ਕਰਨਾ ਅਸਲ ਵਿੱਚ ਬੜੇ ਹੀ ਮਾਣ ਅਤੇ ਗੌਰਵ ਦੀ ਗੱਲ ਹੈ। ਪ੍ਰੋਗਰਾਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਅੰਤਰਰਾਸ਼ਟਰੀ ਪੱਧਰ 'ਤੇ ਮਸ਼ਹੂਰ ਸੁਪਰੀਮ ਕੋਰਟ ਦੇ ਸੀਨੀਅਰ ਐਡਵੋਕੇਟ ਡਾ. ਏ ਪੀ ਸਿੰਘ ਨੇ ਆਪਣੇ ਕ੍ਰਾਂਤੀਕਾਰੀ ਸੰਬੋਧਨ ਵਿੱਚ ਕਿਹਾ ਕਿ ਅਧਿਆਪਕਾਂ ਤੋਂ ਬਿਨਾਂ ਖੁਸ਼ਹਾਲ ਭਾਰਤ ਦੀ ਕਲਪਨਾ ਵੀ ਬੇਮਾਅਨੇ ਹੈ। ਪੱਛਮੀ ਬੰਗਾਲ ਤੋਂ ਭਾਜਪਾ ਦੇ ਸਾਂਸਦ ਅਤੇ ਕੋਚਬਿਹਾਰ ਦੇ ਸ਼ਾਹੀ ਪਰਿਵਾਰ ਨਾਲ ਸਬੰਧ ਰੱਖਣ ਵਾਲੇ ਨਗੇਂਦਰ ਰਾਏ ਅਨੰਤ ਮਹਾਰਾਜ ਨੇ ਵੀ ਅਧਿਆਪਕਾਂ ਦੀ ਮਹਿਮਾ ਦਾ




ਬਖਾਨ ਕੀਤਾ, ਮੀਡੀਆ ਵੱਲੋਂ ਨੇਤਾ ਜੀ ਸੁਭਾਸ਼ ਚੰਦਰ ਬੋਸ 'ਤੇ ਕੀਤੀ ਗਈ ਟਿੱਪਣੀ ਦੇ ਸਬੰਧ ਵਿੱਚ ਉਨ੍ਹਾਂ ਤੋਂ ਪੁੱਛੇ ਜਾਣ 'ਤੇ ਉਨ੍ਹਾਂ ਨੇ ਇਸ ਵਿਸ਼ੇ 'ਤੇ ਆਪਣੇ ਕਾਨੂੰਨੀ ਤੌਰ 'ਤੇ ਅਧਿਕਾਰਤ ਐਡਵੋਕੇਟ ਡਾ. ਏ ਪੀ ਸਿੰਘ ਜੀ ਤੋਂ ਸਵਾਲ ਜਵਾਬ ਕਰਨ ਦੀ ਗੱਲ ਕਹੀ। ਪ੍ਰੋਗਰਾਮ ਵਿੱਚ ਕਟਕ ਹਾਈ ਕੋਰਟ ਭੁਵਨੇਸ਼ਵਰ ਦੇ ਜੱਜ ਰਹੇ ਜਸਟਿਸ ਇਸ਼ਰਤ ਮਸਰੂਰ ਕੁਦੂਸੀ, ਰਾਜਸਥਾਨ ਹਾਈ ਕੋਰਟ ਦੇ ਜੱਜ ਰਹੇ ਜਸਟਿਸ ਜੇ ਕੇ ਰਾਂਕਾ, ਚਾਂਸਲਰ ਗਣੇਸ਼ੀਆ ਜੀ, ਬਿਮਲਾ ਕਸ਼ਟਹਰੀਆ (ਅੰਮਾ ਜੀ), ਗੀਤਾ ਚੌਹਾਨ ਐਡਵੋਕੇਟ ਸੁਪਰੀਮ ਕੋਰਟ, ਐਚ ਐਨ ਸਿੰਘ ਸਮੇਤ ਕਈ ਪਤਵੰਤੇ ਸੱਜਣ ਹਾਜ਼ਰ ਰਹੇ। ਪ੍ਰੋਗਰਾਮ ਵਿੱਚ ਸਾਰੇ ਮਹਿਮਾਨਾਂ ਵੱਲੋਂ ਅਧਿਆਪਕਾਂ ਨੂੰ ਪੱਗ, ਹਾਰ, ਸ਼ਾਲ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਡਾ. ਰਾਧਾਕ੍ਰਿਸ਼ਨਨ ਜੀ ਦੀ ਤਸਵੀਰ 'ਤੇ ਮਾਲਾ ਪਾ ਕੇ ਹੋਈ। ਜ਼ਿਕਰਯੋਗ ਹੈ ਕਿ ਸਮਰਸਤਾ ਮੰਚ ਦੀ ਸਥਾਪਨਾ ਨੇਪਾਲ ਦੇ ਸਾਬਕਾ ਉਪ ਰਾਸ਼ਟਰਪਤੀ ਦੇ ਸੱਭਿਆਚਾਰਕ ਸਲਾਹਕਾਰ ਸਵ. ਮਹਾਵੀਰ ਪ੍ਰਸਾਦ ਜੀ ਨੇ ਕੀਤੀ ਸੀ। ਪ੍ਰੋਗਰਾਮ ਦਾ ਸਫਲ ਆਯੋਜਨ ਕੁਲਦੀਪ ਪ੍ਰਸਾਦ ਸ਼ਰਮਾ, ਐਡਵੋਕੇਟ, ਕਾਠਮੰਡੂ ਵੱਲੋਂ ਕੀਤਾ ਗਿਆ, ਪ੍ਰੋਗਰਾਮ ਵਿੱਚ ਨਾਸ਼ਤੇ ਅਤੇ ਦੁਪਹਿਰ ਦੇ ਖਾਣੇ ਦਾ ਵੀ ਪ੍ਰਬੰਧ ਰੱਖਿਆ ਗਿਆ ਸੀ।

## ਵੱਖ-ਵੱਖ ਥਾਵਾਂ ਤੋਂ ਹੈਰੋਇਨ ਸਮੇਤ 8 ਮੁਲਜ਼ਮ ਗ੍ਰਿਫ਼ਤਾਰ

ਬਠਿੰਡਾ 22 ਸਤੰਬਰ। ਜ਼ਿਲ੍ਹਾ ਪੁਲਸ ਵੱਲੋਂ ਨਸ਼ਾ ਤਸਕਰਾਂ ਖ਼?ਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਵੱਖ-ਵੱਖ ਥਾਵਾਂ ਤੋਂ ਹੈਰੋਇਨ ਸਮੇਤ 8 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਨੇ ਸਾਰੇ ਮੁਲਜ਼ਮਾਂ ਖ਼?ਲਾਫ਼ ਸਬੰਧਿਤ ਥਾਣਿਆਂ 'ਚ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਸੀ. ਆਈ. ਏ-2 ਨੇ ਰਹਿਣ ਵਾਲੇ ਮੁਲਜ਼ਮ ਬੂਟਾ ਸਿੰਘ ਨੂੰ ਸੁਰਖਪੀਰ ਰੋਡ ਤੋਂ ਗ੍ਰਿਫ਼ਤਾਰ ਕਰ ਕੇ ਉਸ ਕੋਲੋਂ 18 ਗ੍ਰਾਮ ਹੈਰੋਇਨ ਬਰਾਮਦ ਕੀਤੀ। ਇਸੇ ਤਰ੍ਹਾਂ ਥਾਣਾ ਕੈਨਾਲ ਕਾਲੋਨੀ ਪੁਲਸ ਨੇ ਨਹਿਰ ਦੇ ਨੇੜੇ ਰੇਲਵੇ ਲਾਈਨ ਤੋਂ ਪ੍ਰਵੇਸ਼ ਕੁਮਾਰ ਨੂੰ ਕਾਬੂ ਕਰ ਕੇ ਉਸ ਕੋਲੋਂ 8.63 ਗ੍ਰਾਮ ਹੈਰੋਇਨ ਬਰਾਮਦ ਕੀਤੀ। ਥਾਣਾ ਭਗਤਾ ਭਾਈਕਾ ਪੁਲਸ ਨੇ ਬੁਰਜ ਲੱਧਾ ਸਿੰਘ ਵਾਲਾ ਤੋਂ ਸਤਨਾਮ ਸਿੰਘ ਨੂੰ ਗ੍ਰਿਫ਼ਤਾਰ ਕੀਤਾ। ਉਸ ਦੇ ਕਬਜ਼ੇ 'ਚੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ। ਉੱਥੇ ਹੀ ਥਾਣਾ ਫੂਲ ਪੁਲਸ ਨੇ ਪਿੰਡ ਰਾਈਆ ਤੋਂ ਗੁਰਪ੍ਰੀਤ ਸਿੰਘ, ਕਿਰਨਦੀਪ ਕੌਰ ਅਤੇ ਵੀਰਪਾਲ ਕੌਰ ਵਾਸੀ ਰਾਈਆ ਨੂੰ ਗ੍ਰਿਫ਼ਤਾਰ ਕੀਤਾ। ਪੁਲਸ ਨੇ ਤਿੰਨਾਂ ਮੁਲਜ਼ਮਾਂ ਕੋਲੋਂ 2.15 ਗ੍ਰਾਮ ਹੈਰੋਇਨ ਬਰਾਮਦ ਕੀਤੀ। ਇੱਕ ਹੋਰ ਮਾਮਲੇ 'ਚ ਥਾਣਾ ਮੌੜ ਪੁਲਸ ਨੇ ਟਾਹਲਾ ਸਾਹਿਬ ਨਹਿਰ ਦੇ ਨੇੜੇ ਕਾਰਵਾਈ ਕਰਦਿਆਂ ਸੰਧੋਹਾ ਵਾਸੀ ਗੁਰਪ੍ਰੀਤ ਸਿੰਘ ਅਤੇ ਗੁਰਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ। ਪੁਲਸ ਨੇ ਦੋਵਾਂ ਦੇ ਕਬਜ਼ੇ 'ਚੋਂ 9 ਗ੍ਰਾਮ ਹੈਰੋਇਨ ਬਰਾਮਦ ਕੀਤੀ। ਪੁਲਸ ਵੱਲੋਂ ਸਾਰੇ ਮੁਲਜ਼ਮਾਂ ਖ਼?ਲਾਫ਼ ਮਾਮਲੇ ਦਰਜ ਕਰ ਲਏ ਗਏ ਹਨ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਪੁਲਸ ਅਧਿਕਾਰੀਆਂ ਨੇ ਕਿਹਾ ਕਿ ਨਸ਼ਿਆਂ ਖ਼?ਲਾਫ਼ ਮੁਹਿੰਮ ਲਗਾਤਾਰ ਜਾਰੀ ਰਹੇਗੀ ਅਤੇ ਨਸ਼ਾ ਤਸਕਰੀ 'ਚ ਸ਼ਾਮਲ ਵਿਅਕਤੀਆਂ ਖ਼?ਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਫਿਰੋਜ਼ਪੁਰ ਰੇਲਵੇ ਡਿਵੀਜ਼ਨ 'ਚ ਪਹਿਲੀ ਵਾਰ ਰੇਡੀਓਫਰੀਕੁਐਂਸੀ ਐਬਲੇਸ਼ਨ ਇਲਾਜ ਦੀ ਸਫਲ ਸ਼ੁਰੂਆਤ

ਜੈਤੋ 22 ਸਤੰਬਰ। ਉੱਤਰੀ ਰੇਲਵੇ ਦੀ ਫਿਰੋਜ਼ਪੁਰ ਡਿਵੀਜ਼ਨ ਨੇ ਵੀਰਵਾਰ ਨੂੰ ਜਾਰੀ ਇੱਕ ਪ੍ਰੈਸ ਰਿਲੀਜ਼ ਵਿੱਚ ਇੱਕ ਮਹੱਤਵਪੂਰਨ ਪ੍ਰਾਪਤੀ ਦਾ ਐਲਾਨ ਕੀਤਾ। ਗੋਡਿਆਂ ਦੇ ਗਠੀਏ ਕਾਰਨ ਹੋਣ ਵਾਲੇ ਦਰਦ ਦੇ ਪ੍ਰਬੰਧਨ ਲਈ ਡਿਵੀਜ਼ਨਲ ਰੇਲਵੇ ਹਸਪਤਾਲ, ਫਿਰੋਜ਼ਪੁਰ ਵਿਖੇ ਰੇਡੀਓਫ੍ਰੀਕੁਐਂਸੀ ਐਬਲੇਸ਼ਨ ਸਹੂਲਤ ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਆਧੁਨਿਕ ਸਹੂਲਤ ਮੁੱਖ ਮੈਡੀਕਲ ਸੁਪਰਡੈਂਟ ਡਾ. ਰੰਜਨਾ ਸਹਿਗਲ ਦੀ ਅਗਵਾਈ ਹੇਠ ਡਿਵੀਜ਼ਨਲ ਹਸਪਤਾਲ ਵਿੱਚ ਸ਼ੁਰੂ ਕੀਤੀ ਗਈ ਸੀ। ਆਰਥੋਪੀਡਿਕ ਸਰਜਨ ਡਾ. ਅਮਿਤ ਸ਼ੇਰਸੀਆ ਨੇ ਦੱਸਿਆ ਕਿ ਇਹ ਤਕਨੀਕ ਖਾਸ ਤੌਰ 'ਤੇ ਉਨ੍ਹਾਂ ਮਰੀਜ਼ਾਂ ਲਈ ਲਾਭਦਾਇਕ ਹੈ ਜਿਨ੍ਹਾਂ ਦੇ ਗੋਡੇ ਮੁਕਾਬਲਤਨ ਛੋਟੀ ਉਮਰ (40-50 ਸਾਲ) ਵਿੱਚ ਓਸਟੀਓਆਰਥਾਈਟਿਸ ਕਾਰਨ ਵਿਗੜ ਗਏ ਹਨ, ਜਦੋਂ ਗੋਡੇ ਬਦਲਣ ਦੀ ਸਰਜਰੀ ਦੀ ਸਲਾਹ ਨਹੀਂ ਦਿੱਤੀ ਜਾਂਦੀ ਜਾਂ ਉਨ੍ਹਾਂ ਲਈ ਜੋ ਸਿਰਫ਼ ਬਦਲਣ ਦੀ ਪ੍ਰਕਿਰਿਆ ਨਹੀਂ ਕਰਵਾਉਣਾ ਚਾਹੁੰਦੇ। ਇਸ ਤੋਂ ਇਲਾਵਾ ਇਹ ਉਨ੍ਹਾਂ ਮਰੀਜ਼ਾਂ ਲਈ ਦਰਦ ਪ੍ਰਬੰਧਨ ਵਿਕਲਪ ਵਜੋਂ ਕੰਮ ਕਰਦਾ ਹੈ ਜਿਨ੍ਹਾਂ ਨੂੰ ਗੋਡੇ ਬਦਲਣ ਦੀ ਸਰਜਰੀ ਦੀ ਲੋੜ ਹੁੰਦੀ ਹੈ ਪਰ ਡਾਕਟਰੀ ਕਾਰਨਾਂ ਕਰਕੇ ਇਸਨੂੰ ਤੁਰੰਤ ਨਹੀਂ ਕਰਵਾ ਸਕਦੇ। ਰੇਡੀਓਫ੍ਰੀਕੁਐਂਸੀ ਐਬਲੇਸ਼ਨ ਵਿੱਚ ਨਿਯੰਤਰਿਤ ਰੇਡੀਓਫ੍ਰੀਕੁਐਂਸੀ ਊਰਜਾ ਦੀ ਵਰਤੋਂ ਕਰਕੇ ਦਰਦ ਪੈਦਾ ਕਰਨ ਵਾਲੀਆਂ ਨਸਾਂ ਨੂੰ ਅਕਿਰਿਆਸ਼ੀਲ ਕਰਨਾ ਸ਼ਾਮਲ ਹੈ। ਇਹ ਦਰਦ ਤੋਂ ਰਾਹਤ ਪ੍ਰਦਾਨ ਕਰਦਾ ਹੈ ਅਤੇ ਮਰੀਜ਼ ਦੀ ਗਤੀਸ਼ੀਲਤਾ ਵਿੱਚ ਸੁਧਾਰ ਕਰਦਾ ਹੈ।


### NAME CHANGE
I, PRITI DAS D/O DALIP KUMAR residing at D-293 JJ COLONY KHYALA, DELHI-110018 , have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O G-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



### ਉੱਤਰ ਰੇਲਵੇ

**ਈ-ਨਿਵਿਦਾ (ਈ-ਪ੍ਰੋਕਯੂਮੈਂਟ) ਦੇ ਮਾਧਿਅਮ ਨਾਲ ਨਿਵਿਦਾ ਮੰਗ**

ਹੇਠਾਂ ਲਿਖਤ ਕੰਮ ਦੇ ਲਈ ਸੀਨੀਅਰ ਮੰਡਲ ਇੰਜੀਨੀਅਰ/ II, ਉਤਰ ਰੇਲਵੇ, ਦਿੱਲੀ ਮੰਡਲ ਵਿਚ ਈ-ਟੈਂਡਰ ਦੀ ਮੰਗ।

| | |
|---|---|
| NIT-22 | **ਕੰਮ ਦਾ ਨਾਮ :** ਸੀਨੀਅਰ ਮੰਡਲ ਇੰਜੀਨੀਅਰ-ਸੈਕਿੰਡ / ਦਿੱਲੀ ਦੇ ਖੇਤਰਾਧਿਕਾਰ ਵਿਚ ਸਹਾਇਕ ਮੰਡਲ ਇੰਜੀਨੀਅਰ ਗਾਜੀਆਬਾਦ ਦੇ ਤਹਿਤ SSE/Pway/I/ਗਾਜੀਆਬਾਦ ਅਤੇ SSE/P.Way/II/ ਗਾਜੀਆਬਾਦ ਦੇ ਅਨੁਭਾਗ ਵਿਚ ਗਾਜੀਆਬਾਦ ਯਾਰਡ ਵਿਚ ਯਾਰਡ ਸੁਧਾਰ ਦਾ ਕੰਮ।<br>**ਕੰਮ ਦੀ ਅੰਦਾਜਨ ਲਾਗਤ (ਰੁਪਏ) :** ₹ 9,02,27,655.90 /–<br>**ਬਿਆਨਾ ਰਾਸ਼ੀ (ਰੁਪਏ) :** ₹ 18,04,600.00 /– |
| NIT-25 | **ਕੰਮ ਦਾ ਨਾਮ :** ਸੀਨੀਅਰ ਮੰਡਲ ਇੰਜੀਨੀਅਰ-ਸੈਕਿੰਡ / ਦਿੱਲੀ ਦੇ ਖੇਤਰਾਧਿਕਾਰ ਵਿਚ 1.) ਸਹਾਇਕ ਮੰਡਲ ਇੰਜੀਨੀਅਰ ਗਾਜੀਆਬਾਦ ਦੇ ਤਹਿਤ SSE/Pway/I/ਗਾਜੀਆਬਾਦ ਦੇ ਅਨੁਭਾਗ ਵਿਚ SBB, APNL ਅਤੇ DSA ਯਾਰਡ ਵਿਚ ਸੁਧਾਰ ਦਾ ਕੰਮ, 2) ਸਾਲ 2026-27 ਦੇ ਲਈ ਸਹਾਇਕ ਮੰਡਲ ਇੰਜੀਨੀਅਰ SMQL ਸੇਕਸ਼ਨ ਵਿਚ ਯਾਰਡ ਸੁਧਾਰ ਦਾ ਕੰਮ। 3.) ਸਹਾਇਕ ਮੰਡਲ ਇੰਜੀਨੀਅਰ ਗਾਜੀਆਬਾਦ ਦੇ ਤਹਿਤ SSE/P.Way/I/ ਗਾਜੀਆਬਾਦ ਦੇ ਅਨੁਭਾਗ ਵਿਚ ਵੇਲਡਿੰਗ ਦੇ ਦੌਰਾਨ 25mm ਦਾ ਗੈਪ (In-situ)।<br>**ਕੰਮ ਦੀ ਅੰਦਾਜਨ ਲਾਗਤ (ਰੁਪਏ) :** ₹ 5,16,87,562.34 /–<br>**ਬਿਆਨਾ ਰਾਸ਼ੀ (ਰੁਪਏ) :** ₹ 10,33,800.00 /– |
| **ਨਿਵਿਦਾ ਖੋਹਲਣ ਦੀ ਮਿਤੀ ਅਤੇ ਸਮਾਂ** | 13.10.2026 15:00 ਬਜੇ |
| **ਵੈਬਸਾਈਟ ਵੇਰਵਾ ਜਿਥੋਂ ਨਿਵਿਦਾ ਦਸਤਾਵੇਜਾਂ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ** | ਨਿਵਿਦਾ www.ireps.gov.in ਵੈਬਸਾਈਟ 'ਤੇ ਉਪਲਬਧ। |

- ਠੇਕੇਦਾਰਾਂ ਨੂੰ ਈ-ਟੈਂਡਰ ਪ੍ਰਣਾਲੀ ਵਿਚ ਭਾਗ ਲੈਣ ਦੇ ਲਈ ਭਾਰਤੀਯ ਰੇਲਵੇ ਈ-ਪ੍ਰੋਕਯੋਰਮੈਂਟ ਸਿਸਟਮ) (IREPS) ਸਾਈਟ ਯਾਨੀ www.ireps.gov.in ਦੇ ਤਹਿਤ ਰਜਿਸਟਰਡ ਹੋਣਾ ਚਾਹੀਦਾ।
- ਸਾਰੇ ਨਿਯਮਾਂ ਅਤੇ ਸ਼ਰਤਾਂ ਦੇ ਲਈ ਕਿਰਪਾ ਟੈਂਡਰ ਦਸਤਾਵੇਜ ਦੇਖੋ।
- ਮੈਨੂੰਅਲ ਟੈਂਡਰ ਸਵੀਕ੍ਰਿਤ ਨਹੀਂ ਕੀਤੇ ਜਾਣਗੇ।
- ਟੈਂਡਰ ਦਸਤਾਵੇਜ ਅਤੇ ਬਿਆਨਾ ਦੀ ਲਾਗਤ ਕੇਵਲ ਨੈਟ ਬੈਂਕਿੰਗ ਜਾਂ ਭੁਗਤਾਨ ਗੇਟਵੇ ਦੇ ਮਾਧਿਅਮ ਨਾਲ ਸਵੀਕਾਰੀ ਹੋਵੇਗੀ।

ਨੰ: 128-W/280/e-Tender Notice/NIT-22 & 25-26-27-W-II ਤਾਰੀਕ : 19.09.2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3273/2026

### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose



### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.



### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.



### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.



### NAME CHANGE
I hitherto known as NEHA RANI, D/o GURDIAL, R/o Saini Majra, Rupnagar, Punjab - 14012, have changed my name and shall hereafter be known as NIMRAT KAUR.



### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

## ਡਿਪਟੀ ਕਮਿਸ਼ਨਰ ਵੱਲੋਂ ਪਟਿਆਲਾ ਵਿੱਚ ਟੁੱਟੀਆਂ ਸੜਕਾਂ, ਸਫ਼ਾਈ, ਬਰਸਾਤੀ ਪਾਣੀ ਖੜ੍ਹਨ ਤੇ ਖਾਲੀ ਪਲਾਟਾਂ ਵਿੱਚ ਕੂੜਾ ਸੁੱਟਣ ਸਬੰਧੀ ਸ਼ਿਕਾਇਤਾਂ ਲਈ 24x7 ਵਟਸਐਪ ਹੈਲਪਲਾਈਨ ਨੰਬਰ 95920-03366 ਜਾਰੀ

# ਖੁੱਲ੍ਹੇ ਵਿੱਚ ਕੂੜਾ ਸੁੱਟਣ ਵਾਲਿਆਂ ਨੂੰ ਜੁਰਮਾਨੇ ਕਰਨ ਅਤੇ ਅਜਿਹਾ ਕਰਨ ਤੋਂ ਰੋਕਣ ਲਈ ਇਨਫੋਰਸਮੈਂਟ 'ਤੇ ਦਿੱਤਾ ਜਾਵੇ ਵਿਸ਼ੇਸ਼ ਜ਼ੋਰ: ਡਾ. ਹਿਮਾਂਸ਼ੂ ਅਗਰਵਾਲ

**ਪਟਿਆਲਾ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਸ਼ਹਿਰ ਵਿੱਚ ਟੁੱਟੀਆਂ ਸੜਕਾਂ, ਸਫ਼ਾਈ ਨਾ ਹੋਣ, ਬਰਸਾਤ ਤੋਂ ਬਾਅਦ ਪਾਣੀ ਖੜ੍ਹਨ ਅਤੇ ਖਾਲੀ ਪਲਾਟਾਂ ਵਿੱਚ ਕੂੜਾ-ਕਰਕਟ ਤੇ ਗੰਦਗੀ ਸੁੱਟੇ ਜਾਣ ਸਬੰਧੀ ਲੋਕਾਂ ਦੀਆਂ ਸ਼ਿਕਾਇਤਾਂ ਦੇ ਤੁਰੰਤ ਨਿਪਟਾਰੇ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 24 ਘੰਟੇ, 7 ਦਿਨ ਕਾਰਜਸ਼ੀਲ ਵਟਸਐਪ ਹੈਲਪਲਾਈਨ ਨੰਬਰ 95920-03366 ਜਾਰੀ ਕੀਤਾ ਗਿਆ ਹੈ। ਇਹ ਮੈਸੇਜਿੰਗ ਨੰਬਰ ਹੈ, ਜਿਸ 'ਤੇ ਲੋਕ ਸਬੰਧਤ ਸਥਾਨ ਦੀ ਲੋਕੇਸ਼ਨ ਅਤੇ ਫੋਟੋਆਂ ਭੇਜ ਕੇ ਸ਼ਿਕਾਇਤ ਦਰਜ ਕਰਵਾ ਸਕਦੇ ਹਨ। ਇਸ ਸਬੰਧੀ ਸ਼ਿਕਾਇਤਾਂ ਦੀ ਨਿਗਰਾਨੀ ਅਤੇ ਨਿਪਟਾਰੇ ਲਈ ਕੰਟਰੋਲ ਰੂਮ ਵੀ ਸਥਾਪਤ ਕੀਤਾ ਗਿਆ ਹੈ।

ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਨਗਰ ਨਿਗਮ ਨੂੰ ਹਦਾਇਤ ਕੀਤੀ ਕਿ ਸ਼ਹਿਰ ਵਿੱਚ ਕੂੜਾ ਸੁੱਟੇ ਜਾਣ ਵਾਲੇ ਪਛਾਣੇ ਗਏ 172 ਪ੍ਰਮੁੱਖ ਸਥਾਨਾਂ ਨੂੰ ਘਟਾਉਣ ਲਈ ਯਤਨ ਹੋਰ ਤੇਜ਼ ਕੀਤੇ ਜਾਣ। ਉਨ੍ਹਾਂ ਕਿਹਾ ਕਿ ਖੁੱਲ੍ਹੇ ਵਿੱਚ ਕੂੜਾ ਸੁੱਟਣ ਵਾਲੇ ਰੈਸਟੋਰੈਂਟਾਂ, ਢਾਬਿਆਂ ਅਤੇ ਹੋਰ ਵਪਾਰਕ ਅਦਾਰਿਆਂ ਵਿਰੁੱਧ ਨਿਯਮਾਂ ਅਨੁਸਾਰ ਜੁਰਮਾਨੇ ਕਰਨ ਦੇ ਨਾਲ-ਨਾਲ ਪ੍ਰਭਾਵਸ਼ਾਲੀ ਇਨਫੋਰਸਮੈਂਟ ਯਕੀਨੀ ਬਣਾਈ ਜਾਵੇ।

ਡਿਪਟੀ ਕਮਿਸ਼ਨਰ ਨਗਰ ਨਿਗਮ ਅਤੇ ਪਟਿਆਲਾ ਡਿਵੈਲਪਮੈਂਟ ਅਥਾਰਟੀ ਨਾਲ ਸਬੰਧਤ ਸਫ਼ਾਈ, ਵਿਕਾਸ ਅਤੇ ਹੋਰ ਵੱਖ-ਵੱਖ ਮੁੱਦਿਆਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਪੀਡੀਏ ਦੇ ਮੁੱਖ ਪ੍ਰਸ਼ਾਸਕ ਅਪਰਨਾ ਐਮ.ਬੀ., ਓਐਸਡੀ ਸ਼ਹਿਰੀ ਵਿਕਾਸ ਮੁਕਲਿਨ ਆਰ., ਨਗਰ ਨਿਗਮ ਕਮਿਸ਼ਨਰ ਪੂਜਾ ਸਿਆਲ ਗਰੇਵਾਲ, ਵਧੀਕ ਕਮਿਸ਼ਨਰ ਸਿਮਰਪ੍ਰੀਤ ਕੌਰ ਅਤੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰ ਰਹੇ ਸਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਤਹਿਤ ਖਾਲੀ ਪਏ ਪਲਾਟਾਂ ਦੀ ਸਫ਼ਾਈ ਅਤੇ ਬਿਮਾਰੀਆਂ ਦੀ ਰੋਕਥਾਮ ਨੂੰ ਯਕੀਨੀ ਬਣਾਉਣ ਲਈ ਜਾਰੀ ਹੁਕਮਾਂ ਤਹਿਤ ਵਟਸਐਪ ਹੈਲਪਲਾਈਨ 95920-03366 'ਤੇ ਖਾਲੀ ਪਲਾਟਾਂ ਵਿੱਚ ਗੰਦਗੀ, ਕੂੜਾ-ਕਰਕਟ ਅਤੇ ਪਾਣੀ ਖੜ੍ਹਨ ਸਬੰਧੀ ਸ਼ਿਕਾਇਤਾਂ ਭੇਜੀਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਖਾਲੀ ਪਲਾਟਾਂ ਦੀ ਸਫ਼ਾਈ ਨਾ ਕਰਵਾਉਣ ਦੀ ਸੂਰਤ ਵਿੱਚ ਮਿਊਂਸਪਲ ਐਕਟ, ਨਿਯਮਾਂ ਅਤੇ ਬਾਈਲਾਜ਼ ਅਨੁਸਾਰ ਜੁਰਮਾਨਾ ਲਗਾਉਣ ਦੇ ਨਾਲ-ਨਾਲ ਸਫ਼ਾਈ 'ਤੇ ਆਇਆ ਖਰਚਾ ਵੀ ਸਬੰਧਤ ਮਾਲਕ/ਕਾਬਜ਼ ਤੋਂ ਵਸੂਲਿਆ ਜਾਵੇਗਾ। ਭੁਗਤਾਨ ਨਾ ਕਰਨ ਦੀ ਸੂਰਤ ਵਿੱਚ ਮਾਲ ਰਿਕਾਰਡ (ਜਮ੍ਹਾਂਬੰਦੀ) ਵਿੱਚ ਸਬੰਧਤ ਜਾਇਦਾਦ ਵਿਰੁੱਧ ਐਂਟਰੀ ਦਰਜ ਕੀਤੀ ਜਾਵੇਗੀ। ਇਸ ਸਬੰਧੀ ਕਾਰਵਾਈ 21 ਸਤੰਬਰ 2026 ਤੋਂ ਸ਼ੁਰੂ ਕੀਤੀ ਜਾਵੇਗੀ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਨਗਰ ਨਿਗਮ ਨੂੰ ਸ਼ਹਿਰ ਦੇ ਪ੍ਰਮੁੱਖ ਚੌਕਾਂ ਦੀ ਸਫ਼ਾਈ, ਸੁੰਦਰੀਕਰਨ ਅਤੇ ਬਿਹਤਰ ਦਿੱਖ ਵੱਲ ਵਿਸ਼ੇਸ਼ ਧਿਆਨ ਦੇਣ ਦੀ ਹਦਾਇਤ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਪੀਡੀਏ ਅਤੇ ਨਗਰ ਨਿਗਮ ਦੀ ਹੱਦ ਤੋਂ ਬਾਹਰਲੀਆਂ ਕਲੋਨੀਆਂ ਨੂੰ ਨਿਯਮਤ ਕਰਨ ਅਤੇ ਉਨ੍ਹਾਂ ਵਿੱਚ ਸਫ਼ਾਈ ਵਿਵਸਥਾ ਵੱਲ ਵੀ ਵਿਸ਼ੇਸ਼ ਧਿਆਨ ਦੇਣ ਲਈ ਕਿਹਾ।

ਕੂੜਾ ਪ੍ਰਬੰਧਨ ਦੀ ਸਮੀਖਿਆ ਕਰਦਿਆਂ ਡਿਪਟੀ ਕਮਿਸ਼ਨਰ ਨੇ ਕੂੜਾ ਛਾਂਟਣ ਅਤੇ ਰੀਸਾਈਕਲਿੰਗ ਕੇਂਦਰਾਂ, ਬਾਇਓ-ਮਾਈਨਿੰਗ ਰਾਹੀਂ ਕੂੜਾ ਨਿਪਟਾਰੇ, ਕੂੜਾ ਸੁੱਟਣ ਵਾਲੇ ਪ੍ਰਮੁੱਖ ਸਥਾਨਾਂ, ਘਰ-ਘਰ ਕੂੜਾ ਇਕੱਠਾ ਕਰਨ, ਸੈਕੰਡਰੀ ਪੁਆਇੰਟਾਂ, ਕੂੜਾ ਇਕੱਠਾ ਕਰਨ ਦੇ ਸਹਾਇਕ ਕੇਂਦਰਾਂ ਅਤੇ ਸਵੱਛ ਭਾਰਤ ਮਿਸ਼ਨ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਉਨ੍ਹਾਂ ਖੁੱਲ੍ਹੇ ਵਿੱਚ ਕੂੜਾ ਸੁੱਟਣ ਵਾਲਿਆਂ ਨੂੰ ਜੁਰਮਾਨੇ ਕਰਨ ਅਤੇ ਅਜਿਹਾ ਕਰਨ ਤੋਂ ਰੋਕਣ ਲਈ ਇਨਫੋਰਸਮੈਂਟ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਕੂੜਾ ਰਾਤ ਸਮੇਂ ਵੀ ਚੁੱਕਿਆ ਜਾਵੇ ਅਤੇ ਜਿੱਥੇ ਵੱਡੀ ਮਾਤਰਾ ਵਿੱਚ ਕੂੜਾ ਸੁੱਟਿਆ ਜਾਂਦਾ ਹੈ, ਉਨ੍ਹਾਂ ਥਾਵਾਂ 'ਤੇ ਸੀਸੀਟੀਵੀ ਕੈਮਰੇ ਲਗਾਏ ਜਾਣ ਤਾਂ ਜੋ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੀ ਪਛਾਣ ਕਰਕੇ ਜੁਰਮਾਨਾ ਕੀਤਾ ਜਾ ਸਕੇ। ਡਾ. ਹਿਮਾਂਸ਼ੂ ਅਗਰਵਾਲ ਨੇ ਅਬਲੋਵਾਲ ਸਥਿਤ ਡੇਅਰੀ ਪ੍ਰੋਜੈਕਟ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਦੱਸਿਆ ਕਿ ਪ੍ਰੋਜੈਕਟ ਨਾਲ ਸਬੰਧਤ ਰਹਿੰਦੀ ਸੜਕ ਦਾ ਨਿਰਮਾਣ 30 ਸਤੰਬਰ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। ਉਨ੍ਹਾਂ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਸ਼ਹਿਰ ਵਿੱਚ ਮੌਜੂਦ ਸਾਰੇ ਡੇਅਰੀ ਮਾਲਕਾਂ ਨੂੰ ਇੱਥੇ ਤਬਦੀਲ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਵੀ ਕਿਹਾ।

ਗਊ ਸੈੱਸ ਦੀ ਵਸੂਲੀ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਨਗਰ ਨਿਗਮ ਨੂੰ ਹਦਾਇਤ ਕੀਤੀ ਕਿ ਪੈਟਰੋਲ, ਡੀਜ਼ਲ, ਇਸ਼ਤਿਹਾਰਬਾਜ਼ੀ, ਰੈਂਟ/ਲੀਜ਼, ਸੀਮਿੰਟ, ਰੇਤਾ-ਬਜਰੀ, ਮੈਰਿਜ ਪੈਲੇਸਾਂ ਆਦਿ ਤੋਂ ਗਊ ਸੈੱਸ ਦੀ ਪੂਰੀ ਅਤੇ ਨਿਯਮਤ ਵਸੂਲੀ ਯਕੀਨੀ ਬਣਾਈ ਜਾਵੇ, ਤਾਂ ਜੋ ਸਰਕਾਰੀ ਗਊਸ਼ਾਲਾ ਨੂੰ ਲੋੜੀਂਦੇ ਫੰਡਾਂ ਦੀ ਕੋਈ ਕਮੀ ਨਾ ਆਵੇ।

ਮੱਛੀ ਮੰਡੀ ਪ੍ਰੋਜੈਕਟ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਉਨ੍ਹਾਂ ਸ਼ਹਿਰ ਵਿੱਚ ਖੁੱਲ੍ਹੀਆਂ ਥਾਵਾਂ 'ਤੇ ਮੱਛੀ ਦੀ ਵਿਕਰੀ ਨੂੰ ਬੰਦ ਕਰਵਾਉਣ ਲਈ ਲੋੜੀਂਦੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਰਾਜਿੰਦਰਾ ਝੀਲ ਦਾ ਜਾਇਜ਼ਾ ਲੈਂਦਿਆਂ ਉਨ੍ਹਾਂ ਦੱਸਿਆ ਕਿ ਇੱਥੇ ਪਾਣੀ ਛੱਡਿਆ ਜਾ ਰਿਹਾ ਹੈ ਅਤੇ ਬੰਦ ਪਏ ਫੁਹਾਰੇ ਵੀ ਚਲਾ ਦਿੱਤੇ ਗਏ ਹਨ। ਉਨ੍ਹਾਂ ਝੀਲ ਦੇ ਸੁੰਦਰੀਕਰਨ ਨਾਲ ਸਬੰਧਤ ਕੰਮਾਂ ਵਿੱਚ ਹੋਰ ਤੇਜ਼ੀ ਲਿਆਉਣ ਲਈ ਕਿਹਾ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਨਗਰ ਨਿਗਮ ਨੂੰ ਮਿਲਣ ਵਾਲੀਆਂ ਵੱਖ-ਵੱਖ ਗ੍ਰਾਂਟਾਂ ਅਤੇ ਸਕੀਮਾਂ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ। ਇਸ ਵਿੱਚ 15ਵੇਂ ਵਿੱਤ ਕਮਿਸ਼ਨ, ਅੰਮ੍ਰਿਤ ਸਕੀਮ, ਐਨਕੈਪ, ਸ਼ਹਿਰੀ ਬੁਨਿਆਦੀ ਢਾਂਚਾ ਵਿਕਾਸ ਫੰਡ, ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ), ਨਗਰ ਨਿਗਮ ਦੀਆਂ ਜਾਇਦਾਦਾਂ, ਪਾਰਕਾਂ, ਸਟ੍ਰੀਟ ਲਾਈਟਾਂ, ਡੇਅ-ਐਨਯੂਐਲਐਮ, ਪੀਐਮ ਸਵਾਨਿਧੀ, ਬਿਮਾਰੀਆਂ ਦੀ ਰੋਕਥਾਮ ਅਤੇ ਫੌਗਿੰਗ, ਅਵਾਰਾ ਪਸ਼ੂਆਂ ਅਤੇ ਜਾਨਵਰਾਂ ਦੀ ਨਸਬੰਦੀ ਸਮੇਤ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੁੱਤਿਆਂ ਲਈ ਸ਼ੈੱਡਾਂ ਦੀ ਉਸਾਰੀ ਦੀ ਸਥਿਤੀ ਸ਼ਾਮਲ ਸੀ।

ਸ਼ਹਿਰ ਵਿੱਚ ਆਵਾਜਾਈ ਪ੍ਰਬੰਧਨ ਅਤੇ ਭੀੜ-ਭੜੱਕਾ ਘਟਾਉਣ ਸਬੰਧੀ ਉਨ੍ਹਾਂ ਦੱਸਿਆ ਕਿ ਲੀਲ੍ਹਾ ਭਵਨ ਤੋਂ ਥਾਪਰ ਚੌਂਕ ਤੱਕ ਸੜਕ 'ਤੇ ਆਵਾਜਾਈ ਦਾ ਭਾਰ ਨਿਯਮਤ ਕਰਨ ਅਤੇ ਗਲਤ ਪਾਰਕਿੰਗ ਸਮੇਤ ਹੋਰ ਟ੍ਰੈਫਿਕ ਸਮੱਸਿਆਵਾਂ ਦੇ ਹੱਲ ਲਈ ਗੰਭੀਰਤਾ ਨਾਲ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਵਿਕਾਸ ਅਤੇ ਸਫ਼ਾਈ ਨਾਲ ਸਬੰਧਤ ਸਾਰੇ ਕੰਮ ਮਿੱਥੇ ਸਮੇਂ ਵਿੱਚ ਮੁਕੰਮਲ ਕਰਨ ਲਈ ਆਪਸੀ ਤਾਲਮੇਲ ਨਾਲ ਕੰਮ ਕਰਨ ਦੀ ਹਦਾਇਤ ਕੀਤੀ।

# ਪੋਸ਼ਣ ਮਾਹ 2026 ਦੇ ਤਹਿਤ ਜਾਗਰੂਕਤਾ ਅਤੇ ਪੋਸ਼ਣ-ਕੇਂਦ੍ਰਿਤ ਗਤੀਵਿਧੀਆਂ ਦਾ ਆਯੋਜਨ

**ਚੰਡੀਗੜ੍ਹ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




'ਪੋਸ਼ਣ ਮਾਹ 2026' ਦੇ ਅਵਸਰ 'ਤੇ ਚੰਡੀਗੜ੍ਹ ਦੇ ਵਿਭਿੰਨ ਆਂਗਣਵਾੜੀ ਸਰਕਲਾਂ ਵਿੱਚ ਜਾਗਰੂਕਤਾ ਅਤੇ ਸਮੁਦਾਇ-ਅਧਾਰਿਤ ਗਤੀਵਿਧੀਆਂ ਦੀ ਇੱਕ ਸੀਰੀਜ਼ ਆਯੋਜਿਤ ਕੀਤੀ ਗਈ। ਇਨ੍ਹਾਂ ਗਤੀਵਿਧੀਆਂ ਦਾ ਉਦੇਸ਼ ਲਾਭਾਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਰਮਿਆਨ ਪੋਸ਼ਣ, ਮਾਂ ਅਤੇ ਬੱਚੇ ਦੀ ਸਿਹਤ, ਅਨੀਮੀਆ ਦੀ ਰੋਕਥਾਮ ਅਤੇ ਤੰਦਰੁਸਤ ਜੀਵਨਸ਼ੈਲੀ ਨਾਲ ਜੁੜੀਆਂ ਆਦਤਾਂ ਨੂੰ ਹੁਲਾਰਾ ਦੇਣਾ ਸੀ।

ਬਹਿਲਾਨਾ ਸਰਕਲ ਵਿਖੇ ਅਨੀਮੀਆ ਦੀ ਜਾਂਚ ਕੈਂਪ ਅਤੇ ਪ੍ਰਧਾਨ ਮੰਤਰੀ ਮਾਤ੍ਰ ਵੰਦਨਾ ਯੋਜਨਾ (ਪੀਐੱਮਐੱਮਵੀਵਾਈ) ਬਾਰੇ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਦੇ ਦੌਰਾਨ ਲਾਭਾਰਥੀਆਂ ਦੀ ਅਨੀਮੀਆ ਲਈ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਸਮੇਂ 'ਤੇ ਸਿਹਤ ਜਾਂਚ ਕਰਵਾਉਣ ਅਤੇ ਉਚਿਤ ਪੋਸ਼ਣ ਦੇ ਮਹੱਤਵ ਬਾਰੇ ਜਾਗਰੂਕ ਕੀਤਾ ਗਿਆ। ਨਾਲ ਹੀ, ਉਨ੍ਹਾਂ ਨੂੰ ਪ੍ਰਧਾਨ ਮੰਤਰੀ ਮਾਤ੍ਰ ਵੰਦਨਾ ਯੋਜਨਾ ਦੇ ਲਾਭਾਂ, ਪਾਤਰਤਾ ਅਤੇ ਰਜਿਸਟ੍ਰੇਸ਼ਨ ਪ੍ਰਕਿਰਿਆ ਦੀ ਜਾਣਕਾਰੀ ਵੀ ਦਿੱਤੀ ਗਈ।

ਮਨੀਮਾਜਰਾ ਸਰਕਲ ਵਿਖੇ ਮੌਸਮੀ ਫਲਾਂ ਅਤੇ ਸਬਜ਼ੀਆਂ 'ਤੇ ਜਾਗਰੂਕਤਾ ਸੈਸ਼ਨ ਆਯੋਜਿਤ ਕੀਤਾ ਗਿਆ। ਪਰਿਵਾਰਾਂ ਨੂੰ ਸਥਾਨਕ ਪੱਧਰ 'ਤੇ ਉਪਲਬਧ ਮੌਸਮੀ ਫਲਾਂ ਅਤੇ ਸਬਜ਼ੀਆਂ ਦੇ ਪੋਸ਼ਣ ਸਬੰਧੀ ਮਹੱਤਵ ਅਤੇ ਸਿਹਤ ਲਾਭਾਂ ਬਾਰੇ ਜਾਣਕਾਰੀ ਦਿੱਤੀ ਗਈ। ਆਂਗਣਵਾੜੀ ਵਰਕਰਾਂ ਅਤੇ ਸੁਪਰਵਾਇਜ਼ਰ ਨੇ ਇਸ ਸੈਸ਼ਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਅਤੇ ਪਰਿਵਾਰਾਂ ਨੂੰ ਆਪਣੇ ਰੋਜ਼ਾਨਾ ਆਹਾਰ ਵਿੱਚ ਵਿਭਿੰਨ ਪ੍ਰਕਾਰ ਦੇ ਮੌਸਮੀ ਖੁਰਾਕੀ ਪਦਾਰਥ ਸ਼ਾਮਲ ਕਰਨ ਲਈ ਪ੍ਰੋਤਸਾਹਿਤ ਕੀਤਾ।

ਪਲਸੌਰਾ ਸਰਕਲ ਵਿਖੇ ਸਮੁਦਾਇਕ ਨਿਗਰਾਨੀ ਅਤੇ 'ਗਰਮ ਪਕਾਏ ਹੋਏ ਭੋਜਨ' (ਐੱਚਸੀਐੱਮ) ਦੀ ਗੁਣਵੱਤਾ 'ਤੇ ਜਾਗਰੂਕਤਾ ਸੈਸ਼ਨ ਆਯੋਜਿਤ ਕੀਤਾ ਗਿਆ। ਇਸ ਦੌਰਾਨ 'ਗਰਮ ਪਕਾਏ ਹੋਏ ਭੋਜਨ' (ਐੱਚਸੀਐੱਮ) ਵਿੱਚ ਗੁਣਵੱਤਾ, ਸਵੱਛਤਾ ਅਤੇ ਪੋਸ਼ਣ ਮਿਆਰਾਂ ਨੂੰ ਬਣਾਈ ਰੱਖਣ ਦੇ ਮਹੱਤਵ 'ਤੇ ਪ੍ਰਕਾਸ਼ ਪਾਇਆ ਗਿਆ। ਸੈਸ਼ਨ ਵਿੱਚ ਸੰਪੂਰਨ ਪੋਸ਼ਣ, ਮੂੰਹ ਦੀ ਸਵੱਛਤਾ, ਖੁਰਾਕੀ ਪਦਾਰਥਾਂ ਦਾ ਪੋਸ਼ਕ ਤੱਤਾਂ ਨਾਲ ਮਜ਼ਬੂਤੀਕਰਣ (ਫੋਰਟੀਫਿਕੇਸ਼ਨ), ਸੂਖਮ ਪੋਸ਼ਕ ਤੱਤ, ਗੰਭੀਰ ਤੀਬਰ ਕੁਪੋਸ਼ਣ (ਐੱਸਏਐੱਮ) ਤੋਂ ਪੀੜਿਤ ਬੱਚਿਆਂ ਦੀ ਪਹਿਚਾਣ ਤੇ ਪ੍ਰਬੰਧਨ ਅਤੇ ਪੂਰਕ ਆਹਾਰ ਦੇ ਮਹੱਤਵ ਸਹਿਤ ਪੋਸ਼ਣ ਅਤੇ ਸਿਹਤ ਨਾਲ ਜੁੜੇ ਵਿਭਿੰਨ ਮਹੱਤਵਪੂਰਨ ਵਿਸ਼ਿਆਂ 'ਤੇ ਵੀ ਜਾਣਕਾਰੀ ਦਿੱਤੀ ਗਈ।

ਪਲਸੌਰਾ ਸਰਕਲ ਵਿਖੇ ਮੌਸਮੀ ਸਬਜ਼ੀਆਂ ਦੇ ਮਹੱਤਵ 'ਤੇ ਲੈਕਚਰ, ਹੱਥ ਧੋਣ ਦੇ ਸਹੀ ਤਰੀਕਿਆਂ ਦਾ ਪ੍ਰਦਰਸ਼ਨ, ਆਇਰਨ ਤੇ ਫੋਲਿਕ ਐਸਿਡ (ਆਈਐੱਫਏ) ਦੀਆਂ ਗੋਲੀਆਂ ਦੀ ਵੰਡ, ਗਰਭ ਅਵਸਥਾ ਦੇ ਦੌਰਾਨ ਉਚਿਤ ਆਹਾਰ ਬਾਰੇ ਜਾਗਰੂਕਤਾ ਅਤੇ ਸਮੇਂ 'ਤੇ ਟੀਕਾਕਰਣ ਦੇ ਮਹੱਤਵ 'ਤੇ ਸੰਵੇਦੀਕਰਣ ਸਹਿਤ ਹੋਰ ਗਤੀਵਿਧੀਆਂ ਵੀ ਆਯੋਜਿਤ ਕੀਤੀਆਂ ਗਈਆਂ। ਇਨ੍ਹਾਂ ਗਤੀਵਿਧੀਆਂ ਦਾ ਉਦੇਸ਼ ਸਮੁਦਾਇਕ ਜਾਗਰੂਕਤਾ ਨੂੰ ਮਜ਼ਬੂਤ ਕਰਨਾ ਅਤੇ ਪਰਿਵਾਰਾਂ ਨੂੰ ਤੰਦਰੁਸਤ ਆਹਾਰ ਅਤੇ ਸਵੱਛਤਾ ਸਬੰਧੀ ਆਦਤਾਂ ਅਪਣਾਉਣ, ਸਮੇਂ 'ਤੇ ਸਿਹਤ ਸੇਵਾਵਾਂ ਪ੍ਰਾਪਤ ਕਰਨ ਅਤੇ ਬਿਹਤਰ ਮਾਂ ਤੇ ਬੱਚੇ ਦੀ ਸਿਹਤ ਤੇ ਪੋਸ਼ਣ ਲਈ ਸਰਕਾਰੀ ਯੋਜਨਾਵਾਂ ਤੇ ਸੇਵਾਵਾਂ ਦਾ ਲਾਭ ਉਠਾਉਣ ਲਈ ਪ੍ਰੋਤਸਾਹਿਤ ਕਰਨਾ ਸੀ।

# ਜ਼ਿਲ੍ਹਾ ਰੋਜ਼ਗਾਰ ਬਿਊਰੋ ਪਟਿਆਲਾ ਵਿਖੇ ਪਲੇਸਮੈਂਟ ਕੈਂਪ ਆਯੋਜਿਤ

**ਪਟਿਆਲਾ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਡਾਇਰੈਕਟਰ, ਜਿਲ੍ਹਾ ਬਿਊਰੋ ਆਫ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਪਟਿਆਲਾ ਸ਼੍ਰੀ ਰਵਿੰਦਰਪਾਲ ਸਿੰਘ ਨੇ ਦਸਿਆ ਕਿ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਪਟਿਆਲਾ ਵਿਖੇ 2 ਐਸ.ਕੇ. ਟ੍ਰਾਂਸਲੂਸ਼ਨ ਐਲ.ਐਲ.ਪੀ., ਮੋਰ ਰਿਟੇਲ ਪ੍ਰਾਈਵੇਟ ਲਿਮਟਿਡ, ਡੀ.ਐਸ.ਜੀ. ਪੇਪਰਜ਼ ਪ੍ਰਾਈਵੇਟ ਲਿਮਟਿਡ, ਫਲਿੱਪਕਾਰਟ ਅਤੇ ਰੀਅਲ ਟੈਕ ਦਾ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਉਹਨਾ ਦਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਪਟਿਆਲਾ ਵਿਖੇ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਐਸ.ਕੇ. ਟ੍ਰਾਂਸਲੂਸ਼ਨ ਐਲ.ਐਲ.ਪੀ., ਮੋਰ ਰਿਟੇਲ ਪ੍ਰਾਈਵੇਟ ਲਿਮਟਿਡ, ਡੀ.ਐਸ.ਜੀ. ਪੇਪਰਜ਼ ਪ੍ਰਾਈਵੇਟ ਲਿਮਟਿਡ, ਫਲਿੱਪਕਾਰਟ ਅਤੇ ਰੀਅਲ ਟੈਕ ਦੇ ਨਿਯੋਜਕਾਂ ਵਲੋ ਅਕਾਊਂਟੈਂਟ ਐਚ.ਆਰ., ਦਫ਼ਤਰ ਮੈਨੇਜਰ, ਗਾਹਕ ਸੇਵਾ, ਸੀ.ਐਸ.ਏ. ਅਤੇ ਹੈਲਪਰ, ਫਿਟਰ, ਵੈਲਡਰ, ਇਲੈਕਟ੍ਰੀਸ਼ੀਅਨ, ਮਸ਼ੀਨਿਸਟ, ਇੰਸਟਰੂਮੈਂਟ ਟੈਕਨੀਸ਼ੀਅਨ, ਡਿਲਿਵਰੀ ਬੁਆਏ, ਸੀ.ਸੀ.ਟੀ.ਵੀ. ਕੈਮਰਾ ਟੈਕਨੀਸ਼ੀਅਨ ਦੀਆਂ ਅਸਾਮੀਆਂ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਸ੍ਰੀ ਰਵਿੰਦਰਪਾਲ ਸਿੰਘ ਡਿਪਟੀ ਡਾਇਰੈਕਟਰ, ਜਿਲ੍ਹਾ ਬਿਊਰੋ ਆਫ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਪਟਿਆਲਾ ਜੀ ਨੇ ਦੱਸਿਆ ਕਿ ਐਸ.ਕੇ. ਟ੍ਰਾਂਸਲੂਸ਼ਨ ਐਲ.ਐਲ.ਪੀ., ਮੋਰ ਰਿਟੇਲ ਪ੍ਰਾਈਵੇਟ ਲਿਮਟਿਡ, ਡੀ.ਐਸ.ਜੀ. ਪੇਪਰਜ਼ ਪ੍ਰਾਈਵੇਟ ਲਿਮਟਿਡ, ਫਲਿੱਪਕਾਰਟ ਅਤੇ ਰੀਅਲ ਟੈਕ ਦੇ ਨਿਯੋਜਕਾਂ ਵਲੋਂ ਦੀਆਂ ਅਕਾਊਂਟੈਂਟ ਐਚ.ਆਰ., ਦਫ਼ਤਰ ਮੈਨੇਜਰ, ਗਾਹਕ ਸੇਵਾ, ਸੀ.ਐਸ.ਏ. ਅਤੇ ਹੈਲਪਰ, ਫਿਟਰ, ਵੈਲਡਰ, ਇਲੈਕਟ੍ਰੀਸ਼ੀਅਨ, ਮਸ਼ੀਨਿਸਟ, ਇੰਸਟਰੂਮੈਂਟ ਟੈਕਨੀਸ਼ੀਅਨ, ਡਿਲਿਵਰੀ ਬੁਆਏ, ਸੀ.ਸੀ.ਟੀ.ਵੀ. ਕੈਮਰਾ ਟੈਕਨੀਸ਼ੀਅਨ ਨਾਲ ਸਬੰਧਤ ਲਗਭਗ 100 ਅਸਾਮੀਆਂ ਦੀ ਭਰਤੀ ਕੀਤੀ ਜਾਣੀ ਹੈ। ਜਿਨ੍ਹਾਂ ਲਈ ਵਿੱਦਿਅਕ ਯੋਗਤਾ 10ਵੀਂ, 12ਵੀਂ, ਆਈ.ਟੀ.ਆਈ./ਡਿਪਲੋਮਾ, ਗ੍ਰੈਜੂਏਟ, ਪੋਸਟ ਗ੍ਰੈਜੂਏਟ ਅਤੇ ਉਮਰ 18 ਤੋਂ 35 ਸਾਲ ਅਤੇ ਮਰਦ ਅਤੇ ਔਰਤ ਦੋਵੇਂ ਇੰਟਰਵਿਊ ਦੇ ਸਕਦੇ ਹਨ। ਓਹਨਾ ਦਸਿਆ ਕਿ ਨੌਕਰੀ ਦੇ ਚਾਹਵਾਨ ਉਮੀਦਵਾਰ ਇਸ ਪਲੇਸਮੇਂਟ ਕੈਂਪ ਵਿੱਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਅਸਲ ਸਰਟੀਫਿਕੇਟ, ਉਨ੍ਹਾਂ ਦੀਆਂ ਫੋਟੋਕਾਪੀਆਂ ਅਤੇ ਰਜ਼ਿਊਮੇ ਨਾਲ ਲੈ ਕੇ ਸਵੇਰੇ 10 ਵਜੇ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਬਲਾਕ ਡੀ, ਮਿੰਨੀ ਸਕੱਤਰੇਤ, ਨੇੜੇ ਸੇਵਾ ਕੇਂਦਰ, ਪਟਿਆਲਾ ਵਿਖੇ ਪਹੁੰਚ ਕੇ ਇਸ ਕੈਂਪ ਵਿੱਚ ਹਿੱਸਾ ਲੈਣ। ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪਲਾਈਨ ਨੰਬਰ 98776-10877 ਤੇ ਸੰਪਰਕ ਕਰ ਸਕਦੇ ਹਨ। ਇਸ ਪਲੇਸਮੈਂਟ ਕੈਂਪ ਲਈ ਕੋਈ ਟੀ.ਏ./ਡੀ.ਏ. ਮਿਲਣਯੋਗ ਨਹੀਂ ਹੋਵੇਗਾ।

# ਚੰਡੀਗੜ੍ਹ ਹੈਰੀਟੇਜ ਕਮੇਟੀ ਵੱਲੋਂ ਚੰਡੀਗੜ੍ਹ ਮਾਸਟਰ ਪਲਾਨ 2031 ਵਿੱਚ ਪ੍ਰਸਤਾਵਿਤ ਸੋਧਾਂ 'ਤੇ ਵਿਚਾਰ-ਵਟਾਂਦਰਾ

**ਚੰਡੀਗੜ੍ਹ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਚੰਡੀਗੜ੍ਹ ਮਾਸਟਰ ਪਲਾਨ 2031 ਵਿੱਚ ਪ੍ਰਸਤਾਵਿਤ ਸੋਧਾਂ 'ਤੇ ਵਿਚਾਰ ਕਰਨ ਲਈ ਚੰਡੀਗੜ੍ਹ ਹੈਰੀਟੇਜ ਕਮੇਟੀ ਦੀ ਮੀਟਿੰਗ ਸ਼੍ਰੀ ਐੱਚ. ਰਾਜੇਸ਼ ਪ੍ਰਸਾਦ, ਆਈਏਐੱਸ, ਮੁੱਖ ਸਕੱਤਰ, ਯੂ.ਟੀ. ਚੰਡੀਗੜ੍ਹ -ਅਤੇ- ਚੇਅਰਮੈਨ ਕਮੇਟੀ ਦੀ ਪ੍ਰਧਾਨਗੀ ਵਿੱਚ ਹੋਈ। ਸ਼੍ਰੀ ਦੀਪਰਵਾ ਲਾਕੜਾ, ਆਈਏਐੱਸ, ਵਿੱਤ ਸਕੱਤਰ-ਅਤੇ-ਸਕੱਤਰ, ਸ਼ਹਿਰੀ ਯੋਜਨਾਬੰਦੀ, ਯੂ.ਟੀ. ਚੰਡੀਗੜ੍ਹ ਨੇ ਪ੍ਰਸਤਾਵਿਤ ਸੋਧਾਂ ਬਾਰੇ ਵਿਸਤਾਰਪੂਰਵਕ ਪੇਸ਼ਕਾਰੀ ਦਿੱਤੀ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਮੁੱਖ ਸਕੱਤਰ ਨੇ ਕਿਹਾ ਕਿ ਚੰਡੀਗੜ੍ਹ ਦੇ ਯੋਜਨਾਬੰਦੀ ਢਾਂਚੇ ਦਾ ਵਿਕਾਸ ਸੰਤੁਲਿਤ ਅਤੇ ਜ਼ਿੰਮੇਵਾਰ ਢੰਗ ਨਾਲ ਹੋਣਾ ਚਾਹੀਦਾ ਹੈ ਤਾਂ ਜੋ ਸ਼ਹਿਰ ਦੀ ਵਿਲੱਖਣ ਆਰਕੀਟੈਕਚਰਲ ਅਤੇ ਵਿਰਾਸਤੀ ਪਹਿਚਾਣ ਦੀ ਰਾਖੀ ਕਰਦੇ ਹੋਏ ਨਾਗਰਿਕਾਂ ਦੀਆਂ ਬਦਲਦੀਆਂ ਜ਼ਰੂਰਤਾਂ ਨੂੰ ਪੂਰਾ ਕੀਤਾ ਜਾ ਸਕੇ। ਉਨ੍ਹਾਂ ਜ਼ੋਰ ਦਿੱਤਾ ਕਿ ਯੋਜਨਾਬੰਦੀ ਦੇ ਪ੍ਰਬੰਧਾਂ ਨੂੰ ਤਰਕਸੰਗਤ ਅਤੇ ਸਰਲ ਬਣਾਉਣ ਨਾਲ ਪ੍ਰਕਿਰਿਆਤਮਕ ਮੁਸ਼ਕਲਾਂ ਨੂੰ ਘਟਾਉਣ, ਵਧੇਰੇ ਸਪਸ਼ਟਤਾ ਲਿਆਉਣ ਅਤੇ ਮੌਜੂਦਾ ਜ਼ਰੂਰਤਾਂ ਅਨੁਸਾਰ ਜਾਇਦਾਦਾਂ ਦੀ ਢੁਕਵੀਂ ਵਰਤੋਂ ਅਤੇ ਵਿਕਾਸ ਨੂੰ ਸੁਖਾਲਾ ਬਣਾਉਣ ਵਿੱਚ ਮਦਦ ਮਿਲੇਗੀ।

ਉਨ੍ਹਾਂ ਨੇ ਕਿਹਾ ਕਿ ਪ੍ਰਸਤਾਵਿਤ ਸੋਧਾਂ ਦਾ ਉਦੇਸ਼ ਨਿਵਾਸੀਆਂ, ਉਦਯੋਗਪਤੀਆਂ, ਵਪਾਰੀਆਂ ਅਤੇ ਹੋਰ ਵਪਾਰਕ ਹਿਤਧਾਰਕਾਂ ਨੂੰ ਵਧੇਰੇ ਸੁਵਿਧਾ ਪ੍ਰਦਾਨ ਕਰਨਾ ਹੈ। ਇਹ ਉਪਾਅ ਵਿਸ਼ੇਸ਼ ਤੌਰ 'ਤੇ ਅਧਿਕ ਵਿਹਾਰਕ, ਪਾਰਦਰਸ਼ੀ ਅਤੇ ਜਵਾਬਦੇਹ ਯੋਜਨਾਬੰਦੀ ਪ੍ਰਾਵਧਾਨਾਂ ਨੂੰ ਸਮਰੱਥ ਬਣਾ ਕੇ ਚੰਡੀਗੜ੍ਹ ਦੇ ਫੇਜ਼-99 ਅਤੇ ਫੇਜ਼-999 ਵਿੱਚ ਨਾਗਰਿਕਾਂ ਅਤੇ ਅਦਾਰਿਆਂ ਦੀਆਂ ਬਦਲਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਗੇ। ਅਜਿਹੇ ਸੁਧਾਰ ਆਰਥਿਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਗੇ, ਉਦਯੋਗਿਕ ਅਤੇ ਵਪਾਰਕ ਅਦਾਰਿਆਂ ਦੇ ਵਿਕਾਸ ਅਤੇ ਆਧੁਨਿਕੀਕਰਨ ਵਿੱਚ ਸਹਾਇਤਾ ਕਰਨਗੇ, ਅਤੇ ਸ਼ਹਿਰ ਵਿੱਚ ਰਹਿਣ-ਸਹਿਣ ਅਤੇ ਕਾਰੋਬਾਰ ਕਰਨ ਦੀ ਸਮੁੱਚੀ ਸੌਖ ਨੂੰ ਬਿਹਤਰ ਬਣਾਉਣਗੇ।

ਮੁੱਖ ਸਕੱਤਰ ਨੇ ਜ਼ੋਰ ਦਿੱਤਾ ਕਿ ਵਿਕਾਸ ਅਤੇ ਵਿਰਾਸਤ ਦੀ ਸੰਭਾਲ਼ ਇੱਕ-ਦੂਜੇ ਦੇ ਪੂਰਕ ਹੋਣੇ ਚਾਹੀਦੇ ਹਨ। ਵਿਆਪਕ ਜਨਤਕ ਸਲਾਹ-ਮਸ਼ਵਰੇ, ਸਕ੍ਰੀਨਿੰਗ ਕਮੇਟੀ ਦੁਆਰਾ ਕੀਤੀ ਗਈ ਜਾਂਚ ਅਤੇ ਮੀਟਿੰਗ ਦੌਰਾਨ ਹੋਏ ਵਿਸਤਾਰਪੂਰਵਕ ਵਿਚਾਰ-ਵਟਾਂਦਰੇ ਨੂੰ ਧਿਆਨ ਵਿੱਚ ਰੱਖਦੇ ਹੋਏ, ਉਨ੍ਹਾਂ ਨੇ ਕਮੇਟੀ ਮੈਂਬਰਾਂ ਨੂੰ ਪ੍ਰਸਤਾਵਿਤ ਸੋਧਾਂ ਨੂੰ ਮਨਜ਼ੂਰੀ ਦੇਣ ਦੀ ਅਪੀਲ ਕੀਤੀ ਤਾਕਿ ਇਨ੍ਹਾਂ ਨੂੰ ਸਮਰੱਥ ਅਥਾਰਿਟੀ ਦੀ ਮਨਜ਼ੂਰੀ ਲਈ ਪ੍ਰਸ਼ਾਸਕ, ਯੂ.ਟੀ. ਚੰਡੀਗੜ੍ਹ ਦੇ ਸਾਹਮਣੇ ਪੇਸ਼ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਸੋਧਾਂ ਚੰਡੀਗੜ੍ਹ ਉਨ੍ਹਾਂ ਨੇ ਮੈਂਬਰਾਂ ਨੂੰ ਚੰਡੀਗੜ੍ਹ ਦੇ 'ਫੇਜ਼-999' ਲਈ ਤਜਵੀਜ਼ ਕੀਤੀਆਂ ਸੋਧਾਂ ਅਤੇ ਯੋਜਨਾਬੱਧ ਵਿਕਾਸ 'ਤੇ ਇਨ੍ਹਾਂ ਦੇ ਸੰਭਾਵੀ ਪ੍ਰਭਾਵਾਂ ਬਾਰੇ ਵੀ ਜਾਣਕਾਰੀ ਦਿੱਤੀ। ਇਹ ਵੀ ਦੱਸਿਆ ਗਿਆ ਕਿ ਵਧੀ ਹੋਈ ਫਲੋਰ ਏਰੀਆ ਰੇਸ਼ੋ/ਕਵਰਡ ਏਰੀਆ ਦਾ ਲਾਭ ਆਰਕੀਟੈਕਚਰਲ ਤੌਰ 'ਤੇ ਨਿਯੰਤਰਿਤ ਉਦਯੋਗਿਕ ਭਵਨਾਂ ਅਤੇ ਜ਼ੋਨਿੰਗ ਮਾਪਦੰਡਾਂ ਅਧੀਨ ਆਉਣ ਵਾਲੀਆਂ ਇਮਾਰਤਾਂ, ਦੋਵਾਂ ਨੂੰ ਦਿੱਤਾ ਜਾਵੇਗਾ। ਪਲਾਟ ਦੇ ਆਕਾਰ ਦੀ ਪਰਵਾਹ ਕੀਤੇ ਬਿਨਾ, ਉਦਯੋਗਿਕ ਇਮਾਰਤਾਂ ਲਈ ਫਲੋਰ ਏਰੀਆ ਰੇਸ਼ੋ ਨੂੰ 2 ਤੱਕ ਨਿਰਧਾਰਿਤ ਕੀਤਾ ਗਿਆ ਹੈ।

ਪ੍ਰਸਤੁਤੀਕਰਨ ਵਿੱਚ ਮੌਜੂਦਾ ਨਿਯਮਾਂ, ਸਬੰਧਿਤ ਧਿਰਾਂ (ਸਟੇਕਹੋਲਡਰਾਂ) ਤੋਂ ਪ੍ਰਾਪਤ ਸੁਝਾਵਾਂ ਅਤੇ ਸ਼ਹਿਰ ਦੀਆਂ ਬਦਲਦੀਆਂ ਸ਼ਹਿਰੀ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਜ਼ਰੂਰਤ ਬਾਰੇ ਵੀ ਚਰਚਾ ਕੀਤੀ ਗਈ।

ਪ੍ਰਸਤੁਤੀਕਰਨ ਤੋਂ ਬਾਅਦ, ਮੀਟਿੰਗ ਵਿੱਚ ਮੌਜੂਦ ਕਮੇਟੀ ਮੈਂਬਰਾਂ, ਪ੍ਰਸ਼ਾਸਨਿਕ ਸਕੱਤਰਾਂ ਅਤੇ ਵਿਭਿੰਨ ਵਿਭਾਗਾਂ ਦੇ ਪ੍ਰਤੀਨਿਧੀਆਂ ਤੋਂ ਟਿੱਪਣੀਆਂ ਅਤੇ ਸੁਝਾਅ ਮੰਗੇ ਗਏ। ਚੰਡੀਗੜ੍ਹ ਦੇ ਵਿਰਾਸਤੀ ਸਰੂਪ, ਸਮਕਾਲੀ ਵਿਕਾਸ ਜ਼ਰੂਰਤਾਂ, ਕਾਰੋਬਾਰ ਕਰਨ ਵਿੱਚ ਅਸਾਨੀ, ਜਨਤਕ ਸੁਵਿਧਾ ਅਤੇ ਯੋਜਨਾਬੱਧ ਸ਼ਹਿਰੀ ਵਿਕਾਸ ਦੇ ਸਿਧਾਂਤਾਂ ਨੂੰ ਧਿਆਨ ਵਿੱਚ ਰੱਖਦਿਆਂ ਇਨ੍ਹਾਂ ਤਜਵੀਜ਼ਾਂ 'ਤੇ ਵਿਸਤਾਰਪੂਰਵਕ ਚਰਚਾ ਕੀਤੀ ਗਈ।

ਮੀਟਿੰਗ ਦੌਰਾਨ ਸ਼੍ਰੀ ਮਨਦੀਪ ਸਿੰਘ ਬਰਾੜ, ਗ੍ਰਹਿ ਸਕੱਤਰ; ਸੁਸ਼੍ਰੀ ਪ੍ਰੇਰਣਾ ਪੁਰੀ, ਸਕੱਤਰ ਇੰਜੀਨੀਅਰਿੰਗ; ਸ਼੍ਰੀ ਅਮਿਤ ਕੁਮਾਰ, ਕਮਿਸ਼ਨਰ, ਨਗਰ ਨਿਗਮ ਚੰਡੀਗੜ੍ਹ; ਸ਼੍ਰੀ ਨਿਸ਼ਾਂਤ ਕੁਮਾਰ ਯਾਦਵ, ਡਿਪਟੀ ਕਮਿਸ਼ਨਰ; ਸ਼੍ਰੀ ਡੀ. ਕਾਰਤਿਕੇਯਨ, ਮੁੱਖ ਕਾਰਜਕਾਰੀ ਅਧਿਕਾਰੀ, ਚੰਡੀਗੜ੍ਹ ਹਾਊਸਿੰਗ ਬੋਰਡ; ਸ਼੍ਰੀ ਰਾਜੀਵ ਮਹਿਤਾ, ਮੁੱਖ ਆਰਕੀਟੈਕਟ; ਸ਼੍ਰੀ ਸੀ.ਬੀ. ਓਝਾ, ਮੁੱਖ ਇੰਜੀਨੀਅਰ; ਸ਼੍ਰੀ ਐੱਮ.ਐੱਲ. ਸਰੀਨ, ਵਕੀਲ; ਸ਼੍ਰੀ ਰਜਨੀਸ਼ ਵਤਸ; ਅਤੇ ਸ਼੍ਰੀ ਕਪਿਲ ਸੇਤੀਆ, ਸਾਬਕਾ ਮੁੱਖ ਆਰਕੀਟੈਕਟ ਵੀ ਉਪਸਥਿਤ ਸਨ।

# ਟੈਨਿਸ ਕ੍ਰਿਕਟ ਫੇਜ਼-2; ਕੈਂਟ ਇਲੈਵਨ ਤੇ ਅਕਾਸ਼ ਅਕੈਡਮੀ ਦੀ ਟੀਮ ਫਾਈਨਲ 'ਚ ਪੁੱਜੀ



**ਜਲੰਧਰ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਡਾਂ ਵਤਨ ਪੰਜਾਬ ਦੀਆਂ-2026 ਤਹਿਤ ਜ਼ਿਲ੍ਹਾ ਜਲੰਧਰ ਦੇ ਪੰਜ ਬਲਾਕਾਂ ਰੁੜਕਾ ਕਲਾਂ, ਜਲੰਧਰ ਪੂਰਬੀ, ਭੋਗਪੁਰ, ਆਦਮਪੁਰ ਅਤੇ ਫਿਲੌਰ ਵਿਖੇ ਟੈਨਿਸ ਕ੍ਰਿਕਟ ਦੇ ਪਹਿਲੇ ਦਿਨ ਦੇ ਮੈਚ ਸ਼ੁਰੂ ਕਰਵਾਏ ਗਏ।

ਇਹ ਖੇਡ ਮੁਕਾਬਲੇ ਪੰਜਾਬ ਸਰਕਾਰ ਦੇ ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਕਰਵਾਏ ਜਾ ਰਹੇ ਹਨ। ਇਸ ਮੌਕੇ ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ ਬਾਜਵਾ ਨੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਉਨ੍ਹਾਂ ਨੂੰ ਖੇਡ ਭਾਵਨਾ ਨਾਲ ਖੇਡਣ ਲਈ ਪ੍ਰੇਰਿਤ ਕੀਤਾ।

ਜ਼ਿਲ੍ਹਾ ਖੇਡ ਅਫ਼ਸਰ ਨੇ ਟੈਨਿਸ ਕ੍ਰਿਕਟ ਫੇਜ਼-2 ਦੇ ਪਹਿਲੇ ਦਿਨ ਅੱਜ ਹੋਏ ਮੁਕਾਬਲਿਆਂ ਦੇ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਲਾਕ ਜਲੰਧਰ ਪੂਰਬੀ ਦੇ ਮੁਕਾਬਲਿਆਂ ਵਿੱਚ ਕੈਂਟ ਇਲੈਵਨ ਦੀ ਟੀਮ ਨੇ ਪੁਲਿਸ ਡੀ.ਏ.ਵੀ. ਦੀ ਟੀਮ ਨੂੰ ਸੈਮੀਫਾਈਨਲ ਵਿੱਚ ਹਰਾ ਕੇ ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ। ਇਸੇ ਤਰ੍ਹਾਂ ਅਕਾਸ਼ ਅਕੈਡਮੀ ਦੀ ਟੀਮ ਨੇ ਸੀਨੀਅਰ ਮਾਡਲ ਸਕੂਲ ਦੀ ਟੀਮ ਨੂੰ ਹਰਾ ਕੇ ਫਾਈਨਲ ਵਿੱਚ ਆਪਣੀ ਜਗ੍ਹਾ ਬਣਾਈ।

ਬਲਾਕ ਫਿਲੌਰ ਦੇ ਮੁਕਾਬਲੇ ਵਿੱਚ ਬੁੰਡਾਲਾ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ ਜਦਕਿ ਬੜਾ ਪਿੰਡ ਦੀ ਟੀਮ ਦੂਜੇ ਸਥਾਨ 'ਤੇ ਰਹੀ।

ਬਲਾਕ ਰੁੜਕਾ ਕਲਾਂ ਦੇ ਮੁਕਾਬਲੇ ਵਿੱਚ ਵਾਈ.ਐੱਸ.ਸੀ. ਦੀ ਟੀਮ ਨੇ ਬੁੰਡਾਲਾ ਦੀ ਟੀਮ ਨੂੰ ਹਰਾ ਕੇ ਸੈਮੀਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ। ਪਿੰਡ ਪਾਸਲਾ ਦੀ ਟੀਮ ਨੇ ਐੱਸ.ਟੀ.ਐੱਸ. ਸਕੂਲ ਰਾਜਗੋਮਾਲ ਦੀ ਟੀਮ ਨੂੰ ਹਰਾ ਕੇ ਸੈਮੀਫਾਈਨਲ ਵਿੱਚ ਜਗ੍ਹਾ ਬਣਾਈ। ਪਿੰਡ ਗੜ੍ਹਾ ਦੀ ਟੀਮ ਇੰਦਰਾ ਕਲਾਂ ਦੀ ਟੀਮ ਨੂੰ ਹਰਾ ਕੇ ਸੈਮੀਫਾਈਨਲ ਵਿੱਚ ਪਹੁੰਚੀ।

# ਯੂਥ ਕਲੱਬ ਦੇ ਮੈਂਬਰਾਂ ਨੇ ਵਿਸ਼ਵਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ ਵੱਖ-ਵੱਖ ਖੇਡ ਜ਼ਰੂਰਤਾਂ ਅਤੇ ਹੋਰ ਮੁੱਦਿਆਂ ਤੇ ਵਿਚਾਰ ਚਰਚਾ ਕੀਤੀ



**ਚੰਡੀਗੜ੍ਹ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫੇਜ਼ 9 ਯੂਥ ਕਲੱਬ ਦੇ ਮੈਂਬਰਾਂ ਨੇ ਹਲਕਾ ਮੋਹਾਲੀ ਦੇ ਯੂਥ ਇੰਚਾਰਜ ਸ. ਵਿਸ਼ਵਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਵੱਖ-ਵੱਖ ਖੇਡ ਲੋੜਾਂ ਅਤੇ ਹੋਰ ਮੁੱਦਿਆਂ 'ਤੇ ਚਰਚਾ ਕੀਤੀ।

ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ 28 ਸਤੰਬਰ ਨੂੰ ਹੋਣ ਵਾਲੇ ਆਗਾਮੀ 'ਜਸ਼ਨ-ਏ-ਇਹ ਕਲੱਬ' ਸਮਾਗਮ ਲਈ ਨੌਜਵਾਨਾਂ ਨੂੰ ਸੱਦਾ ਪੱਤਰ (ਇਨਵੀਟੇਸ਼ਨ ਕਾਰਡ) ਵੀ ਵੰਡੇ ਗਏ।

ਵਿਕਰਮ ਸੰਧੂ - ਯੂਥ ਕਲੱਬ ਪ੍ਰਧਾਨ - ਫੇਜ਼ 9, ਨਦੀਮ ਖਾਨ - ਸਕੱਤਰ ਅਤੇ ਸਰਬਜੀਤ ਸਿੰਘ - ਕੈਸ਼ੀਅਰ ਇਹ ਜਾਣਕਾਰੀ ਡੀ ਪੀ ਸਿੰਘ ਬਰਾਂਚ ਇੰਚਾਰਜ ਤੇਰਾ ਹੀ ਤੇਰਾ ਮੈਡੀਕੋਜ਼ ਸੈਕਟਰ 32 ਚੰਡੀਗੜ ਸਾਬਕਾ ਸੀਈਓ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਸਾਬਕਾ ਸੀਈਓ ਪ੍ਰਧਾਨ ਵੱਲੋਂ ਦਿੱਤੀ ਗਈ ਡੀ ਪੀ ਸਿੰਘ ਸਮਾਜ ਸੇਵਕ ਵੱਜੋਂ ਵੀ ਹਰ ਸਮੇਂ ਲੋਕਾਂ ਨੂੰ ਖੇਡਾਂ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ।

# ਪਿੰਡ ਘੁਮਾਣਾ 'ਚ ਦੰਗਲ ਮੇਲੇ ਤੇ ਨੌਜਵਾਨਾਂ ਨੇ ਲਗਾਇਆ ਖੂਨਦਾਨ ਕੈਂਪ

**ਮਾਛੀਵਾੜਾ ਸਾਹਿਬ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪਿੰਡ ਘੁਮਾਣਾ ਵਿਖੇ ਦੰਗਲ ਕਮੇਟੀ ਵੱਲੋਂ ਵਿਸ਼ਾਲ ਛਿੰਝ ਮੇਲਾ ਅਤੇ ਦੰਗਲ ਕਰਵਾਇਆ ਗਿਆ। ਇਸ ਮੇਲੇ ਵਿੱਚ ਪੰਜਾਬ ਦੇ ਨਾਮੀ ਪਹਿਲਵਾਨਾਂ ਨੇ ਸ਼ਿਰਕਤ ਕਰਕੇ ਦਰਸ਼ਕਾਂ ਸਾਹਮਣੇ ਕੁਸ਼ਤੀਆਂ ਦੇ ਦਾਅ-ਪੇਚ ਵਿਖਾਏ ਅਤੇ ਆਪਣੇ ਜ਼ੋਰ ਦਾ ਜੌਹਰ ਦਿਖਾਇਆ। ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਨੇ ਪਹੁੰਚ ਕੇ ਦੰਗਲ ਦਾ ਆਨੰਦ ਮਾਣਿਆ। ਇਸ ਵਾਰ ਦੰਗਲ ਕਮੇਟੀ ਵੱਲੋਂ ਇੱਕ ਸ਼ਲਾਘਾਯੋਗ ਪਹਿਲਕਦਮੀ ਕਰਦਿਆਂ ਛਿੰਝ ਮੇਲੇ ਦੇ ਨਾਲ-ਨਾਲ ਪਹਿਲੀ ਵਾਰ ਸਾਂਝੇ ਤੌਰ 'ਤੇ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ। ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਗੁਰਦੀਪ ਮਾਨ ਅਤੇ ਸਰਪੰਚ ਧਰਮਵੀਰ ਸਿੰਘ ਫੌਜੀ ਨੇ ਦੱਸਿਆ ਕਿ ਨੌਜਵਾਨਾਂ ਨੂੰ ਖੇਡਾਂ ਦੇ ਨਾਲ-ਨਾਲ ਸਮਾਜ ਸੇਵਾ ਨਾਲ ਜੋੜਨ ਦੇ ਮੰਤਵ ਨਾਲ ਇਹ ਕੈਂਪ ਲਗਾਇਆ ਗਿਆ ਸੀ।

ਇਸ ਕੈਂਪ ਵਿੱਚ ਖੰਨਾ ਨਰਸਿੰਗ ਹੋਮ, ਖੰਨਾ ਦੀ ਮਾਹਿਰ ਡਾਕਟਰਾਂ ਦੀ ਟੀਮ ਵਿਸ਼ੇਸ਼ ਤੌਰ ਤੇ ਖ਼ੂਨ ਇਕੱਤਰ ਕਰਨ ਲਈ ਪਹੁੰਚੀ। ਉਨ੍ਹਾਂ ਦੱਸਿਆ ਕਿ ਇਸ ਖ਼ੂਨਦਾਨ ਕੈਂਪ ਵਿੱਚ ਨੌਜਵਾਨਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਅਤੇ 50 ਯੂਨਿਟ ਤੋਂ ਵੱਧ ਖ਼ੂਨਦਾਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਨੂੰ ਸਮੇਂ-ਸਮੇਂ ਤੇ ਅਜਿਹੇ ਖ਼ੂਨਦਾਨ ਕੈਂਪ ਲਗਾਉਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਖ਼ੂਨ ਦੀ ਕਮੀ ਨਾਲ ਜੂਝ ਰਹੇ ਲੋੜਵੰਦ ਮਰੀਜ਼ਾਂ ਦੀ ਜਾਨ ਬਚਾਈ ਜਾ ਸਕੇ।

# ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਤੀਰਥ ਯਾਤਰਾ ਬੱਸ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ



**ਪਟਿਆਲਾ, 22 ਸਤੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ ਵਿਰਾਸਤ ਸੇਵਾ ਸੰਗਠਨ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਅੱਜ ਪਟਿਆਲਾ ਸ਼ਹਿਰ ਦੇ ਸਿਰਹੰਦੀ ਗੇਟ ਤੋਂ ਤੀਰਥ ਯਾਤਰਾ ਲਈ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਹਲਕਾ ਕੋਆਰਡੀਨੇਟਰ ਹਰਵਿੰਦਰਪਾਲ ਸਿੰਘ ਵਿੰਟੀ ਅਤੇ ਸਿਮਰਨਪ੍ਰੀਤ ਸਿੰਘ ਵੀ ਮੌਜੂਦ ਸਨ।

ਇਸ ਮੌਕੇ ਯਾਤਰਾ 'ਤੇ ਜਾ ਰਹੀਆਂ ਸੰਗਤਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਸੰਗਤਾਂ ਨੇ ਪੰਜਾਬ ਸਰਕਾਰ ਦੇ ਇਸ ਵਿਸ਼ੇਸ਼ ਉਪਰਾਲੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦਾ ਧੰਨਵਾਦ ਕੀਤਾ।

ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਦੱਸਿਆ ਕਿ ਇਹ ਬੱਸ ਵਰਿੰਦਾਵਨ ਅਤੇ ਮਥੁਰਾ ਵਿਖੇ ਸਥਿਤ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਤੀਰਥ ਯਾਤਰਾ ਦਾ ਸਾਰਾ ਖਰਚਾ ਪੰਜਾਬ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ ਅਤੇ ਕਿਸੇ ਵੀ ਸ਼ਰਧਾਲੂ ਤੋਂ ਕੋਈ ਪੈਸਾ ਨਹੀਂ ਲਿਆ ਜਾ ਰਿਹਾ। ਉਨ੍ਹਾਂ ਦੱਸਿਆ ਕਿ ਹੁਣ ਤੱਕ ਅਣਗਿਣਤ ਸ਼ਰਧਾਲੂ ਤੀਰਥ ਯਾਤਰਾ ਕਰ ਚੁੱਕੇ ਹਨ ਅਤੇ ਲੱਖਾਂ ਸ਼ਰਧਾਲੂ ਲਗਾਤਾਰ ਸਬੰਧਤ ਇਲਾਕਿਆਂ ਦੇ ਆਗੂਆਂ ਨਾਲ ਸੰਪਰਕ ਕਰ ਰਹੇ ਹਨ, ਜਿਨ੍ਹਾਂ ਨੂੰ ਇਹ ਯਾਤਰਾ ਕਰਵਾਈ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਸੂਬਾ ਵਾਸੀਆਂ ਵੱਲੋਂ ਇਸ ਉਪਰਾਲੇ ਨੂੰ ਸਹਿਯੋਗ ਦੇਣ ਦੇ ਨਾਲ-ਨਾਲ ਪੰਜਾਬ ਸਰਕਾਰ ਦਾ ਧੰਨਵਾਦ ਵੀ ਕੀਤਾ ਜਾ ਰਿਹਾ ਹੈ।

ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਯੋਜਨਾ ਧਾਰਮਿਕ ਆਸਥਾ ਨਾਲ ਜੁੜੇ ਲੋਕਾਂ ਲਈ ਇੱਕ ਵੱਡਾ ਉਪਰਾਲਾ ਹੈ। ਇਸ ਯੋਜਨਾ ਰਾਹੀਂ ਸ਼ਰਧਾਲੂਆਂ ਨੂੰ ਵੱਖ-ਵੱਖ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਰਿਹਾ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਲੋਕਾਂ ਨੂੰ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ।

ਵਿਧਾਇਕ ਕੋਹਲੀ ਨੇ ਯਾਤਰਾ 'ਤੇ ਜਾ ਰਹੇ ਸ਼ਰਧਾਲੂਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਦੀ ਸੁਖਦ ਅਤੇ ਮੰਗਲਮਈ ਯਾਤਰਾ ਦੀ ਕਾਮਨਾ ਕੀਤੀ। ਇਸ ਮੌਕੇ ਸ਼ਰਧਾਲੂਆਂ ਨੇ ਵੀ ਪੰਜਾਬ ਸਰਕਾਰ ਅਤੇ ਵਿਧਾਇਕ ਕੋਹਲੀ ਦਾ ਧੰਨਵਾਦ ਕਰਦਿਆਂ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ।

# ਡਾ. ਬਲਜੀਤ ਕੌਰ ਦੀ ਅਗਵਾਈ ਹੇਠ ਕਾਨੂੰਨੀ ਵਿਵਾਦਾਂ ਵਿੱਚ ਫਸੇ ਬੱਚਿਆਂ ਨੂੰ ਹੁਨਰਮੰਦ ਬਣਾਉਣ ਵੱਲ ਪੰਜਾਬ ਸਰਕਾਰ ਦਾ ਅਹਿਮ ਉਪਰਾਲਾ

**ਚੰਡੀਗੜ੍ਹ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜੁਵੇਨਾਇਲ ਜਸਟਿਸ ਐਕਟ ਅਧੀਨ ਰਜਿਸਟਰਡ ਹੋਮਾਂ ਵਿੱਚ ਰਹਿ ਰਹੇ ਬੱਚਿਆਂ ਨੂੰ ਸਿੱਖਿਆ, ਹੁਨਰ ਅਤੇ ਬਿਹਤਰ ਭਵਿੱਖ ਦੇ ਮੌਕੇ ਪ੍ਰਦਾਨ ਕਰਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਦਿਸ਼ਾ ਵਿੱਚ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦੀ ਅਗਵਾਈ ਹੇਠ ਸਕਿੱਲ ਡਿਵੈਲਪਮੈਂਟ ਅਤੇ ਵੋਕੇਸ਼ਨਲ ਟ੍ਰੇਨਿੰਗ ਪ੍ਰੋਗਰਾਮ ਲਾਗੂ ਕੀਤੇ ਜਾ ਰਹੇ ਹਨ। ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀ ਇਸ ਵਿਸ਼ੇਸ਼ ਪਹਿਲਕਦਮੀ ਤਹਿਤ ਹੁਸ਼ਿਆਰਪੁਰ ਦੇ ਸਪੈਸ਼ਲ ਹੋਮ ਅਤੇ ਆਬਜ਼ਰਵੇਸ਼ਨ ਹੋਮ ਵਿੱਚ ਰਹਿ ਰਹੇ 48 ਬੱਚਿਆਂ ਨੇ ਸਫਲਤਾਪੂਰਵਕ ਰੋਜ਼ਗਾਰਮੁਖੀ ਸਕਿੱਲ ਡਿਵੈਲਪਮੈਂਟ ਕੋਰਸ ਪੂਰੇ ਕੀਤੇ ਹਨ। ਸਪੈਸ਼ਲ ਹੋਮ, ਹੁਸ਼ਿਆਰਪੁਰ ਦੇ 25 ਬੱਚਿਆਂ ਨੇ ਹੇਅਰ ਡਰੈਸਰ ਐਂਡ ਸਟਾਇਲਿਸਟ (Hair Dresser & Stylist) ਅਤੇ ਆਬਜ਼ਰਵੇਸ਼ਨ ਹੋਮ ਦੇ 23 ਬੱਚਿਆਂ ਨੇ ਮਲਟੀ ਸਕਿਲ ਟੈਕਨੀਸ਼ੀਅਨ (Multi Skill Technician) ਕੋਰਸ ਮੁਕੰਮਲ ਕੀਤਾ। ਇਨ੍ਹਾਂ ਸਾਰੇ ਬੱਚਿਆਂ ਦੀ 100 ਫੀਸਦੀ ਸਿਖਲਾਈ ਪੂਰੀ ਹੋਣ ਦੇ ਨਾਲ ਉਨ੍ਹਾਂ ਦੀ ਅਸੈਸਮੈਂਟ ਅਤੇ ਸਰਟੀਫਿਕੇਸ਼ਨ ਪ੍ਰਕਿਰਿਆ ਵੀ ਸੰਪੂਰਨ ਹੋ ਚੁੱਕੀ ਹੈ। ਇਹ ਸਫਲਤਾ ਉਨ੍ਹਾਂ ਨੂੰ ਹੁਨਰ ਦੇ ਨਾਲ ਆਤਮ-ਵਿਸ਼ਵਾਸ ਅਤੇ ਸਵੈ-ਨਿਰਭਰ ਜੀਵਨ ਵੱਲ ਅੱਗੇ ਵਧਣ ਦਾ ਮੌਕਾ ਪ੍ਰਦਾਨ ਕਰੇਗੀ।

ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦੀਆਂ ਹਦਾਇਤਾਂ ਅਨੁਸਾਰ ਰਾਜ ਦੇ ਆਬਜ਼ਰਵੇਸ਼ਨ ਹੋਮਾਂ ਅਤੇ ਸਪੈਸ਼ਲ ਹੋਮਾਂ ਵਿੱਚ ਕੁੱਲ 187 ਬੱਚਿਆਂ ਲਈ ਵੱਖ-ਵੱਖ ਹੁਨਰ ਵਿਕਾਸ ਅਤੇ ਵੋਕੇਸ਼ਨਲ ਟ੍ਰੇਨਿੰਗ ਕੋਰਸ ਸ਼ੁਰੂ ਕੀਤੇ ਗਏ ਹਨ। ਇਨ੍ਹਾਂ ਕੋਰਸਾਂ ਦੀ ਚੋਣ ਬੱਚਿਆਂ ਦੀ ਰੁਚੀ, ਸਮਰੱਥਾ ਅਤੇ ਭਵਿੱਖੀ ਰੋਜ਼ਗਾਰ ਸੰਭਾਵਨਾਵਾਂ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ (PSDM) ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਹ ਕੋਰਸ ਬੱਚਿਆਂ ਨੂੰ ਵਿਹਾਰਕ ਹੁਨਰ ਪ੍ਰਦਾਨ ਕਰਨ ਦੇ ਨਾਲ-ਨਾਲ ਸਮਾਜ ਵਿੱਚ ਮੁੜ ਵਸੇਬੇ ਲਈ ਤਿਆਰ ਕਰ ਰਹੇ ਹਨ। ਵਿਭਾਗ ਵੱਲੋਂ ਕੋਰਸ ਪੂਰਾ ਕਰਨ ਵਾਲੇ ਬੱਚਿਆਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਰੋਜ਼ਗਾਰ ਅਤੇ ਪਲੇਸਮੈਂਟ ਦੇ ਮੌਕੇ ਮੁਹੱਈਆ ਕਰਵਾਉਣ ਲਈ ਵੀ ਯਤਨ ਕੀਤੇ ਜਾ ਰਹੇ ਹਨ।

ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਜੁਵੇਨਾਇਲ ਜਸਟਿਸ ਪ੍ਰਣਾਲੀ ਅਧੀਨ ਰਹਿ ਰਹੇ ਬੱਚਿਆਂ ਨੂੰ ਸਿਰਫ਼ ਦੇਖਭਾਲ ਦੀ ਨਹੀਂ, ਸਗੋਂ ਸਹੀ ਮਾਰਗਦਰਸ਼ਨ ਅਤੇ ਮੌਕਿਆਂ ਦੀ ਲੋੜ ਹੁੰਦੀ ਹੈ। ਉਨ੍ਹਾਂ ਕਿਹਾ ਕਿ ਹੁਨਰ ਵਿਕਾਸ ਰਾਹੀਂ ਇਨ੍ਹਾਂ ਬੱਚਿਆਂ ਨੂੰ ਆਪਣੀ ਸਮਰੱਥਾ ਪਛਾਣਨ ਅਤੇ ਜੀਵਨ ਵਿੱਚ ਨਵੀਂ ਸ਼ੁਰੂਆਤ ਕਰਨ ਦਾ ਮੌਕਾ ਮਿਲਦਾ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ 'ਰੰਗਲਾ ਪੰਜਾਬ' ਦੇ ਨਿਰਮਾਣ ਲਈ ਹਰ ਬੱਚੇ ਨੂੰ ਅੱਗੇ ਵਧਣ ਦੇ ਬਰਾਬਰ ਮੌਕੇ ਦੇਣ ਲਈ ਵਚਨਬੱਧ ਹੈ।



ਮਨਜਿੰਦਰ ਸਿੰਘ ਸਰੌਦ
94634-63136



# ਲੱਚਰ ਗਾਇਕੀ ਅੱਗੇ ਸੱਭਿਆਚਾਰ ਮਿਸ਼ਨ ਅਸਫਲ

ਕੁਝ ਮਹੀਨੇ ਪਹਿਲਾਂ ਪੰਜਾਬੀ ਗਾਇਕੀ 'ਚ ਲੱਚਰਤਾ ਰੋਕਣ ਲਈ ਇਕ ਸੱਭਿਆਚਾਰਕ ਮਿਸ਼ਨ ਬਣਾਇਆ ਗਿਆ ਸੀ। ਇਸ ਮਿਸ਼ਨ ਦੇ ਬਣਨ ਤੋਂ ਬਾਅਦ ਵੀ ਗੀਤਾਂ 'ਚ ਲੱਚਰਤਾ ਜਾਰੀ ਹੈ, ਜੋ ਇਸ ਮਿਸ਼ਨ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਹੈ...

ਪਿਛਲੇ ਇਕ ਦਹਾਕੇ ਤੋਂ ਪੰਜਾਬੀ ਗਾਇਕੀ ਦੀ ਗੰਧਲੀ ਹੋਈ ਆਬੋ ਹਵਾ ਨੇ ਸਾਡੇ ਸੱਭਿਆਚਾਰ ਅਤੇ ਵਿਰਸੇ ਦੀ ਕਮਰ ਨੂੰ ਤੋੜ ਕੇ ਰੱਖ ਦਿੱਤਾ ਹੈ। ਚਾਰੇ ਕੁੰਟਾਂ ਵਿਚ ਹਾਲ ਇੱਕੋ ਜਿਹਾ ਨਜ਼ਰ ਆਉਂਦਾ ਹੈ। ਬਹੁਤੇ ਕਲਾਕਾਰਾਂ ਵੱਲੋਂ ਸ਼ੋਹਰਤ ਅਤੇ ਪੈਸੇ ਦੀ ਪਗਡੰਡੀ 'ਤੇ ਤੁਰਦਿਆਂ-ਤੁਰਦਿਆਂ ਮਾਂ ਬੋਲੀ ਦੇ ਵੱਕਾਰ ਨੂੰ ਅੱਖੋਂ ਪਰੋਖੇ ਕਰ ਐਸਾ ਰਸਤਾ ਚੁਣਿਆ ਜੋ ਸਿੱਧਾ ਨੈਤਿਕ ਕਦਰਾਂ ਕੀਮਤਾਂ ਨੂੰ ਕੁਚਲਦਾ ਹੋਇਆ ਅਪਰਾਧ ਅਤੇ ਗ਼ੈਰ-ਜ਼ਿੰਮੇਵਾਰੀ ਵਾਲੇ ਖੇਤਰ ਅੰਦਰ ਜਾ ਦਾਖ਼ਲ ਹੁੰਦਾ ਹੈ। ਹੁਣ ਮਾਂ ਬੋਲੀ ਦਾ ਕਿਸੇ ਨੂੰ ਕੋਈ ਖ਼ਿਆਲ ਨਹੀਂ ਰਿਹਾ ਬਸ ਪੈਸੇ ਤੇ ਸ਼ੋਹਰਤ ਮਿਲਣੀ ਚਾਹੀਦੀ ਹੈ, ਉਹ ਮਿਲ ਵੀ ਰਹੀ ਹੈ। ਅੱਜ ਦੇ ਬਹੁਤੇ ਕਲਾਕਾਰ ਇਹੀ ਫਾਰਮੂਲੇ 'ਤੇ ਫਿੱਟ ਹੁੰਦੇ ਨੇ ਤੇ ਹਿੱਟ ਵੀ ਹੋਏ ਹਨ। ਕਸੂਰ ਜਨਤਾ ਦਾ ਵੀ ਘੱਟ ਨਹੀਂ। ਪੰਜ-ਪੰਜ ਲੱਖ ਲੈਣ ਵਾਲੇ ਗਾਇਕ ਬੇਸ਼ੱਕ ਲੱਚਰਤਾ ਭਰੇ ਗੀਤ ਗਾ ਕੇ ਚੱਲ ਜਾਣ ਸਾਨੂੰ ਕੋਈ ਫ਼ਰਕ ਨਹੀਂ। ਘੱਟ ਪੈਸੇ ਲੈ ਚੰਗੇ ਗੀਤ ਗਾਉਣ ਵਾਲੇ ਗਾਇਕਾਂ ਨੂੰ ਅਸੀਂ ਘਰ ਦਾ ਦਰਵਾਜ਼ਾ ਵੀ ਨਹੀਂ ਟੱਪਣ ਦਿੰਦੇ ਕਿਉਂਕਿ ਉਨ੍ਹਾਂ ਦੇ ਗੀਤ ਸੱਭਿਅਕ ਭਾਸ਼ਾ ਨੂੰ ਪਰਨਾਏ ਹੁੰਦੇ ਹਨ।

## ਸੰਗੀਤ ਬਣਿਆ ਕਾਤਲ

ਮਾੜੇ ਗੀਤਾਂ ਦੇ ਇਕ ਦਹਾਕੇ ਦੇ ਸਫ਼ਰ ਨੇ ਅਥਾਹ ਅਜਿਹੀਆ ਮਾੜੀਆਂ ਅਲਾਮਤਾਂ ਨੂੰ ਜਨਮ ਦਿੱਤਾ ਹੈ ਜਿਨ੍ਹਾਂ ਦੀ ਬਦੌਲਤ ਪੰਜਾਬ ਦੀ ਨੌਜਵਾਨੀ ਨਸ਼ੇ ਅਤੇ ਅਸਲੇ ਦੇ ਕਲਚਰ ਦੀ ਭੇਟ ਚੜ੍ਹ ਅਪਰਾਧਾਂ ਦੇ ਰਾਹ ਤੁਰ ਪਈ ਹੈ। ਅਸੀਂ ਬਹੁਤ ਸਮਾਂ ਪਹਿਲਾਂ ਵੀ ਆਖਿਆ ਸੀ ਕਿ ਜੇ ਇਨ੍ਹਾਂ ਲੱਚਰ ਗੀਤ ਗਾਉਣ ਵਾਲਿਆਂ ਗਾਇਕਾਂ ਨੂੰ ਮੌਕਾ ਰਹਿੰਦਿਆਂ ਉਨ੍ਹਾਂ ਦੇ ਗੀਤਾਂ ਦੀ ਸ਼ਬਦਾਵਲੀ ਬਾਰੇ ਸਵਾਲ ਨਾ ਕੀਤੇ ਗਏ ਤਾਂ ਇਹ ਕੌੜੀ ਵੇਲ ਦੀ ਤਰ੍ਹਾਂ ਵਧਦੇ ਜਾਣਗੇ। ਸ਼ਾਇਦ ਇਹ ਆਵਾਜ਼ ਓਦੋਂ ਕਿਸੇ ਨੇ ਸੁਣੀ ਤਕ ਨਹੀਂ। ਹੁਣ ਜਦੋਂ ਪਾਣੀ ਸਿਰੋਂ ਟੱਪਣ ਲੱਗਿਆ ਤਾਂ ਸਾਰੇ ਹੱਥ ਪੈਰ ਮਾਰਨ ਲੱਗੇ ਹਨ। ਲੱਚਰਤਾ ਭਰੇ ਗੀਤਾਂ ਦੀ ਬਦੌਲਤ ਹੁੰਦੇ ਅਪਰਾਧਾਂ ਤੇ ਝਗੜਿਆਂ ਨੇ ਆਖ਼ਰ ਬਹੁਤੇ ਲੋਕਾਂ ਨੂੰ ਸੋਚਣ ਲਈ ਮਜਬੂਰ ਕੀਤਾ ਕਿ ਨਸ਼ੇ ਤੇ ਅਸਲੇ ਵਾਲੇ ਗੀਤਾਂ ਨੇ ਹਸਦੇ-ਵਸਦੇ ਘਰਾਂ ਦੇ ਚੁੱਲ੍ਹਿਆਂ ਵਿਚ ਘਾਹ ਉੱਗਣ ਲਾ ਦਿੱਤਾ ਹੈ। ਪੰਜਾਬ ਦੀ ਜਵਾਨੀ ਖ਼ੁਦ ਨੂੰ ਇਨ੍ਹਾਂ ਗੀਤਾਂ ਦੇ ਸਾਂਚੇ ਵਿਚ ਢਾਲ ਅਪਰਾਧਿਕ ਬਿਰਤੀ ਵੱਲ ਧੱਕੀ ਚਲੀ ਗਈ। ਗੀਤਾਂ ਤੋਂ ਉਕਸਾਹਟ ਵਿਚ ਆ ਕੇ ਗੱਲ ਨਕਲੀ ਗੋਲੀਆਂ ਤੋਂ ਅਸਲੀ ਤਕ ਜਾ ਪਹੁੰਚੀ ਅਤੇ ਕੀਮਤੀ ਜਾਨਾਂ ਭੰਗ ਦੇ ਭਾਣੇ ਜਾਣ ਲੱਗੀਆਂ। ਮਨੁੱਖੀ ਰੂਹਾਂ ਨੂੰ ਠੰਢੀ ਹਵਾ ਦੇ ਬੁੱਲੇ ਰਾਹੀਂ ਤ੍ਰਿਪਤੀ ਪ੍ਰਦਾਨ ਕਰਨ ਵਾਲਾ ਸੰਗੀਤ ਕਾਤਲ ਹੋ ਨਿਬੜਿਆ।

## ਸਰੋਤੇ ਸਮਝਣ ਜ਼ਿੰਮੇਵਾਰੀ

ਵਧੀਆ ਗਾਇਕੀ ਦੀ ਵਾਰਿਸ ਤੇ ਬੁਲੰਦ ਆਵਾਜ਼ ਦੀ ਮਾਲਕ ਗਾਇਕਾ ਗਗਨਪ੍ਰੀਤ ਬਠਿੰਡਾ ਨੇ ਕਿੰਨਾ ਸੱਚ ਕਿਹਾ ਹੈ ਕਿ ਕਲਾਕਾਰਾਂ ਦੇ ਨਾਲ-ਨਾਲ ਸਾਡੇ ਲੋਕ ਵੀ ਆਪਣੇ ਅੰਦਰ ਝਾਤੀ ਮਾਰਨ ਕਿ ਅਸੀਂ ਕਿੱਥੇ ਕੁ ਖੜ੍ਹੇ ਹਾਂ। ਨਸ਼ੇ ਤੇ ਅਸਲੇ ਵਾਲੇ ਕਲਚਰ ਦੇ ਗੀਤਾਂ ਵਿਚਲਾ ਭੂਤ ਛੇਤੀ ਕਿਤੇ ਪੰਜਾਬੀਆਂ ਦੇ ਗਲੋਂ ਲੱਥਣ ਵਾਲਾ ਨਹੀਂ ਹੈ। ਇਸ ਦੇ ਲਈ ਸਰੋਤਿਆਂ ਨੂੰ ਖ਼ੁਦ ਅੱਗੇ ਆਉਣਾ ਪਵੇਗਾ। ਦੂਸਰਿਆਂ ਤੋਂ ਆਸ ਰੱਖਣੀ ਤਾਂ ਮੂਰਖ਼ਤਾ ਹੀ ਹੋਵੇਗੀ। ਲੱਚਰ ਗਾਇਕੀ ਨੇ ਤਾਂ ਪੰਜਾਬੀਆਂ ਦੇ ਅਕਸ ਨੂੰ ਪੂਰੀ ਦੁਨੀਆ ਵਿਚ ਢਾਅ ਲਾਈ ਹੈ। ਫਿਰ ਵੀ ਜੇ ਸਰਕਾਰ ਚਾਹੁੰਦੀ ਹੈ ਕਿ ਅਸਲਾ, ਨਸ਼ਾ ਤੇ ਲੱਚਰਤਾ ਵਾਲੇ ਸੰਗੀਤ ਨੂੰ ਠੱਲ੍ਹ ਪਏ ਤਾਂ ਮਾਂ ਬੋਲੀ ਦੇ ਚਿੰਤਕਾਂ ਦੀ ਇਕ ਕਮੇਟੀ ਕਾਇਮ ਕਰ ਉਸ ਨੂੰ ਪੂਰਨ ਅਧਿਕਾਰ ਦਿੱਤੇ ਜਾਣ।

ਗੀਤਾਂ ਦੀ ਸਕਰੀਨਿੰਗ ਕਰ ਕੇ ਉਨ੍ਹਾਂ ਨੂੰ ਚੈਨਲ 'ਤੇ ਵਿਖਾਇਆ ਜਾਵੇ। ਯੂ-ਟਿਊਬ ਰਾਹੀਂ ਮਾੜੇ ਗੀਤਾਂ ਦਾ ਪ੍ਰਚਾਰ ਕਰਨ ਵਾਲੇ ਕਲਾਕਾਰਾਂ ਨੂੰ ਉਨ੍ਹਾਂ ਦੇ ਗੀਤਾਂ ਲਈ ਜਵਾਬ ਦੇਹ ਬਣਾਇਆ ਜਾਵੇ। ਚੈਨਲਾਂ 'ਤੇ ਸ਼ਿਕੰਜਾ ਕਸਣ ਦੇ ਨਾਲ-ਨਾਲ ਮਾਰਕੀਟ ਦੇ ਅੰਦਰ ਵੀ ਗੀਤਾਂ ਦੀ ਪੜਤਾਲ ਕੀਤੀ ਜਾਵੇ। ਮਾਂ-ਬੋਲੀ ਦਾ ਨੁਕਸਾਨ ਕਰਦੇ ਫ਼ੁਕਰੇ ਕਲਾਕਾਰਾਂ ਨੂੰ ਰੋਕਣ ਦੀ ਨੀਤੀ ਤਿਆਰ ਕਰਨ ਦੀ ਅੱਜ ਵੱਡੀ ਲੋੜ ਹੈ ਤਾਂ ਕਿ ਪੰਜਾਬ ਦੀ ਨੌਜਵਾਨੀ ਤੇ ਵਿਰਸੇ ਦਾ ਬੇਰਹਿਮੀ ਨਾਲ ਘਾਣ ਕਰ ਰਹੇ ਇਹ ਲੋਕ ਹੋਸ਼ ਵਿਚ ਆਉਣ ਨਹੀਂ ਤਾਂ ਕਮਿਸ਼ਨ, ਮਿਸ਼ਨ ਤੇ ਕਮੇਟੀਆਂ ਬਣਾ ਗੱਲੀਂ-ਬਾਤੀਂ ਕੀਤੇ ਯਤਨ ਕਿਸੇ ਵੀ ਤਰ੍ਹਾਂ ਸਾਡੇ ਤਿਲ-ਤਿਲ ਕਰ ਕੇ ਦਮ ਤੋੜ ਰਹੇ ਸੱਭਿਆਚਾਰ ਨੂੰ ਬਚਾਉਣ ਵਿਚ ਸਹਾਈ ਨਹੀਂ ਹੋਣਗੇ। ਇਸ ਦੇ ਨਾਲ ਹੀ ਸਰੋਤੇ ਵੀ ਆਪਣੀ ਜ਼ਿੰਮੇਵਾਰੀ ਸਮਝਣ ਤੇ ਚੰਗੇ ਗੀਤ ਗਾਉਣ ਵਾਲੇ ਗਾਇਕਾਂ ਨੂੰ ਪਹਿਲ ਦੇਣ। •

### ਸੱਭਿਆਚਾਰ ਮਿਸ਼ਨ ਦਾ ਗਠਨ

**ਲੱਚਰ** ਗਾਇਕੀ ਨੂੰ ਠੱਲ੍ਹ ਪਾਉਣ ਲਈ ਜਦੋਂ ਚਿੰਤਕਾਂ ਨੇ ਸਰਕਾਰ ਨੂੰ ਜਗਾਇਆ ਅਤੇ ਹਾਲਾਤਾਂ ਤੋਂ ਜਾਣੂ ਕਰਵਾਉਣ 'ਤੇ ਕਾਫ਼ੀ ਜੱਦੋ-ਜ਼ਹਿਦ ਤੋਂ ਬਾਅਦ ਸਰਕਾਰ ਵੱਲੋਂ ਪੰਜਾਬ ਕਲਾ ਪ੍ਰੀਸ਼ਦ ਦੀ ਦੇਖ ਰੇਖ ਹੇਠ 'ਪੰਜਾਬ ਸੱਭਿਆਚਾਰ ਮਿਸ਼ਨ' ਨਾਂ ਦੀ ਇਕ ਸੰਸਥਾ ਦਾ ਗਠਨ ਕੀਤਾ ਗਿਆ। ਚੰਗੇ ਨਾਮੀ ਕਲਾਕਾਰਾਂ ਅਤੇ ਸਾਹਿਤਕਾਰਾਂ ਨੂੰ ਇਸ ਦੇ ਕਰਤਾ-ਧਰਤਾ ਥਾਪ ਲੱਚਰ, ਅਸਲੇ ਅਤੇ ਨਸ਼ੇ ਨੂੰ ਹੱਲਾਸ਼ੇਰੀ ਦਿੰਦੇ ਗੀਤਾਂ 'ਤੇ ਨਕੇਲ ਕਸਣ ਲਈ ਵਿਚਾਰਾਂ ਕੀਤੀਆਂ ਗਈਆਂ। ਮਾਂ-ਬੋਲੀ ਦੇ ਸ਼ੁਭਚਿੰਤਕਾਂ ਨੂੰ ਆਸ ਵੱਝੀ ਕਿ ਹੋ ਸਕਦਾ ਹੈ ਕਿ ਹੁਣ ਕੁਝ ਭਲੇ ਦੀ ਗੱਲ ਹੋਵੇ। ਪਰ ਕਈਆਂ ਨੇ ਚਿੰਤਾ ਜ਼ਾਹਰ ਕੀਤੀ ਸੀ ਕਿ ਇਹ ਮਿਸ਼ਨ ਬੇਲਗਾਮ ਹੋ ਚੁੱਕੀ ਗਾਇਕੀ ਤੇ ਗੀਤਕਾਰੀ ਨੂੰ ਜਾਬਤੇ ਵਿਚ ਕਰਨ ਲਈ ਕਾਰਗਰ ਸਾਬਤ ਨਹੀਂ ਹੋਵੇਗਾ। ਜਿਉਂ-ਜਿਉਂ ਦਿਨ ਤੇ ਮਹੀਨੇ ਬੀਤ ਰਹੇ ਨੇ ਉਸ ਤੋਂ ਸਾਫ਼ ਜ਼ਾਹਿਰ ਹੋ ਰਿਹਾ ਹੈ ਕਿ ਇਹ ਮਿਸ਼ਨ ਵੀ ਸਿਰਫ਼ ਗੱਲਾਂ ਦੀ ਪੈਦਾਇਸ਼ ਹੀ ਹੈ ਕਿਉਂਕਿ ਮਿਸ਼ਨ ਦਾ ਗਠਨ ਹੋਇਆਂ ਕਾਫ਼ੀ ਸਮਾਂ ਬੀਤ ਚੁੱਕਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਅਜੇ ਤਕ ਮਿਸ਼ਨ ਦੇ ਕਿਸੇ ਅਹੁਦੇਦਾਰ ਵੱਲੋਂ ਮਾੜਾ ਗਾਉਣ ਵਾਲੇ ਕਲਾਕਾਰਾਂ 'ਤੇ ਕਾਰਵਾਈ ਲਈ ਸਿਫ਼ਾਰਿਸ਼ ਤਾਂ ਦੂਰ ਦੀ ਗੱਲ ਕੋਈ ਫੋਕਾ ਬਿਆਨ ਵੀ ਜਾਰੀ ਨਹੀਂ ਕੀਤਾ ਹੈ। ਸੋ ਸਪੱਸ਼ਟ ਹੈ ਕਿ ਹੁਣ ਪੰਜਾਬੀ ਇਸ ਮਿਸ਼ਨ ਤੋਂ ਕੋਈ ਆਸ ਨਾ ਰੱਖਣ ਤਾਂ ਚੰਗਾ ਹੈ। ਪਹਿਲਾਂ ਇਸ ਦੇ ਗਠਨ 'ਤੇ ਵੀ ਕਾਫ਼ੀ ਹੋ-ਹੱਲਾ ਹੋਇਆ ਸੀ ਅਤੇ ਇਸ ਵਿਚ ਸ਼ਾਮਲ ਕਈ ਕਲਾਕਾਰਾਂ ਦੇ ਗੀਤਾਂ 'ਤੇ ਲੋਕਾਂ ਨੇ ਸ਼ਰੇਆਮ ਉਂਗਲੀਆਂ ਚੁੱਕੀਆਂ ਸਨ। ਮਾਰਕੀਟ ਵਿਚ ਹੁਣ ਵੀ ਧੜਾਧੜ ਅਸ਼ਲੀਲ, ਨਸ਼ੇ ਤੇ ਅਸਲੇ ਨੂੰ ਪ੍ਰਚਾਰਦੇ ਗੀਤਾਂ ਦਾ ਬੋਲਬਾਲਾ ਜਿਉਂ ਦਾ ਤਿਉਂ ਬਰਕਰਾਰ ਹੈ। ਕਈ ਫੁਕਰੇ ਕਲਾਕਾਰ ਅੱਜ ਵੀ ਮੋਢੇ ਬੰਦੂਕ ਪਾਈ ਗੀਤਾਂ ਵਿਚ ਜੀਪਾਂ 'ਤੇ ਖੜ੍ਹ ਪਿੰਡਾਂ ਅੰਦਰ ਬਦਮਾਸ਼ਾਂ ਦੀ ਤਰ੍ਹਾਂ ਵਿਚਰਦੇ ਚਿੱਟੇ ਦਿਨ ਵਿਖਾਈ ਦਿੰਦੇ ਹਨ। ਦੂਜੇ ਪਾਸੇ ਮਿਸ਼ਨ ਦੇ ਆਗੂ ਅਜੇ ਵੀ ਚੁੱਪ ਨੇ।

ਕਾਲਾ ਸਿੰਘ ਸੈਣੀ

# ਸਿਨੇਮਾ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ

## ਗੁਰਪ੍ਰੀਤ ਕੌਰ ਭੰਗੂ



ਰੰਗਮੰਚ ਤੋਂ ਆਪਣੀ ਅਦਾਕਾਰੀ ਦਾ ਸਫ਼ਰ ਸ਼ੁਰੂ ਕਰਨ ਵਾਲੀ ਗੁਰਪ੍ਰੀਤ ਕੌਰ ਭੰਗੂ ਬਾਲੀਵੁੱਡ ਤੇ ਪਾਲੀਵੁੱਡ 'ਚ ਵੀ ਆਪਣੀ ਕਲਾ ਦਾ ਲੋਹਾ ਮੰਨਵਾ ਚੁੱਕੀ ਹੈ...

ਕਾਫ਼ੀ ਸਮਾਂ ਪੰਜਾਬੀ ਫਿਲਮਾਂ ਵਿਚ ਨਾਇਕ-ਨਾਇਕਾ ਦੇ ਪਿਆਰ ਅਤੇ ਮਾਰਧਾੜ ਵਾਲੀਆਂ ਕਹਾਣੀਆਂ ਵਾਲਾ ਦੌਰ ਦਰਸ਼ਕਾਂ ਤੇ ਭਾਰੂ ਰਿਹਾ। ਨਿਰਮਾਤਾ ਤੇ ਨਿਰਦੇਸ਼ਕ ਮਨਮੋਹਣ ਸਿੰਘ ਵੱਲੋਂ ਫਿਲਮ 'ਜੀ ਆਇਆ ਨੂੰ' ਦੀ ਕਹਾਣੀ ਨੇ ਪੰਜਾਬੀ ਸਿਨੇਮੇ ਦਾ ਮੁਹਾਂਦਰਾ ਹੀ ਬਦਲ ਦਿੱਤਾ। ਹੁਣ ਪੰਜਾਬੀ ਸਿਨੇਮਾ ਆਪਣੇ ਅਮੀਰ ਪੰਜਾਬੀ ਸਾਹਿਤ ਨਾਲ ਜੁੜ ਕੇ ਪਰਿਵਾਰਿਕ ਰਿਸ਼ਤਿਆਂ ਤੇ ਮੋਹ ਦੀਆਂ ਤੰਦਾਂ ਦੀ ਗੱਲ ਕਰਦਾ ਹੋਇਆ ਅੱਗੇ ਵਧ ਰਿਹਾ ਹੈ। ਸਿਨੇਮਾ ਸਿਰਫ਼ ਤੇ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਹੁੰਦਾ ਇਸ ਕੋਲ ਯੁੱਗ ਬਦਲਣ ਦੀ ਅਥਾਹ ਸ਼ਕਤੀ ਵੀ ਹੁੰਦੀ ਹੈ। ਅੱਜ ਪੁਰਾਤਨ ਸੱਭਿਆਚਾਰ ਨੂੰ ਰੂਪਮਾਨ ਕਰਦੀਆਂ ਹੋਈਆਂ ਕੁਝ ਪੰਜਾਬੀ ਫਿਲਮਾਂ ਸਾਡੀ ਪਰਿਵਾਰਿਕ ਜ਼ਿੰਦਗੀ ਦੇ ਖ਼ੂਬਸੂਰਤ ਰਿਸ਼ਤਿਆਂ ਦੀ ਬਾਤ ਪਾਉਂਦੀਆਂ ਹਨ। ਅਜਿਹੀਆਂ ਫਿਲਮਾਂ ਦਾ ਬਣਨਾ ਸਾਡੇ ਵਲਮੁੱਲੇ ਸੱਭਿਆਚਾਰ ਨੂੰ ਸਾਂਭਣ ਦਾ ਯਤਨ ਹੈ। ਇਹ ਵਿਚਾਰ ਮਸ਼ਹੂਰ ਅਦਾਕਾਰਾ ਗੁਰਪ੍ਰੀਤ ਕੌਰ ਭੰਗੂ ਨੇ ਵਿਸ਼ੇਸ਼ ਮੁਲਾਕਾਤ ਦੌਰਾਨ ਸਾਂਝੇ ਕੀਤੇ।

ਰੰਗਮੰਚ ਤੋਂ ਆਪਣੀ ਅਦਾਕਾਰੀ ਦੀ ਸ਼ੁਰੂਆਤ ਕਰਨ ਵਾਲੀ ਗੁਰਪ੍ਰੀਤ ਕੌਰ ਭੰਗੂ ਨੇ ਥੀਏਟਰ ਦੇ ਬਾਬਾ ਬੋਹੜ ਗੁਰਸ਼ਰਨ ਭਾਜੀ ਤੋਂ ਕਲਾ ਦੀਆਂ ਬਰੀਕੀਆਂ ਦਾ ਗਿਆਨ ਹਾਸਲ ਕਰ ਕੇ ਅਨੇਕਾਂ ਨਾਟਕਾਂ ਦੇ ਸਫਲ ਸਟੇਜ ਸ਼ੋਅ ਕਰਦੇ ਹੋਏ ਪ੍ਰਪੱਕ ਅਦਾਕਾਰਾ ਵੱਜੋਂ ਆਪਣੀ ਪਛਾਣ ਬਣਾਈ। ਚੇਤਨਾ ਕਲਾ ਮੰਚ ਸ੍ਰੀ ਚਮਕੌਰ ਸਾਹਿਬ ਦੇ ਬੈਨਰ ਹੇਠ ਉਹ ਸਮਾਜਿਕ ਬੁਰਾਈਆਂ ਪ੍ਰਤੀ ਚਿੰਤਤ ਔਰਤਾਂ ਦੇ ਹੱਕਾਂ ਪ੍ਰਤੀ ਆਵਾਜ਼ ਬੁਲੰਦ ਕਰਦੀ ਆ ਰਹੀ ਹੈ। ਪਾਲੀਵੁੱਡ ਦੀ ਫਿਲਮ 'ਏਕਮ' ਨਾਲ ਗੁਰਪ੍ਰੀਤ ਨੇ ਆਪਣੇ ਫਿਲਮੀ ਸਫ਼ਰ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਭਾਰਤੀ ਰੰਗਮੰਚ ਦੇ ਕਲਾਕਾਰ ਪੰਕਜ ਕਪੂਰ ਦੀ ਹਿੰਦੀ ਫਿਲਮ 'ਮੌਸਮ' ਰਾਹੀਂ ਗੁਰਪ੍ਰੀਤ ਨੇ ਬਾਲੀਵੁੱਡ 'ਚ ਆਪਣੀ ਅਦਾਕਾਰੀ ਦੇ ਜੌਹਰ ਵਿਖਾਏ। ਇਸ ਫਿਲਮ ਵਿਚ ਸੁਪਰਸਟਾਰ ਸ਼ਾਹਿਦ ਕਪੂਰ ਤੇ ਸੋਨਮ ਕਪੂਰ ਦੇ ਨਾਲ ਉਸ ਨੇ ਪੇਂਡੂ ਵਿਰਸੇ 'ਚ ਰੰਗੇ 'ਗੁਸੈਲ ਤਾਈ' ਵਾਲੇ ਕਿਰਦਾਰ ਨੇ ਗੁਰਪ੍ਰੀਤ ਨੂੰ ਹੋਰ ਬੁਲੰਦੀਆਂ 'ਤੇ ਪਹੁੰਚਿਆ।

ਮਾਲਵੇ ਦੇ ਰੇਤਲੇ ਟਿੱਬਿਆਂ ਦੇ ਮਸ਼ਹੂਰ ਪਿੰਡ ਬੁਰਜ ਕਾਨ੍ਹ ਸਿੰਘ ਵਾਲਾ ਵਿਖੇ ਇਕ ਸਧਾਰਨ ਪਰਿਵਾਰ ਦੀ ਜੰਮਪਲ ਗੁਰਪ੍ਰੀਤ ਕੌਰ ਭੰਗੂ ਖ਼ੁਦ ਨੂੰ ਖ਼ੁਸ਼ਕਿਸਮਤ ਸਮਝਦੀ ਹੈ ਕਿ ਕਾਲਜ ਸਮੇਂ ਤੋਂ ਉਸ ਨੂੰ ਐਕਟਿੰਗ ਵਾਲੇ ਪਏ ਸ਼ੌਕ ਨੂੰ ਵਿਆਹ ਤੋਂ ਬਾਅਦ ਵੀ ਉਸ ਦੇ ਜੀਵਨ ਸਾਥੀ ਸਵਰਨ ਸਿੰਘ ਭੰਗੂ ਨੇ ਕਦੇ ਫਿੱਕਾ ਨਹੀਂ ਪੈਣ ਦਿੱਤਾ। ਜ਼ਿਕਰਯੋਗ ਹੈ ਕਿ ਸਵਰਨ ਸਿੰਘ ਭੰਗੂ ਅਤੇ ਗੁਰਪ੍ਰੀਤ ਕੌਰ ਭੰਗੂ ਨੇ ਇਕ 'ਆਦਰਸ਼ ਚੈਰੀਟੇਬਲ ਟਰੱਸਟ' ਬਣਾਇਆ ਹੋਇਆ ਹੈ। ਜਿੱਥੇ ਸਵਰਨ ਸਿੰਘ ਭੰਗੂ ਬਤੌ[ਰ] ਡਾਇਰੈਕਟਰ ਸੇਵਾ ਨਿਭਾ ਰਿਹਾ [ਹੈ]।

ਮੱਥੇ ਦੀਆਂ ਝੁਰੜੀਆਂ ਅ[ਤੇ] ਗੁੱਸੇ ਵਾਲਾ ਚਿਹਰਾ, ਅੰਦ[ਰੋਂ] ਕੋਮਲ ਦਿਲ ਗੁਰਪ੍ਰੀਤ ਅਦਾਕਾ[ਰੀ] ਦਾ ਵਿਲੱਖਣ ਮੁਜੱਸਮਾ ਹੈ। ਉ[ਸ] ਦੇ ਹਰੇਕ ਕਿਰਦਾਰ ਨੂੰ ਦਰਸ਼[ਕਾਂ] ਵੱਲੋਂ ਖ਼ੂਬ ਪਸੰਦ ਕੀਤਾ ਗਿ[ਆ] ਹੈ। ਗੁਰਪ੍ਰੀਤ ਨੇ ਹੁਣ ਤਕ ਪੰਜਾ[ਬੀ] ਫਿਲਮਾਂ 'ਚ ਮਾਂ ਦਾ ਕਿਰਦ[ਾਰ] ਜ਼ਿਆਦਾ ਨਿਭਾਇਆ ਹੈ। ਹਿੰ[ਦੀ] ਪੰਜਾਬੀ ਫਿਲਮਾਂ 'ਅਰਦਾਸ', 'ਆਸੀਸ' ਅਤੇ 'ਹਰਜੀਤਾ', ਵਿਚ ਉਸ ਦੇ ਮਾਂ ਵਾਲੇ ਵਿਲੱਖ[ਣ] ਕਿਰਦਾਰਾਂ ਨੂੰ ਦਰਸ਼ਕਾਂ ਨੇ ਖ਼ੂ[ਬ] ਪਸੰਦ ਕੀਤਾ। ਅਦਾਕਾਰੀ ਦੇ ਖੇਤ[ਰ] 'ਚ ਵੱਖਰੀ ਪਛਾਣ ਕਾਇਮ ਕਰ[ਨ] ਵਾਲੀ ਗੁਰਪ੍ਰੀਤ ਨੇ ਹਿੰਦੀ ਫਿਲ[ਮ] 'ਬਿੱਟੂ ਬੌਸ' ਤੋਂ ਇਲਾਵਾ ਪੰਜਾ[ਬੀ] ਸਿਨਮੇ ਦੀਆਂ 'ਨਿੱਕਾ ਜ਼ੈਲਦਾਰ-2', 'ਮਿੱਟੀ', 'ਕੱਚੇ ਧਾਗੇ', 'ਢੋਲ ਰੱਤੀ', 'ਜੱਗਾ ਜਿਊਂਦਾ ਹੈ', 'ਸ਼ਰੀ[ਕ]', 'ਉਡੀਕ', 'ਵਧਾਈਆਂ ਜੀ ਵਧਾਈਆਂ', 'ਲੌਂਗ ਲਾਚੀ', 'ਮ[ਰ] ਗਏ ਓਏ ਲੋਕੋ' ਆਦਿ ਫਿਲ[ਮਾਂ] ਵਿਚ ਕਈ ਅਹਿਮ ਕਿਰਦ[ਾਰ] ਨਿਭਾਏ ਹਨ।

ਗੁਰਪ੍ਰੀਤ ਕੌਰ ਭੰਗੂ ਨੇ ਕਿ[ਹਾ] ਕਿ ਜਲਦੀ ਹੀ ਰਿਲੀਜ਼ ਹੋਣ [ਜਾ] ਰਹੀ ਪੰਜਾਬੀ ਫਿਲਮ 'ਪ੍ਰਾਹੁਣਾ' ਲੈ ਕੇ ਉਹ ਬੇਹੱਦ ਉਤਸ਼ਾਹਿਤ ਅਤੇ ਇਹ ਫਿਲਮ ਉਸ ਦੇ ਦਿ[ਲ] ਦੇ ਕਾਫ਼ੀ ਕਰੀਬ ਹੈ। ਇਹ ਫਿਲ[ਮ] ਪਰਿਵਾਰਿਕ ਰਿਸ਼ਤਿਆਂ ਦੇ ਮੋ[ਹ] ਦੀਆਂ ਤੰਦਾਂ ਦੀ ਗੱਲ ਕਰੇਗੀ। ਇਸ ਫਿਲਮ ਤੋਂ ਉਸ ਨੂੰ ਕਾ[ਫ਼ੀ] ਉਮੀਦਾਂ ਹਨ। ਗੁਰਪ੍ਰੀਤ ਦੀਆਂ ਅਗਲੀਆਂ ਫਿਲਮਾਂ 'ਚ 'ਅ[...] ਦੀ ਚਿੜੀ', 'ਕਿਸਮਤ', 'ਮੰ[...] ਬਿਸਤਰੇ-2', 'ਮਜਨੂੰ', ਅ[ਤੇ] 'ਅਫਸਰ' ਆਦਿ ਸ਼ਾਮਲ ਹਨ।

99882-8038



ਕੁਲਦੀਪ ਸਿੰਘ ਢਿੱਲੋਂ

# ਮੇਰੀ ਪਹਿਲ ਚੰਗੀ ਗਾਇਕੀ

## ਨਿਸ਼ਾ ਖ਼ਾਨ

ਅਜੋਕਾ ਦੌਰ ਮੁਕਾਬਲੇਬਾਜ਼ੀ ਦਾ ਹੈ। ਅੱਜ ਕੱਲ੍ਹ ਹਰ ਖੇਤਰ 'ਚ ਇਕ ਦੂਜੇ ਤੋਂ ਅੱਗੇ ਨਿਕਲਣ ਦੀ ਹੋੜ ਲੱਗੀ ਹੋਈ ਹੈ। ਪੈਸੇ ਦਾ ਯੁੱਗ ਹੋਣ ਕਰ ਕੇ ਹਰ ਕੋਈ ਪੈਸੇ ਦੇ ਜ਼ੋਰ 'ਤੇ ਕਿਸੇ ਨਾ ਕਿਸੇ ਖੇਤਰ 'ਚ ਸਟਾਰ ਬਣਨ ਲਈ ਕਾਹਲਾ ਹੈ। ਪੈਸੇ ਦੇ ਜ਼ੋਰ ਨਾਲ ਬਣੇ ਸਟਾਰ ਜ਼ਿਆਦਾ ਸਮਾਂ ਕਦੇ ਨਹੀਂ ਟਿਕ ਸਕਦੇ ਪਰ ਜੋ ਸਖ਼ਤ ਮਿਹਨਤ ਤੋਂ ਬਾਅਦ ਕਿਸੇ ਖੇਤਰ 'ਚ ਜਾਂਦੇ ਹਨ ਉਹ ਲੰਬਾ ਸਮਾਂ ਲੋਕਾਂ ਦੇ ਦਿਲਾਂ 'ਤੇ ਰਾਜ ਕਰਦੇ ਹਨ। ਕਿਸੇ ਸਮੇਂ ਗਾਇਕੀ ਦੇ ਖੇਤਰ ਵਿਚ ਕੁੜੀਆਂ ਦੇ ਆਉਣ ਨੂੰ ਚੰਗਾ ਨਹੀਂ ਸਮਝਿਆ ਜਾਂਦਾ ਸੀ ਪਰ ਅੱਜ ਦੇ ਸਮੇਂ 'ਚ ਕੁੜੀਆਂ ਵੀ ਹਰ ਖੇਤਰ 'ਚ ਮੱਲਾਂ ਮਾਰ ਰਹੀਆਂ ਹਨ। ਬਹੁਤ ਸਾਰੀਆਂ ਗਾਇਕਾਵਾਂ ਨੇ ਸਮੇਂ-ਸਮੇਂ ਤੇ ਇਸ ਖੇਤਰ 'ਚ ਆਪਣੀ ਕਲਾ ਦਾ ਲੋਹਾ ਮੰਨਵਾਇਆ ਹੈ। ਅੱਜ ਅਸੀਂ ਗੱਲ ਕਰਨ ਜਾ ਰਹੇ ਪਿਛਲੇ ਕਾਫ਼ੀ ਸਮੇਂ ਤੋਂ ਗਾਇਕੀ 'ਚ ਸਰਗਰਮ ਗਾਇਕਾ ਨਿਸ਼ਾ ਖ਼ਾਨ ਦੀ। ਉਸ ਦਾ ਜਨਮ ਪੰਜਾਬ ਦੇ ਮਸ਼ਹੂਰ ਪਿੰਡ ਬਾਦਲ 'ਚ ਪਿਤਾ ਅਬਦੁਲ ਗਫ਼ੂਰ ਤੇ ਮਾਤਾ ਰਸ਼ੀਦਾ ਬੇਗ਼ਮ ਦੇ ਘਰ ਹੋਇਆ।

ਬਚਪਨ ਤੋਂ ਗਾਇਕੀ ਦਾ ਸ਼ੌਕ ਰੱਖਣ ਵਾਲੀ ਨਿਸ਼ਾ ਖ਼ਾਨ ਨੇ ਆਪਣੀ ਮੁਢਲੀ ਸਿੱਖਿਆ ਦਸ਼ਮੇਸ਼ ਅਕੈਡਮੀ ਬਾਦਲ ਤੋਂ ਪ੍ਰਾਪਤ ਕੀਤੀ। ਇਸ ਉਪਰੰਤ ਆਪਣੇ ਭਰਾ ਸ਼ੀਰਾ ਖ਼ਾਨ ਦੀ ਪ੍ਰੇਰਨਾ ਸਦਕਾ ਨਿਸ਼ਾ ਨੇ ਸਾਲ 2001 'ਚ ਭੇਟਾਂ ਦੀ ਕੈਸਿਟ ਨਾਲ ਇਸ ਖੇਤਰ 'ਚ ਆਪਣਾ ਪਹਿਲਾ ਕਦਮ ਰੱਖਿਆ। ਉਸ ਤੋਂ ਬਾਅਦ 2016 'ਚ ਉਸ ਦੀ 'ਜੋਗਨ' ਕੈਸਿਟ ਆਈ। ਫਿਰ 2017 ਨਿਸ਼ਾ ਦੇ ਗੀਤ 'ਜੱਟ ਲੁੱਟਿਆ ਗਿਆ' ਨੂੰ ਪੀਟੀਸੀ ਵਲੋਂ ਰਿਲੀਜ਼ ਕਰ ਕੇ ਉਸ ਨੂੰ ਪੰਜਾਬੀ ਗਾਇਕੀ 'ਚ ਪੱਕੇ ਪੈਰੀਂ ਕਰ ਦਿੱਤਾ। ਹੁਣ ਨਿਸ਼ਾ ਖ਼ਾਨ ਆਪਣੇ ਨਵੇਂ ਰਿਲੀਜ਼ ਹੋਏ ਗੀਤ 'ਸਾਹਾਂ ਦੀ ਚਰਖੀ' ਨਾਲ ਮੁੜ ਚਰਚਾ 'ਚ ਆ ਗਈ ਹੈ। ਇਸ ਗੀਤ ਨੂੰ ਬੀਕਾ ਲਾਲ ਬਾਈ ਨੇ ਲਿਖਿਆ ਹੈ ਤੇ ਇਸ ਨੂੰ ਵੀ ਪੀਟੀਸੀ ਨੇ ਹੀ ਰਿਲੀਜ਼ ਕੀਤਾ ਹੈ। ਸਾਫ਼ ਸੁਥਰੀ ਗਾਇਕੀ ਗਾਉਣ ਤੇ ਸੁਣਨ 'ਚ ਯਕੀਨ ਰੱਖਣ ਵਾਲੀ ਨਿਸ਼ਾ ਖ਼ਾਨ ਆਪਣੀ ਇਸ ਕਾਮਯਾਬੀ 'ਚ ਆਪਣੇ ਪੂਰੇ ਪਰਿਵਾਰ ਦਾ ਅਹਿਮ ਸਹਿਯੋਗ ਮੰਨਦੀ ਹੈ। •

98559-64276



# ਨਿਰਮਾਤਾ ਤੇ ਫ਼ਨਕਾਰ ਸਾਲਮ

ਗੁਰਬਾਜ ਗਿੱਲ



ਸੰਗੀਤ ਇਕ ਸਮੁੰਦਰ ਦੀ ਤਰ੍ਹਾਂ ਹੈ, ਇਸ ਵਿੱਚੋਂ ਉਹੀ ਇਨਸਾਨ ਪਾਰ ਲੰਘਦਾ ਹੈ ਜਿਹੜਾ ਖ਼ੁਦ ਤੈਰਨਾ ਜਾਣਦਾ ਹੋਵੇ। ਅਜਿਹਾ ਹੀ ਇਕ ਅਲਬੇਲਾ ਤੇ ਸ਼ਾਇਰਾਨਾ ਫ਼ਨਕਾਰ, ਜੋ ਅੱਜ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਮੈਂ ਗੱਲ ਕਰ ਰਿਹਾ ਹਾਂ ਫੋਕ ਟਾਈਮ ਆਡੀਓ ਵਿਜ਼ਨ ਦੇ ਨਿਰਮਾਤਾ ਤੇ ਸ਼ਾਇਰਾਨਾ ਫ਼ਨਕਾਰ ਸਾਲਮ ਖ਼ਾਨ ਦੀ, ਜਿਸ ਨੇ ਅੱਜ ਗਾਇਕੀ ਦੇ ਖੇਤਰ 'ਚ ਵੱਖਰਾ ਮੁਕਾਮ ਹਾਸਲ ਕੀਤਾ ਹੈ। ਦਮਦਾਰ ਤੇ ਦਿਲਕਸ਼ ਆਵਾਜ਼ ਦੇ ਮਾਲਕ ਸਾਲਮ ਖ਼ਾਨ ਦਾ ਜਨਮ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਰੱਤਾ ਖੇੜਾ ਪੰਜਾਬ ਸਿੰਘ ਵਾਲਾ ਵਿਚ ਪਿਤਾ ਰਵਿੰਦਰ ਸਿੰਘ ਦੀਵਾਨਾ ਦੇ ਘਰ ਹੋਇਆ। ਉਸ ਦੇ ਪਿਤਾ ਵੀ ਗਾਇਕ, ਐਕਟਰ ਤੇ ਪੱਤਰਕਾਰ ਹਨ।

ਸਾਲਮ ਖ਼ਾਨ ਨੂੰ ਗਾਇਕੀ ਦੀ ਗੁੜ੍ਹਤੀ ਵਿਰਸੇ 'ਚੋਂ ਮਿਲੀ, ਕਿਉਂਕਿ ਉਸ ਦੇ ਪਿਤਾ ਇਕ ਚੰਗੇ ਗਾਇਕ ਹਨ। ਵੈਸੇ, ਉਸ ਨੇ ਗਾਇਕੀ ਦੀਆਂ ਬਰੀਕੀਆਂ ਉਸਤਾਦ ਜਸਵੰਤ ਭੰਵਰਾ ਕੋਲ ਕਾਫ਼ੀ ਸਮਾਂ ਸਿੱਖੀਆਂ। ਸੰਗੀਤ ਪ੍ਰਤੀ ਸਾਲਮ ਦੀ ਇਹ ਮਿਹਨਤ ਅੱਜ ਉਸ ਲਈ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਨਿਬੜੀ ਹੈ। ਸਾਲਮ ਦੇ ਛੋਟੇ ਭਰਾ ਮੁਖਵਿੰਦਰ ਸਿੰਘ, ਮਾਸਟਰ ਖ਼ਾਨ ਤੇ ਸੁਰਪ੍ਰੀਤ ਸੰਨੀ ਵੀ ਚੰਗੇ ਗਾਇਕ ਹਨ। ਉਨ੍ਹਾਂ ਦੀ ਵੀ ਪੰਜਾਬੀ ਗਾਇਕੀ ਵਿਚ ਆਪਣੀ ਵਿਲੱਖਣ ਪਛਾਣ ਹੈ। ਫੋਕ ਟਾਈਮ ਆਡੀਓ ਵਿਜ਼ਨ ਉਸ ਦੀ ਆਪਣੀ ਮਿਊਜ਼ਿਕ ਕੰਪਨੀ ਹੈ ਜਿਸ ਵਿਚ ਉਹ ਨਵੇਂ ਪੁਰਾਣੇ ਗਾਇਕਾ ਨੂੰ ਰਿਕਾਰਡ ਕਰਦਾ ਹੈ। ਹੁਣ ਤਕ ਉਹ ਗੁਰਲੇਜ਼ ਅਖ਼ਤਰ, ਮੇਸ਼ੀ ਮਾਣਕ, ਮਾਸਟਰ ਖ਼ਾਨ, ਚਮਕੌਰ ਖੱਟੜਾ, ਸਵਰਗੀ ਦਲਜੀਤ ਦਰਦੀ, ਅੰਗਰੇਜ਼ ਸੰਧੂ, ਸਸ਼ੀ ਬਾਲੀ, ਅਮਨ ਗਰੇਵਾਲ, ਜਤਿੰਦਰ ਰੰਧਾਵਾ, ਸੁਮਨ ਭੱਟੀ ਤੇ ਜਗਦੇਵ ਖ਼ਾਨ ਆਦਿ ਗਾਇਕਾ ਨੂੰ ਰਿਕਾਰਡ ਕਰ ਚੁੱਕਾ ਹੈ।

ਪੰਜਾਬ ਦੇ ਸਿਹਤ ਵਿਭਾਗ ਨੇ 'ਪੋਲੀਓ' ਨਾਲ ਸਬੰਧਤ ਸਾਲਮ ਤੋਂ ਇਕ ਗੀਤ ਵੀ ਤਿਆਰ ਕਰਵਾਇਆ, ਜਿਸ ਵਿਚ ਜਸਪਾਲ ਸਿੱਧੂ ਤੇ ਰਾਜਿੰਦਰ ਕੌਰ ਰੂਬੀ ਨੇ ਆਵਾਜ਼ ਦਿੱਤੀ ਹੈ। ਸਾਲਮ ਖ਼ਾਨ ਆਪਣੀ ਬੁਲੰਦ ਆਵਾਜ਼ ਨਾਲ ਹੁਣ ਤਕ ਯੂਕੇ, ਯੂਐੱਸਏ, ਨਿਊਜ਼ੀਲੈਂਡ ਤੇ ਕੈਨੇਡਾ ਆਦਿ ਦੇਸ਼ਾਂ 'ਚ ਸ਼ੋਅ ਕਰ ਚੁੱਕਾ ਹੈ। ਸਾਲਮ ਖ਼ਾਨ ਦੇ ਗਾਏ 'ਧੀ ਤੇਰੀ ਦੁਖੀ ਅੰਮੀਏ', 'ਚਿੱਠੀ ਦਰਦ ਭਰੀ', 'ਜੱਟੀ ਮੇਲੇ 'ਚ ਮੇਲਦੀ ਜਾਂਦੀ' ਅਤੇ 'ਜੱਟ ਨੇ ਪਸੰਦ ਕਰ ਲਈ' ਆਦਿ ਗੀਤ ਬਹੁਤ ਮਕਬੂਲ ਹੋਏ ਹਨ।

'ਕੁੜੀਆ ਤੇਰੇ ਸ਼ਹਿਰ ਦੀਆਂ', 'ਹੂਰ ਪਸੰਦ ਨਾ ਆਵੇ', 'ਸੁਰ ਬੋਲ ਪਏ' ਅਤੇ 'ਗਾਉਂਦਾ ਪੰਜਾਬ' ਆਦਿ ਐਲਬਮਾਂ ਹੁਣ ਤਕ ਉਸ ਦੀਆਂ ਮਾਰਕੀਟ ਵਿਚ ਆ ਚੁੱਕੀਆਂ ਹਨ, ਜਿਨ੍ਹਾਂ ਨੂੰ ਸਰੋਤਿਆਂ ਵੱਲੋਂ ਹਾਂ ਪੱਖੀ ਹੁੰਗਾਰਾ ਮਿਲਿਆ। ਸਾਲਮ ਹੁਣ ਆਪਣੇ ਛੋਟੇ ਭਰਾ ਮਾਸਟਰ ਖ਼ਾਨ ਨਾਲ 'ਪਿੱਠ ਕਦੇ ਨਾ ਲੱਗਦੀ, ਜੇ ਧੋਖਾ ਆਪਣੇ ਕਰਦੇ ਨਾ' ਸਿੰਗਲ ਟਰੈਕ ਲੈ ਕੇ ਮੁੜ ਸਰੋਤਿਆਂ ਦੀ ਕਚਹਿਰੀ ਵਿਚ ਹਾਜ਼ਰ ਹੋਣ ਜਾ ਰਿਹਾ ਹੈ।

ਸਾਲਮ ਦਾ ਕਹਿਣਾ ਹੈ ਕਿ ਉਹ ਹਮੇਸ਼ਾ ਪੰਜਾਬੀ ਸੱਭਿਆਚਾਰ ਦੇ ਦਾਇਰੇ ਵਿਚ ਰਹਿ ਕੇ ਗਾਵੇਗਾ ਅਤੇ ਪੰਜਾਬੀ ਮਾਂ ਬੋਲੀ ਦਾ ਨਾਂ ਨੂੰ ਹੋਰ ਰੋਸ਼ਨ ਕਰਨ ਲਈ ਯਤਨਸ਼ੀਲ ਰਹੇਗਾ। •

98723-62507

# ਗੀਤਕਾਰੀ 'ਚ ਨਵੀਂ ਦਸਤਕ

ਬਿਕਰਮਜੀਤ ਸਿੰਘ ਵਿੱਕੀ

## ਗੁਰੀ ਨਿਆਲ



ਅੱਜ ਕੱਲ੍ਹ ਗੀਤਕਾਰੀ ਦੇ ਖੇਤਰ ਵਿਚ ਹਰ ਦਿਨ ਕਈ ਨਵੇਂ ਚਿਹਰੇ ਆ ਰਹੇ ਹਨ, ਜਿਨ੍ਹਾਂ ਵਿੱਚੋਂ ਬਹੁਤਿਆਂ ਨੂੰ ਤਾਂ ਗੀਤਕਾਰੀ ਦਾ ਗਿਆਨ ਹੀ ਨਹੀਂ ਹੁੰਦਾ। ਉਹ ਹਵਾ ਦੇ ਬੁੱਲੇ ਵਾਂਗ ਆਉਂਦੇ ਹਨ ਅਤੇ ਚਲੇ ਜਾਂਦੇ ਹਨ। ਦੂਜੇ ਪਾਸੇ ਗੀਤਕਾਰੀ ਦਾ ਗਿਆਨ ਲੈ ਕੇ ਇਸ ਖੇਤਰ ਵਿਚ ਆਉਣ ਵਾਲਿਆਂ ਦੀ ਚੰਗੀ ਕਦਰ ਪੈਂਦੀ ਹੈ। ਅਜਿਹੇ ਵੀ ਕਈ ਗੀਤਕਾਰ ਹਨ, ਜੋ ਆਪਣੀ ਸਖ਼ਤ ਮਿਹਨਤ ਤੇ ਲਗਨ ਨਾਲ ਆਪਣੀ ਕਲਮ ਦਾ ਲੋਹਾ ਮਨਵਾਉਂਦੇ ਹਨ। ਅਜਿਹਾ ਹੀ ਇਕ ਗੀਤਕਾਰ ਗੁਰੀ ਨਿਆਲ ਦੀ ਵੀ ਇਸ ਖੇਤਰ ਵਿਚ ਦਸਤਕ ਹੋਈ ਹੈ। ਗੁਰੀ ਨਿਆਲ ਦਾ ਜਨਮ ਜ਼ਿਲ੍ਹਾ ਪਟਿਆਲਾ ਵਿਖੇ ਪਿਤਾ ਬਾਘਾ ਸਿੰਘ ਅਤੇ ਮਾਤਾ ਭੋਲੀ ਰਾਣੀ ਦੇ ਘਰ ਹੋਇਆ। ਗੁਰੀ ਨੂੰ ਗੀਤਕਾਰੀ ਦੀ ਚੇਟਕ ਸਕੂਲ ਪੜ੍ਹਦਿਆਂ ਹੀ ਲੱਗ ਗਈ ਸੀ। ਉਹ ਆਪਣੇ ਲਿਖੇ ਗੀਤ ਅਕਸਰ ਆਪਣੀ ਕਲਾਸ ਅਤੇ ਦੋਸਤਾਂ-ਮਿੱਤਰਾਂ ਵਿਚ ਬੈਠਾਂ ਗੁਣ-ਗਣਾਉਂਦਾ ਰਹਿੰਦਾ ਸੀ।

ਗੁਰੀ ਦਾ ਪਹਿਲਾ ਗੀਤ ਗਾਇਕ ਜੱਗੀ ਨਿਆਲ ਦੀ ਆਵਾਜ਼ ਵਿਚ ਰਿਕਾਰਡ ਹੋਇਆ ਸੀ। ਗੀਤ ਦੇ ਬੋਲ ਸਨ 'ਮਾਪਿਆਂ ਦਾ ਪਿਆਰ' ਅਤੇ ਉਸ ਤੋਂ ਬਾਅਦ ਗਾਇਕ ਪ੍ਰੀਤ ਖੜਿਆਲ ਦੀ ਆਵਾਜ਼ ਵਿਚ 'ਚਿੱਟਾ ਵਰਸਿਜ਼ ਬੁਢਾਪਾ' ਮਾਰਕੀਟ ਵਿਚ ਆਇਆ। ਇਨ੍ਹਾਂ ਗੀਤਾਂ ਨੂੰ ਸਰੋਤਿਆਂ ਵੱਲੋਂ ਖ਼ੂਬ ਪਸੰਦ ਕੀਤਾ ਗਿਆ। ਜਲਦੀ ਹੀ ਗੁਰੀ ਦੀ ਕਲਮ ਵਿੱਚੋਂ ਨਿਕਲੇ ਕਈ ਹੋਰ ਗੀਤ ਵੀ ਸਰੋਤਿਆਂ ਦੇ ਸਨਮੁੱਖ ਪੇਸ਼ ਹੋਣ ਵਾਲੇ ਹਨ। ਇਨ੍ਹਾਂ ਗੀਤਾਂ ਨੂੰ ਪੰਜਾਬ ਦੇ ਵੱਖ-ਵੱਖ ਗਾਇਕਾਂ ਨੇ ਆਪਣੀ ਆਵਾਜ਼ ਦਿੱਤੀ ਹੈ। •

75082-42992

ਪ੍ਰਦੀਪ ਕੌਰ ਅਡੋਲ

# ਬਰੂਜ਼ ਦੀ ਗਾਇਕੀ ਵਿਰਾਸਤੀ ਦੇਣ



ਘਰ ਵਿਚ ਗਾਇਕੀ ਦਾ ਮਾਹੌਲ ਹੋਵੇ ਤਾਂ ਜ਼ਾਹਿਰ ਹੈ ਕਿ ਘਰ ਦਾ ਕੋਈ ਨਾ ਕੋਈ ਮੈਂਬਰ ਆਪਣੇ ਵੱਡਿਆਂ ਦੀਆਂ ਪੈੜਾਂ 'ਤੇ ਚੱਲਦਾ ਹੀ ਹੈ। ਇਸੇ ਤਰ੍ਹਾਂ ਗਾਇਕ 'ਬਰੂਜ਼' ਨੂੰ ਵੀ ਗਾਇਕੀ ਵਿਰਾਸਤ ਵਿੱਚੋਂ ਮਿਲੀ ਹੈ। ਬਰੂਜ਼ ਅੱਜ ਆਪਣੇ ਪਿਤਾ ਤੋਂ ਵਿਰਾਸਤ ਵਿਚ ਮਿਲੀ ਗਾਇਕੀ ਨੂੰ ਬਾਖ਼ੂਬੀ ਅੱਗੇ ਵਧਾ ਰਿਹਾ ਹੈ। ਕਿਸੇ ਪਲੇਅ ਬੈਕ ਗਾਇਕ ਦਾ ਭੁਲੇਖਾ ਪਾਉਣ ਵਾਲਾ ਗਾਇਕ ਬਰੂਜ਼ ਪੰਜਾਬ ਦੇ ਮਸ਼ਹੂਰ ਗਾਇਕ 'ਸੋਹਣ ਸ਼ੰਕਰ' ਦਾ ਲਾਡਲਾ ਫ਼ਰਜ਼ੰਦ ਹੈ।

ਸ਼ਾਇਦ ਹੀ ਕੋਈ ਅਜਿਹਾ ਪੰਜਾਬੀ ਹੋਵੇਗਾ, ਜਿਸ ਨੇ ਗਾਇਕ ਸੋਹਣ ਸ਼ੰਕਰ ਦਾ ਗਾਇਆ ਗੀਤ 'ਬੱਗੇ-ਬੱਗੇ ਬੈਲ ਰੱਖਣੇ' ਨਾ ਸੁਣਿਆ ਹੋਵੇ। ਬਰੂਜ਼ ਦਾ ਜਨਮ ਪਿੰਡ ਬਗਵਾਈਂ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਇਸ ਵਕਤ ਬਰੂਜ਼ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਚ ਆਪਣੀ ਪੜ੍ਹਾਈ ਦੇ ਨਾਲ-ਨਾਲ ਸੰਗੀਤ ਦੀਆਂ ਬਰੀਕੀਆਂ ਦਾ ਗਿਆਨ ਵੀ ਹਾਸਲ ਕਰ ਰਿਹਾ ਹੈ। ਬਰੂਜ਼ ਜਿੱਥੇ ਇਕ ਗਾਇਕ ਹੈ ਉਥੇ ਉਹ ਇਕ ਵਧੀਆ ਗਿਟਾਰਿਸਟ ਵੀ ਹੈ।

ਬਰੂਜ਼ ਦਾ ਛੋਟਾ ਭਰਾ ਰਾਜਿਦ ਵੀ ਗਾਇਕੀ ਵਿਚ ਆਪਣੇ ਵੱਡੇ ਭਰਾ ਦਾ ਜਦੋਂ ਸਟੇਜ 'ਤੇ ਇਕੱਠੇ ਗਾਉਂਦੇ ਹਨ ਤਾਂ ਸਰੋਤੇ ਨੂੰ ਕੀਲ ਲੈਂਦੇ ਹਨ। ਇਹ ਦੋਵੇਂ ਭਰਾ ਆਪਣੇ ਪਿਤਾ ਸੋਹਣ ਸ਼ੰਕਰ ਦਾ ਅਖਾੜਿਆਂ ਵਿਚ ਸਾਥ ਦੇਣ ਦੇ ਨਾਲ-ਨਾਲ ਉਨ੍ਹਾਂ ਤੋਂ ਸਟੇਜ ਦੀਆਂ ਹੋਰ ਪਿਤਾ ਗਾਇਕ ਸੋਹਣ ਸ਼ੰਕਰ ਅਨੁਸਾਰ ਗਾਇਕ ਉਹ ਹੁੰਦਾ ਹੈ ਜੋ ਸਰੋਤਿਆਂ ਦੀ ਪਸੰਦ ਨੂੰ ਪਛਾਣ ਕੇ ਗਾਵੇ। ਸੋਹਣ ਸ਼ੰਕਰ ਖ਼ੁਦ ਆਪਣੇ ਬੇਟੇ ਬਰੂਜ਼ ਨੂੰ ਇਕ ਪਰਪੱਕ ਗਾਇਕ ਦੇ ਤੌਰ 'ਤੇ ਸਰੋਤਿਆਂ ਵਿਚ ਪੇਸ਼ ਕਰਨਾ ਚਾਹੁੰਦੇ ਹਨ।

ਜੇ ਬਰੂਜ਼ ਦੇ ਗਾਇਕੀ ਸਫ਼ਰ ਦੀ ਗੱਲ ਕਰੀਏ ਤਾਂ ਉਸ ਦੇ ਗੀਤ ਯੂ-ਟਿਊਬ 'ਤੇ ਰਿਲੀਜ਼ ਹੋ ਚੁੱਕੇ ਹਨ। ਜਿਨ੍ਹਾਂ ਵਿੱਚੋਂ 'ਖਵਾਜ਼ਾ ਮੇਰੇ ਖਵਾਜ਼ਾ' ਗੀਤ ਨੂੰ ਸਰੋਤਿਆਂ ਵਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਬਰੂਜ਼ ਵੀ ਆਪਣੇ ਪਿਤਾ ਵਾਂਗ ਸੱਭਿਆਚਾਰ ਦੀ ਸੇਵਾ ਕਰਨੀ ਚਾਹੁੰਦਾ ਹੈ। ਉਸ ਦਾ ਸੁਪਨਾ ਹੈ ਕਿ ਉਹ ਸਾਫ਼ ਸੁਥਰੀ ਗਾਇਕੀ ਨੂੰ ਪੇਸ਼ ਕਰੇ ਤੇ ਪੰਜਾਬੀ ਮਾਂ ਬੋਲੀ ਦਾ ਨਾਂ ਵਿਦੇਸ਼ਾਂ ਵਿਚ ਚਮਕਾਏ।

ਬਰੂਜ਼ ਦਾ ਮੰਨਣਾ ਹੈ ਕਿ ਉਸ ਦੇ ਗਾਇਕੀ ਸਫ਼ਰ ਵਿਚ ਉਸ ਦੇ ਪਰਿਵਾਰ ਤੇ ਦੋਸਤਾਂ-ਮਿੱਤਰਾਂ ਦਾ ਬਹੁਤ ਸਹਿਯੋਗ ਰਿਹਾ ਹੈ, ਜੋ ਹਰ ਸਮੇਂ ਉਸ ਨੂੰ ਅੱਗੇ ਵਧਣ ਲਈ ਹੱਲਾਸ਼ੇਰੀ ਦਿੰਦੇ ਰਹੇ ਹਨ। ਬਰੂਜ਼ ਹੁਣ ਜਲਦੀ ਹੀ ਆਪਣੇ ਨਵੇਂ ਗੀਤਾਂ ਨਾਲ ਇਕ ਵਾਰ ਫਿਰ ਸਰੋਤਿਆਂ ਦੀ ਕਚਹਿਰੀ ਵਿਚ ਹਾਜ਼ਰ ਹੋਣ ਜਾ ਰਿਹਾ ਹੈ। ਉਹ ਆਪਣੇ ਇਹ ਗੀਤ ਵਿਸ਼ਵ ਪੱਧਰ 'ਤੇ ਰਿਲੀਜ਼ ਕਰੇਗਾ। ਬਰੂਜ਼ ਨੇ ਕਿਹਾ ਕਿ ਉਸ ਨੂੰ ਪੂਰੀ ਉਮੀਦ ਹੈ ਕਿ ਪੰਜਾਬੀ ਸਰੋਤੇ ਉਸ ਦੇ ਗੀਤਾਂ ਨੂੰ

ਰੁਪਿੰਦਰ ਸਿੰਘ ਭੋਲਾ
(ਯੂਐੱਸਏ)

# ਅਲਬੇਲਾ ਗੀਤਕਾਰ ਬੰਤ ਰਾਮਪੁਰ ਵਾਲਾ



ਬੰਤ ਰਾਮਪੁਰ ਵਾਲੇ ਦੇ ਲਿਖੇ ਗੀਤ ਹੁਣ ਤਕ ਪੰਜਾਬ ਦੇ ਕਈ ਮਸ਼ਹੂਰ ਗਾਇਕ ਆਪਣੀ ਆਵਾਜ਼ 'ਚ ਰਿਕਾਰਡ ਕਰਵਾ ਚੁੱਕੇ ਹਨ...

ਬੰਤ ਰਾਮਪੁਰ ਵਾਲੇ ਦਾ ਨਾਂ ਅੱਜ ਵੀ ਪੰਜਾਬੀ ਸੰਗੀਤ ਇੰਡਸਟਰੀ ਅੰਦਰ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਉਸ ਦੀਆਂ ਪਾਈਆਂ ਪੈੜਾਂ ਸਦਾ ਸੰਗੀਤ ਜਗਤ ਵਿਚ ਯਾਦ ਰੱਖੀਆਂ ਜਾਣਗੀਆਂ। ਬੰਤ ਨੇ ਜੋ ਵੀ ਲਿਖਿਆ, ਉਸ ਨੂੰ ਸਰੋਤਿਆਂ ਨੇ ਹਮੇਸ਼ਾ ਮਣਾਂ-ਮੂੰਹੀਂ ਪਿਆਰ ਦਿੱਤਾ। ਭਾਵੇਂ ਕਈ ਗੀਤਕਾਰਾਂ ਨੇ ਸਮੇਂ-ਸਮੇਂ ਆਪਣੀ ਕਲਾ ਦਾ ਲੋਹਾ ਮਨਵਾਉਂਦੇ ਹੋਏ ਕੁਝ ਸਮੇਂ ਲਈ ਬੁਲੰਦੀਆਂ ਨੂੰ ਛੂਹਿਆ ਪਰ ਕਈ ਗੀਤਕਾਰ ਅਜਿਹੇ ਵੀ ਹੁੰਦੇ ਨੇ ਜਿਹੜੇ ਲੰਬਾਂ ਸਮਾਂ ਲੋਕ ਮਨਾਂ 'ਤੇ ਰਾਜ ਕਰਦੇ ਹਨ। ਅਜਿਹੇ ਗੀਤਕਾਰਾਂ ਦੀਆਂ ਪ੍ਰਾਪਤੀਆਂ ਹਮੇਸ਼ਾ ਵਿਖਾਈ ਦਿੰਦੀਆਂ ਰਹਿੰਦੀਆਂ ਹਨ। ਸਮੇਂ ਦੀ ਸਿਤਮ-ਜ਼ਰੀਫ਼ੀ ਵੀ ਕਈ ਕਲਾਕਾਰਾਂ ਅਤੇ ਗੀਤਕਾਰਾਂ 'ਤੇ ਭਾਰੀ ਪੈ ਜਾਂਦੀ ਹੈ।

ਬਹੁਤੇ ਕਲਾਕਾਰਾਂ ਤਾਂ ਮਾੜਾ ਗਾ ਅਤੇ ਮਾੜਾ ਲਿਖ ਪੈਸੇ ਅਤੇ ਸ਼ੋਹਰਤ ਸਭ ਕੁਝ ਖੱਟ ਜਾਂਦੇ ਹਨ ਪਰ ਕਈ ਤਾਂ ਵਧੀਆ ਲਿਖਣ ਅਤੇ ਗਾਉਣ ਦੇ ਬਾਵਜੂਦ ਰਾਹਾਂ ਦੀ ਧੂੜ ਫੱਕਣ ਲਈ ਮਜਬੂਰ ਹੋ ਜਾਂਦੇ ਹਨ। ਇਹੀ ਅਲਬੇਲੇ ਗੀਤਕਾਰ ਬੰਤ ਰਾਮਪੁਰ ਵਾਲੇ ਨਾਲ। ਇਕ ਦੌਰ ਅਜਿਹਾ ਵੀ ਸੀ ਜਦੋਂ ਬੰਤ ਦੇ ਲਿਖੇ ਗੀਤ ਪੰਜਾਬ ਦੇ ਤਕਰੀਬਨ ਹਰ ਕਲਾਕਾਰ ਦੀ ਆਵਾਜ਼ ਵਿਚ ਸੁਣਾਈ ਦਿੱਤੇ। ਉਦੋਂ ਜ਼ਿਲ੍ਹਾ ਪਟਿਆਲਾ ਦੇ ਘੁੱਗ ਵਸਦੇ ਪਿੰਡ ਰਾਮਪੁਰ ਦੀਆਂ ਗਲੀਆਂ ਅੰਦਰ ਕਲਾਕਾਰਾਂ ਦੀ ਭੀੜ ਆਮ ਵਿਖਾਈ ਦਿੰਦੀ ਸੀ। ਹਰ ਗਾਇਕ ਦੀ ਇੱਛਾ ਹੁੰਦੀ ਸੀ ਕਿ ਉਹ ਵੀ ਬੰਤ ਦੇ ਲਿਖੇ ਗੀਤ ਗਾਵੇ।

ਪੰਜਾਬੀ ਗਾਇਕੀ ਦੇ ਚੋਟੀ ਦੇ ਸ਼ਾਹ-ਅਸਵਾਰ ਸੁਰਿੰਦਰ ਛਿੰਦੇ ਤੇ ਬੰਤ ਦੇ ਲਿਖੇ ਗੀਤਾਂ ਨੂੰ 'ਜੰਨ ਚੜ੍ਹੀ ਅਮਲੀ ਦੀ' ਕੈਸਿਟ ਵਿਚ ਆਪਣੀ ਆਵਾਜ਼ ਦਿੱਤੀ ਤਾਂ ਬੰਤ ਦੇ ਨਾਂ ਦਾ ਚਾਰੇ ਪਾਸੇ ਡੰਕਾ ਵੱਜਣ ਲੱਗਿਆ। ਇਸ ਕੈਸਿਟ ਵਿਚ ਬੰਤ ਦੇ ਲਿਖੇ ਸਾਰੇ ਗੀਤ ਬਹੁਤ ਮਕਬੂਲ ਹੋਏ। ਇਸ ਮਗਰੋਂ ਤਾਂ ਬੰਤ ਨੇ ਕਦੇ ਪਿੱਛੇ ਮੁੜ ਨਹੀਂ ਵੇਖਿਆ। ਇਕੱਲੇ ਸਵਰਗੀ ਗਾਇਕ ਕੁਲਦੀਪ ਪਾਰਸ ਨੇ ਬੰਤ ਦੇ ਲਿਖੇ 204 ਗੀਤ ਰਿਕਾਰਡ ਕਰਵਾਏ ਹਨ। ਬੰਤ ਦਾ ਲਿਖਿਆ ਗੀਤ 'ਗੱਲ ਮੁੱਕਦੀ ਆ ਕੇ ਦਾਰੂ ਤੇ' ਕਾਫ਼ੀ ਸਮਾਂ ਪੰਜਾਬ 'ਕਾਲਜ ਸੁੰਨਾ ਕਰ ਕੇ', 'ਚਾਰ-ਚਾਰ ਦਾ ਪੱਖਾ' ਉਸ ਵੱਲੋਂ ਰੂਹ ਨਾਲ ਲਿਖੇ ਗੀਤ ਸਨ।

ਜੇ ਬੰਤ ਦੇ ਲਿਖੇ ਗੀਤਾਂ ਨੂੰ ਗਾਉਣ ਵਾਲੇ ਗਾਇਕਾਂ ਦੀ ਗੱਲ ਕਰੀਏ ਤਾਂ ਇਸ 'ਚ ਸੁਰਿੰਦਰ ਛਿੰਦਾ, ਸਰਦੂਲ ਸਿਕੰਦਰ-ਅਮਰ ਨੂਰੀ, ਸਵਰਗੀ ਅਮਰ ਸਿੰਘ ਚਮਕੀਲਾ-ਅਮਰਜੋਤ, ਹਰਭਜਨ ਮਾਨ, ਅਵਤਾਰ ਫ਼ੱਕਰ-ਬਲਜੀਤ ਬੇਦੀ, ਜਸਵੰਤ ਸੰਦੀਲਾ, ਸੁਰਜੀਤ ਖ਼ਾਨ, ਗੁਰਲੇਜ਼ ਅਖ਼ਤਰ, ਯੁਧਵੀਰ ਮਾਣਕ, ਸੁਚੇਤ ਬਾਲਾ, ਸੁਖਵੰਤ ਸੁਖੀ ਆਦਿ ਦੇ ਨਾਂ ਆਉਂਦੇ ਹਨ। ਬੰਤ ਰਾਮਪੁਰ ਵਾਲੇ ਦੀ ਕਲਮ ਵਿੱਚੋਂ ਨਿਕਲੇ ਕਈ ਗੀਤ ਪੰਜਾਬੀ ਫਿਲਮਾਂ ਵਿਚ ਵੀ ਰਿਕਾਰਡ ਹੋਏ ਹਨ। ਇਨ੍ਹਾਂ ਫਿਲਮਾਂ ਵਿਚ 'ਜੱਟ ਦਾ ਗੰਡਾਸਾ', 'ਨੈਣ ਪ੍ਰੀਤੋ ਦੇ', 'ਟਾਕਰੇ ਜੱਟਾਂ ਦੇ' ਆਦਿ ਦੇ ਨਾਂ ਸ਼ਾਮਲ ਹਨ।

ਜਿੱਥੇ ਬੰਤ ਨੇ ਸੋਲੋ ਤੇ ਦੋਗਾਣੇ ਗੀਤ ਲਿਖੇ ਉਥੇ ਉਸ ਨੇ ਕਈ ਧਾਰਮਿਕ ਗੀਤ ਵੀ ਲਿਖੇ ਜੋ ਕਾਫ਼ੀ ਮਕਬੂਲ ਹੋਏ। ਜਿਨ੍ਹਾਂ ਵਿੱਚੋਂ ਸਵਰਗੀ ਗਾਇਕਾ ਅਮਰਜੋਤ ਵੱਲੋਂ ਗਾਇਆ ਧਾਰਮਿਕ ਗੀਤ 'ਲੈ ਲਓ ਚੁੰਨੀਆਂ ਨੂੰ ਛੂਹ ਗਿਆ ਸੀ। ਫਿਰ ਵੀ ਅਫ਼ਸੋ[ਸ] ਨਾਲ ਕਹਿਣਾ ਪੈਂਦਾ ਹੈ ਕਿ ਜਿਨ੍ਹਾਂ ਬੰਤ ਨੇ ਗਾਇਕੀ ਦੇ ਅਸਮਾਨ [ਤਕ] ਪਹੁੰਚਾਇਆ ਮਗਰੋਂ ਉਹੀ ਉਸ [ਦਾ] ਸਾਥ ਛੱਡ ਗਏ। ਉਨ੍ਹਾਂ ਗਾਇਕਾਂ [ਨੇ] ਕਦੇ ਬੰਤ ਨੂੰ ਹਾਲ ਪੁੱਛਣ ਵੀ ਠੀ[ਕ] ਨਾ ਸਮਝਿਆ। ਇਸ ਤੋਂ ਵੀ ਵੱ[ਧ] ਦੁਖ ਦੀ ਗੱਲ ਇਹ ਹੈ ਕਿ ਬੰਤ [ਦੇ] ਸਿਰੋਂ ਕਈ ਗਾਇਕ ਅੱਜ ਅਮੀ[ਰ] ਬਣ ਗਏ ਪਰ ਬੰਤ ਅੱਜ ਖ਼ੁਦ ਸਿ[ਰ] ਦੀ ਛੱਤ ਨੂੰ ਤਰਸ ਰਿਹਾ ਹੈ। ਵਾਹ [ਓਏ] ਕਿਸਮਤੇ ! ਤੇਰੇ ਰੰਗ ਨਿਆਰੇ। ਜਿ[ਸ] ਫ਼ਨਕਾਰ ਨੂੰ ਬੱਚਾ-ਬੱਚਾ ਜਾਣਦਾ ਸੀ ਅੱਜ ਸਮੇਂ ਦਾ ਮਾਰਿਆ ਮੰਦਹਾਲੀ [ਦਾ] ਸ਼ਿਕਾਰ ਹੋ ਕੇ ਰਹਿ ਗਿਆ ਹੈ। ਸ਼ਾਇ[ਦ] ਪੰਜਾਬੀ ਗਾਇਕੀ ਦੇ ਇਤਿਹ[ਾਸ] ਦਾ ਇਹੀ ਕੌੜਾ ਸੱਚ ਹੈ। ਲੋੜ [ਹੈ] ਸਾਡੇ ਸਮਾਜ ਨੂੰ ਅਜਿਹੇ ਅਲਬੇ[ਲੇ] ਗੀਤਕਾਰਾਂ ਦੀ ਬਾਂਹ ਫੜਨ [ਦੀ] ਤਾਂਕਿ ਵਧੀਆ ਸਾਹਿਤ ਦੇ ਰਚਨਹਾ[ਰੇ] ਹੋਰ ਵਧੀਆ ਸਾਹਿਤ ਰਚ ਕੇ ਸਮ[ਾਜ] ਨੂੰ ਚੰਗੇ ਰਾਹੇ ਪਾਉਣ। ਸਰੋਤੇ [ਵੀ] ਵਧੀਆ ਗੀਤ ਲਿਖਣ ਤੇ ਗਾਉ[ਣ] ਵਾਲੇ ਗਾਇਕਾਂ ਤੇ ਗੀਤਕਾਰਾਂ [ਨੂੰ] ਪਹਿਲ ਦੇਣ। •

## ਸੰਪਾਦਕੀ

# ਹਸਪਤਾਲ ਖੇਤਰ ਵਿਚ ਪਾਰਦਰਸ਼ਤਾ ਦੀ ਬੇਹੱਦ ਘਾਟ

ਹਸਪਤਾਲ ਦੇ ਬਿਸਤਰੇ 'ਤੇ ਲੇਟੇ ਮਰੀਜ਼ ਲਈ 'ਆਈ ਵੀ ਸੈੱਟ' (ਗਲੂਕੋਜ਼ ਜਾਂ ਦਵਾਈ ਚੜ੍ਹਾਉਣ ਵਾਲਾ ਸੈੱਟ) ਕੋਈ ਆਪਣੀ ਮਰਜ਼ੀ ਦੀ ਖ਼ਰੀਦਦਾਰੀ ਨਹੀਂ ਹੁੰਦੀ। ਇਹੀ ਹਾਲ ਟੀਕੇ (ਸਰਿੰਜ) ਜਾਂ ਕੈਥੇਟਰ ਦਾ ਹੈ। ਮਰੀਜ਼ ਕੋਲ ਨਾ ਤਾਂ ਕੀਮਤਾਂ ਦੀ ਤੁਲਨਾ ਕਰਨ ਦਾ ਕੋਈ ਮੌਕਾ ਹੁੰਦਾ ਹੈ, ਨਾ ਵੇਚਣ ਵਾਲੇ ਨਾਲ ਮੁੱਲ-ਭਾਅ ਕਰਨ ਦਾ ਅਤੇ ਨਾ ਹੀ ਉੱਥੋਂ ਵਾਪਸ ਜਾਣ ਦਾ ਕੋਈ ਰਾਹ ਹੁੰਦਾ ਹੈ। ਇਸੇ ਕਰਕੇ ਮਹਾਰਾਸ਼ਟਰ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਦੇ ਸਾਹਮਣੇ ਆਏ ਤੱਥ ਬਹੁਤ ਚਿੰਤਾਜਨਕ ਹਨ। ਕਮਿਸ਼ਨਰ ਤੁਕਾਰਾਮ ਮੁੰਡੇ ਦੀ ਅਗਵਾਈ ਹੇਠ ਕਰਵਾਏ ਗਏ ਸੂਬਾ ਪੱਧਰੀ ਸਰਵੇਖਣ ਵਿੱਚ ਪਤਾ ਲੱਗਿਆ ਕਿ ਹਸਪਤਾਲ ਵੱਲੋਂ 11 ਰੁਪਏ 5 ਪੈਸੇ ਵਿੱਚ ਖ਼ਰੀਦੇ ਗਏ ਇੱਕ ਆਈ ਵੀ ਇਨਫਿਊਜ਼ਨ ਸੈੱਟ ਦਾ ਵੱਧ ਤੋਂ ਵੱਧ ਪ੍ਰਚੂਨ ਮੁੱਲ (ਐੱਮ ਆਰ ਪੀ) 325 ਰੁਪਏ ਰੱਖਿਆ ਗਿਆ ਸੀ, ਜੋ ਕਿ 2,841 ਫ਼ੀਸਦੀ ਦਾ ਵੱਡਾ ਮੁਨਾਫ਼ਾ ਬਣਦਾ ਹੈ। ਇਸੇ ਤਰ੍ਹਾਂ 6 ਰੁਪਏ 75 ਪੈਸੇ ਵਿੱਚ ਖ਼ਰੀਦੀ ਗਈ ਸਰਿੰਜ ਦਾ ਐੱਮ ਆਰ ਪੀ 57 ਰੁਪਏ 20 ਪੈਸੇ ਸੀ ਜਦੋਂਕਿ 29 ਰੁਪਏ 41 ਪੈਸੇ ਵਿੱਚ ਖ਼ਰੀਦੇ ਗਏ ਕੈਥੇਟਰ ਦਾ ਐੱਮ ਆਰ ਪੀ 310 ਰੁਪਏ ਵਸੂਲਿਆ ਜਾ ਰਿਹਾ ਸੀ।

ਅੰਕੜੇ ਇਹ ਸਾਬਿਤ ਨਹੀਂ ਕਰਦੇ ਕਿ ਹਸਪਤਾਲ ਸਾਰਾ ਫ਼ਰਕ ਮੁਨਾਫ਼ੇ ਵਜੋਂ ਆਪਣੀ ਜੇਬ ਵਿੱਚ ਪਾਉਂਦੇ ਹਨ ਕਿਉਂਕਿ ਸਪਲਾਈ ਲੜੀ (ਸਾਮਾਨ ਪਹੁੰਚਾਉਣ ਦੀ ਪ੍ਰਕਿਰਿਆ) ਵਿੱਚ ਹੋਰ ਵੀ ਕਈ ਖ਼ਰਚੇ ਹੁੰਦੇ ਹਨ। ਦਰਅਸਲ, ਇਹ ਅੰਕੜੇ ਉਸ ਖੇਤਰ ਵਿੱਚ ਪਾਰਦਰਸ਼ਤਾ ਦੀ ਬੇਹੱਦ ਘਾਟ ਨੂੰ ਬੇਪਰਦ ਕਰਦੇ ਹਨ, ਜਿੱਥੇ ਖਪਤਕਾਰ ਸਭ ਤੋਂ ਵੱਧ ਲਾਚਾਰ ਜਾਂ ਕਮਜ਼ੋਰ ਹੁੰਦਾ ਹੈ। ਸਭ ਤੋਂ ਅਹਿਮ ਗੱਲ ਇਹ ਹੈ ਕਿ ਤੁਕਾਰਾਮ ਮੁੰਡੇ ਨੇ ਐੱਫ ਡੀ ਏ ਦੀਆਂ ਲੱਭਤਾਂ ਅਤੇ ਸਿਫ਼ਾਰਸ਼ਾਂ ਕੇਂਦਰ ਸਰਕਾਰ ਨੂੰ ਭੇਜ ਦਿੱਤੀਆਂ ਹਨ। ਉਨ੍ਹਾਂ ਮੈਡੀਕਲ ਉਪਕਰਣਾਂ ਦੇ ਕੀਮਤ ਢਾਂਚੇ ਦੀ ਸਮੀਖਿਆ ਕਰਨ ਅਤੇ ਵਪਾਰਕ ਮੁਨਾਫ਼ੇ ਦੀ ਹੱਦ ਤੈਅ ਕਰਨ ਜਾਂ ਇਸ 'ਤੇ ਸਖ਼ਤ ਨਜ਼ਰ ਰੱਖਣ ਦੀ ਮੰਗ ਕੀਤੀ ਹੈ। ਹੁਣ ਇਹ ਮਾਮਲਾ ਨੈਸ਼ਨਲ ਫਾਰਮਾਸਿਊਟੀਕਲ ਪ੍ਰਾਈਸਿੰਗ ਅਥਾਰਟੀ (ਐੱਨ ਪੀ ਪੀ ਏ) ਅਤੇ ਫਾਰਮਾਸਿਊਟੀਕਲ ਵਿਭਾਗ ਸਮੇਤ ਕੌਮੀ ਰੈਗੂਲੇਟਰਾਂ ਕੋਲ ਹੈ।

ਇਹ ਦਖ਼ਲਅੰਦਾਜ਼ੀ ਖ਼ੁਰਾਕ ਸੁਰੱਖਿਆ ਉੱਤੇ ਚਲਾਈ ਗਈ ਇੱਕ ਹੋਰ ਸਖ਼ਤ ਮੁਹਿੰਮ ਤੋਂ ਬਾਅਦ ਸਾਹਮਣੇ ਆਈ ਹੈ। ਮਹਾਰਾਸ਼ਟਰ ਐੱਫ ਡੀ ਏ ਦਾ ਚਾਰਜ ਸੰਭਾਲਣ ਤੋਂ ਬਾਅਦ ਤੁਕਾਰਾਮ ਮੁੰਡੇ ਦੀ ਅਗਵਾਈ ਹੇਠ ਮਿਲਾਵਟ ਅਤੇ ਗ਼ੈਰ-ਸੁਰੱਖਿਅਤ ਭੋਜਨ ਖ਼ਿਲਾਫ਼ ਸੂਬਾ ਪੱਧਰੀ ਮੁਹਿੰਮਾਂ ਚਲਾਈਆਂ ਗਈਆਂ ਹਨ। ਐੱਫ ਡੀ ਏ ਨੇ ਖਾਣ-ਪੀਣ ਦੀ ਅਸੁਰੱਖਿਅਤ ਸਮੱਗਰੀ ਜ਼ਬਤ ਕੀਤੀ ਹੈ ਅਤੇ ਖ਼ੁਰਾਕ ਸੁਰੱਖਿਆ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਅਦਾਰਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਹੈ।

ਭੋਜਨ ਅਤੇ ਮੈਡੀਕਲ ਸਾਮਾਨ ਵਿੱਚ ਇੱਕ ਚੀਜ਼ ਸਾਂਝੀ ਹੈ ਕਿ ਆਮ ਤੌਰ 'ਤੇ ਖਪਤਕਾਰ ਕੋਲ ਆਪਣੀ ਰੱਖਿਆ ਕਰਨ ਲਈ ਨਾ ਤਾਂ ਪੂਰੀ ਜਾਣਕਾਰੀ ਹੁੰਦੀ ਹੈ ਅਤੇ ਨਾ ਹੀ ਤਾਕਤ। ਇਹੀ ਕਾਰਨ ਹੈ ਕਿ ਸਰਕਾਰੀ ਕੰਟਰੋਲ (ਰੈਗੂਲੇਸ਼ਨ) ਸਿਰਫ਼ ਕਦੇ-ਕਦਾਈਂ ਪੈਣ ਵਾਲੇ ਛਾਪਿਆਂ ਤੱਕ ਹੀ ਸੀਮਿਤ ਨਹੀਂ ਹੋਣਾ ਚਾਹੀਦਾ। ਜ਼ਰੂਰੀ ਹਸਪਤਾਲੀ ਸਾਮਾਨ ਦੀਆਂ ਕੀਮਤਾਂ ਪਾਰਦਰਸ਼ੀ ਹੋਣੀਆਂ ਚਾਹੀਦੀਆਂ ਹਨ, ਉਨ੍ਹਾਂ ਦਾ ਸਹੀ ਖ਼ੁਲਾਸਾ ਹੋਣਾ ਚਾਹੀਦਾ ਹੈ ਅਤੇ ਜਿੱਥੇ ਜ਼ਰੂਰੀ ਹੋਵੇ, ਉੱਥੇ ਮੁਨਾਫ਼ੇ ਦੀ ਹੱਦ ਵੀ ਵਾਜਬ ਤੈਅ ਕੀਤੀ ਜਾਣੀ ਚਾਹੀਦੀ ਹੈ। ਕੇਂਦਰ ਸਰਕਾਰ ਨੂੰ ਸ੍ਰੀ ਮੁੰਡੇ ਵੱਲੋਂ ਸਾਹਮਣੇ ਲਿਆਂਦੇ ਗਏ ਤੱਥਾਂ 'ਤੇ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਮਰੀਜ਼ ਦੀ ਬਿਮਾਰੀ ਕਿਸੇ ਲਈ ਵੀ ਬੇਹਿਸਾਬ ਬਿੱਲ ਬਣਾਉਣ ਦਾ ਲਾਇਸੈਂਸ ਨਾ ਬਣ ਸਕੇ।

# ਸਰਕਾਰੀ ਸਕੂਲਾਂ ਦੇ ਬੱਚਿਆਂ ਲਈ ਬਿਹਤਰ ਸਿੱਖਿਆ ਪ੍ਰਣਾਲੀ-ਸਾਡੀ ਸਾਂਝੀ ਜ਼ਿੰਮੇਵਾਰੀ



ਲੇਖਕ: ਅਮਨਦੀਪ ਕੰਬੋਜ, ਈ.ਟੀ.ਟੀ. ਅਧਿਆਪਕ, ਸਰਕਾਰੀ ਪ੍ਰਾਇਮਰੀ ਸਕੂਲ ਲੜਕੇ, ਤਲਵੰਡੀ ਭਾਈ, ਫ਼ਿਰੋਜ਼ਪੁਰ

ਸਿੱਖਿਆ ਕਿਸੇ ਵੀ ਸਮਾਜ ਦੀ ਤਰੱਕੀ ਦੀ ਸਭ ਤੋਂ ਮਜ਼ਬੂਤ ਨੀਂਹ ਹੁੰਦੀ ਹੈ। ਇੱਕ ਚੰਗੀ ਸਿੱਖਿਆ ਨਾ ਸਿਰਫ਼ ਬੱਚੇ ਦਾ ਭਵਿੱਖ ਬਦਲਦੀ ਹੈ, ਸਗੋਂ ਇੱਕ ਪੂਰੇ ਪਰਿਵਾਰ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਦਿਸ਼ਾ ਵੀ ਬਦਲ ਸਕਦੀ ਹੈ। ਖਾਸ ਕਰਕੇ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਦੇ ਬੱਚਿਆਂ ਲਈ ਸਰਕਾਰੀ ਸਕੂਲ ਸਿੱਖਿਆ ਦਾ ਸਭ ਤੋਂ ਮਹੱਤਵਪੂਰਨ ਸਹਾਰਾ ਹਨ।

ਸਰਕਾਰ ਵੱਲੋਂ ਵੀ ਸਮੇਂ-ਸਮੇਂ 'ਤੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਅਤੇ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਵੱਖ-ਵੱਖ ਪ੍ਰੋਜੈਕਟ ਅਤੇ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ', 'ਮਿਸ਼ਨ ਸਮਰੱਥ' ਅਤੇ 'ਸਿੱਖਿਆ ਕ੍ਰਾਂਤੀ' ਵਰਗੇ ਉਪਰਾਲਿਆਂ ਦਾ ਮੁੱਖ ਉਦੇਸ਼ ਬੱਚਿਆਂ ਦੀ ਸਿੱਖਣ ਸਮਰੱਥਾ ਨੂੰ ਮਜ਼ਬੂਤ ਕਰਨਾ, ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣਾ ਅਤੇ ਸਰਕਾਰੀ ਸਕੂਲਾਂ ਨੂੰ ਹੋਰ ਬਿਹਤਰ ਬਣਾਉਣਾ ਹੈ। ਇਨ੍ਹਾਂ ਉਪਰਾਲਿਆਂ ਦੀ ਸਫ਼ਲਤਾ ਲਈ ਸਰਕਾਰ ਦੇ ਨਾਲ-ਨਾਲ ਅਧਿਆਪਕਾਂ, ਮਾਪਿਆਂ ਅਤੇ ਸਮਾਜ ਦੀ ਸਰਗਰਮ ਭੂਮਿਕਾ ਵੀ ਬਹੁਤ ਜ਼ਰੂਰੀ ਹੈ।

ਗਰੀਬ ਬੱਚੇ ਨੂੰ ਸਿਰਫ਼ ਵਿਦਿਆਰਥੀ ਨਹੀਂ, ਇੱਕ ਸੰਭਾਵਨਾ ਵਜੋਂ ਦੇਖਣਾ ਹੋਵੇਗਾ ਆਰਥਿਕ ਕਮਜ਼ੋਰੀ ਕਿਸੇ ਬੱਚੇ ਦੀ ਯੋਗਤਾ ਦਾ ਪੈਮਾਨਾ ਨਹੀਂ ਹੋ ਸਕਦੀ। ਕਈ ਵਾਰ ਇੱਕ ਗਰੀਬ ਪਰਿਵਾਰ ਦਾ ਬੱਚਾ ਪੜ੍ਹਾਈ, ਖੇਡਾਂ, ਕਲਾ ਜਾਂ ਕਿਸੇ ਹੋਰ ਖੇਤਰ ਵਿੱਚ ਬਹੁਤ ਵੱਡੀ ਪ੍ਰਤਿਭਾ ਰੱਖਦਾ ਹੈ, ਪਰ ਸਹੀ ਮੌਕਾ ਨਾ ਮਿਲਣ ਕਾਰਨ ਉਹ ਆਪਣੀ ਸਮਰੱਥਾ ਤੱਕ ਨਹੀਂ ਪਹੁੰਚ ਸਕਦਾ।

ਇਸ ਲਈ ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਰਕਾਰੀ ਸਕੂਲ ਵਿੱਚ ਆਉਣ ਵਾਲੇ ਹਰ ਬੱਚੇ ਨੂੰ ਬਰਾਬਰ ਮੌਕੇ ਮਿਲਣ। ਉਸਨੂੰ ਇਹ ਵਿਸ਼ਵਾਸ ਮਿਲੇ ਕਿ ਉਸਦੇ ਸੁਪਨੇ ਵੀ ਓਨੇ ਹੀ ਵੱਡੇ ਹੋ ਸਕਦੇ ਹਨ ਜਿੰਨੇ ਕਿਸੇ ਵੀ ਹੋਰ ਬੱਚੇ ਦੇ।

**ਅਧਿਆਪਕ ਦੀ ਭੂਮਿਕਾ ਸਿਰਫ਼ ਪਾਠਕ੍ਰਮ ਤੱਕ ਸੀਮਿਤ**

ਇੱਕ ਅਧਿਆਪਕ ਦੀ ਭੂਮਿਕਾ ਸਿਰਫ਼ ਪਾਠਕ੍ਰਮ ਪੂਰਾ ਕਰਵਾਉਣ ਤੱਕ ਸੀਮਿਤ ਨਹੀਂ ਹੋਣੀ ਚਾਹੀਦੀ। ਅਧਿਆਪਕ ਨੂੰ ਬੱਚੇ ਦੀਆਂ ਮੁਸ਼ਕਲਾਂ ਨੂੰ ਸਮਝਣਾ, ਉਸਦੀ ਪ੍ਰਤਿਭਾ ਨੂੰ ਪਛਾਣਨਾ ਅਤੇ ਉਸ ਵਿੱਚ ਆਤਮ-ਵਿਸ਼ਵਾਸ ਪੈਦਾ ਕਰਨਾ ਵੀ ਆਪਣੀ ਜ਼ਿੰਮੇਵਾਰੀ ਸਮਝਣਾ ਚਾਹੀਦਾ ਹੈ।

ਮੇਰਾ ਮੰਨਣਾ ਹੈ ਕਿ ਜਦੋਂ ਅਧਿਆਪਕ ਕਿਸੇ ਬੱਚੇ ਦੀ ਛੋਟੀ ਤੋਂ ਛੋਟੀ ਪ੍ਰਾਪਤੀ ਦੀ ਵੀ ਸ਼ਲਾਘਾ ਕਰਦਾ ਹੈ ਤਾਂ ਬੱਚੇ ਵਿੱਚ ਅੱਗੇ ਵਧਣ ਦੀ ਇੱਛਾ ਪੈਦਾ ਹੁੰਦੀ ਹੈ।

**ਮੇਰੇ ਵੱਲੋਂ ਕੀਤੇ ਜਾ ਰਹੇ ਯਤਨ**

ਮੈਂ ਸਰਕਾਰੀ ਪ੍ਰਾਇਮਰੀ ਸਕੂਲ ਲੜਕੇ, ਤਲਵੰਡੀ ਭਾਈ, ਫ਼ਿਰੋਜ਼ਪੁਰ ਵਿੱਚ ਈ.ਟੀ.ਟੀ. ਅਧਿਆਪਕ ਵਜੋਂ ਕੰਮ ਕਰਦਿਆਂ ਇਹ ਮਹਿਸੂਸ ਕੀਤਾ ਹੈ ਕਿ ਬੱਚਿਆਂ ਨੂੰ ਪੜ੍ਹਾਈ ਨਾਲ ਜੋੜਨ ਲਈ ਸਿਰਫ਼ ਰਵਾਇਤੀ ਤਰੀਕੇ ਕਾਫ਼ੀ ਨਹੀਂ ਹਨ। ਮੇਰੀ ਕੋਸ਼ਿਸ਼ ਰਹਿੰਦੀ ਹੈ ਕਿ ਪੜ੍ਹਾਈ ਨੂੰ ਬੱਚਿਆਂ ਲਈ ਦਿਲਚਸਪ, ਸੌਖਾ ਅਤੇ ਖੁਸ਼ੀ ਭਰਿਆ ਅਨੁਭਵ ਬਣਾਇਆ ਜਾਵੇ।

ਮੈਂ ਵਿਸ਼ੇਸ਼ ਤੌਰ 'ਤੇ ਬੱਚਿਆਂ ਦੀ ਪੜ੍ਹਨ, ਲਿਖਣ ਅਤੇ ਗਣਿਤ ਦੀਆਂ ਬੁਨਿਆਦੀ ਯੋਗਤਾਵਾਂ ਨੂੰ ਮਜ਼ਬੂਤ ਕਰਨ, ਕਮਜ਼ੋਰ ਵਿਦਿਆਰਥੀਆਂ ਨੂੰ ਵਾਧੂ ਸਹਾਇਤਾ ਦੇਣ ਅਤੇ ਉਨ੍ਹਾਂ ਵਿੱਚ ਆਤਮ-ਵਿਸ਼ਵਾਸ ਪੈਦਾ ਕਰਨ ਵੱਲ ਧਿਆਨ ਦਿੰਦਾ ਹਾਂ।

ਇਸਦੇ ਨਾਲ ਹੀ ਬੱਚਿਆਂ ਨੂੰ ਖੇਡਾਂ ਅਤੇ ਸਰੀਰਕ ਗਤੀਵਿਧੀਆਂ ਨਾਲ ਜੋੜਨ ਲਈ ਵੀ ਯਤਨ ਕੀਤੇ ਜਾਂਦੇ ਹਨ। ਮੇਰਾ ਵਿਸ਼ਵਾਸ ਹੈ ਕਿ ਮੈਦਾਨ ਵਿੱਚ ਮਿਲਣ ਵਾਲਾ ਆਤਮ-ਵਿਸ਼ਵਾਸ ਕਲਾਸਰੂਮ ਵਿੱਚ ਵੀ ਬੱਚੇ ਦੀ ਕਾਰਗੁਜ਼ਾਰੀ ਨੂੰ ਬਿਹਤਰ ਬਣਾਉਂਦਾ ਹੈ। ਖੇਡਾਂ ਬੱਚਿਆਂ ਵਿੱਚ ਅਨੁਸ਼ਾਸਨ, ਟੀਮ ਵਰਕ, ਮਿਹਨਤ ਅਤੇ ਹਾਰ-ਜਿੱਤ ਨੂੰ ਸਵੀਕਾਰ ਕਰਨ ਦੀ ਭਾਵਨਾ ਪੈਦਾ ਕਰਦੀਆਂ ਹਨ।

ਮੇਰਾ ਉਦੇਸ਼ ਸਿਰਫ਼ ਇਹ ਨਹੀਂ ਕਿ ਬੱਚੇ ਪ੍ਰੀਖਿਆ ਵਿੱਚ ਚੰਗੇ ਅੰਕ ਪ੍ਰਾਪਤ ਕਰਨ। ਮੇਰੀ ਇੱਛਾ ਹੈ ਕਿ ਉਹ ਚੰਗੇ ਵਿਦਿਆਰਥੀ ਹੋਣ ਦੇ ਨਾਲ-ਨਾਲ ਚੰਗੇ ਇਨਸਾਨ, ਜ਼ਿੰਮੇਵਾਰ ਨਾਗਰਿਕ ਅਤੇ ਆਤਮ-ਵਿਸ਼ਵਾਸੀ ਵਿਅਕਤੀ ਬਣਨ।

**ਸਿੱਖਿਆ ਵਿੱਚ ਸੁਧਾਰ ਇੱਕ ਸਾਂਝਾ ਸੁਪਨਾ**

ਸਰਕਾਰੀ ਸਕੂਲ ਸਾਡੇ ਸਮਾਜ ਦੇ ਉਨ੍ਹਾਂ ਬੱਚਿਆਂ ਲਈ ਆਸ ਦੀ ਕਿਰਨ ਹਨ ਜਿਨ੍ਹਾਂ ਦੇ ਪਰਿਵਾਰ ਆਰਥਿਕ ਤੌਰ 'ਤੇ ਮਜ਼ਬੂਤ ਨਹੀਂ ਹਨ। ਸਰਕਾਰ ਵੱਲੋਂ ਚਲਾਏ ਜਾ ਰਹੇ ਸਿੱਖਿਆ ਸੁਧਾਰ ਪ੍ਰੋਗਰਾਮਾਂ ਨੂੰ ਜ਼ਮੀਨੀ ਪੱਧਰ 'ਤੇ ਅਧਿਆਪਕਾਂ ਦੀ ਮਿਹਨਤ ਅਤੇ ਮਾਪਿਆਂ ਦੇ ਸਹਿਯੋਗ ਨਾਲ ਹੋਰ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ।

ਸਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਕਿਸੇ ਵੀ ਬੱਚੇ ਦੀ ਗਰੀਬੀ ਉਸਦੀ ਸਿੱਖਿਆ ਦੇ ਰਾਹ ਵਿੱਚ ਰੁਕਾਵਟ ਨਾ ਬਣੇ।

ਜੇਕਰ ਅਸੀਂ ਅੱਜ ਇੱਕ ਬੱਚੇ ਨੂੰ ਚੰਗੀ ਸਿੱਖਿਆ, ਸਹੀ ਦਿਸ਼ਾ ਅਤੇ ਹੌਸਲਾ ਦੇ ਦਿੰਦੇ ਹਾਂ ਤਾਂ ਅਸੀਂ ਸਿਰਫ਼ ਇੱਕ ਬੱਚੇ ਦਾ ਭਵਿੱਖ ਨਹੀਂ, ਸਗੋਂ ਪੂਰੇ ਸਮਾਜ ਦਾ ਭਵਿੱਖ ਬਦਲ ਰਹੇ ਹੁੰਦੇ ਹਾਂ।

ਹਰ ਬੱਚੇ ਵਿੱਚ ਇੱਕ ਸੰਭਾਵਨਾ ਹੈ— ਸਾਡਾ ਫ਼ਰਜ਼ ਹੈ ਉਸ ਸੰਭਾਵਨਾ ਨੂੰ ਪਛਾਣਨਾ, ਉਸਨੂੰ ਸਿੱਖਿਆ ਦੇਣਾ ਅਤੇ ਉਸਨੂੰ ਉਡਾਣ ਦੇਣਾ।

# ਸੁਰਜੀਤ ਸਿੰਘ ਮੋਹਾਲੀ ਨੂੰ ਮੁਲਾਜ਼ਮਾ ਪੈਨਸ਼ਨਰਾ ਅਤੇ ਵਪਾਰੀਆਂ ਵੱਲੋਂ ਮਿਲ ਰਿਹਾ ਸਮਰਥਨ

**ਮੁਕੇਰੀਆਂ, 18 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਯੂਨੀਵਰਸਿਟੀ ਦੇ ਸੈਨੇਟ ਚੋਣ ਲੜ ਰਹੇ ਉਮੀਦਵਾਰ ਸੁਰਜੀਤ ਸਿੰਘ ਮੋਹਾਲੀ ਨੂੰ ਮੁਲਾਜ਼ਮ,ਪੈਨਸ਼ਨਰ ਅਤੇ ਵਪਾਰੀ ਵਰਗ ਵੱਲੋਂ ਮਿਲ ਰਿਹਾ ਭਰਵਾਂ ਹੁੰਗਾਰਾ।ਇਸ ਗੱਲ ਦੀ ਜਾਣਕਾਰੀ ਮੁਕੇਰੀਆਂ ਵਿਖੇ ਦਿੰਦੇ ਹੋਏ ਜ਼ਿਲ੍ਹਾ ਪ੍ਰਧਾਨ ਪੈਨਸ਼ਨਰਜ਼ ਯੂਨੀਅਨ ਨਰਿੰਦਰ ਸਿੰਘ ਗੋਲ਼ੀ, ਪ੍ਰਧਾਨ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਰਜਤ ਮਹਾਜਨ, ਤਹਿਸੀਲ ਪ੍ਰਧਾਨ ਕੰਵਰ ਰਾਕੇਸ਼ ਸਿੰਘ, ਪ੍ਰਧਾਨ ਪ ਸ ਸ ਫ ਮਨਜੀਤ ਸਿੰਘ, ਸਤੀਸ਼ ਕੁਮਾਰ, ਪਰਸ ਰਾਮ, ਜਸਵੰਤ ਸਿੰਘ,ਬਲਵਿੰਦਰ ਟਾਕ, ਬ੍ਰਿਜ ਮੋਹਨ, ਰਿਸ਼ਵ ਦੇਵ, ਪਰਮਜੀਤ ਸਿੰਘ, ਖੁਸ਼ਵੰਤ ਸਿੰਘ, ਤਰਸੇਮ ਹਰਚੰਦ, ਲੈਕ ਰਾਜੇਸ਼ ਕੁਮਾਰ , ਸੁਰਿੰਦਰ ਸਿੰਘ , ਵਿਕਾਸ ਮਹਾਜਨ, ਅਮਿਤ ਮਾਂਡਲਾ, ਨਿਖਿਲ ਮਹਾਜਨ, ਜਯੰਤ ਜੈਨ, ਸੌਰਭ ਜੈਨ ਨੰਨੂ, ਵਿਨੋਦ ਕੁਮਾਰ, ਗੁਰਪਾਲ ਸਿੰਘ,ਗੁਲਵਿੰਦਰ ਸਿੰਘ,ਸੁਖਜਿੰਦਰ ਸਿੰਘ, ਰਾਕੇਸ਼ ਡਡਵਾਲ,ਸਮਰੱਥ ਠਾਕੁਰ, ਨਸੀਬ ਕੁਮਾਰ, ਰਕੇਸ਼ ਸੰਗੋਤਰਾ, ਰੌਸ਼ਨ ਲਾਲ, ਰਾਜੇਸ਼ ਸੰਗੋਤਰਾ ,ਵਿਵੇਕ ਬਹਿਲ ਅਤੇ ਗੌਰਵ ਸ਼ਰਮਾਂ ਨੇ ਕਿਹਾ ਕਿ ਸੁਰਜੀਤ ਸਿੰਘ ਅਧਿਆਪਕਾਂ ਦੀਆਂ ਜ਼ਰੂਰਤਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਉਹ ਲੰਬੇ ਸਮੇਂ ਤੱਕ ਗੌਰਮਿੰਟ ਟੀਚਰਜ਼ ਯੂਨੀਅਨ ਵਿੱਚ ਕੰਮ ਕਰਦੇ ਰਹੇ ਹਨ ਅਤੇ ਹਰ ਵੇਲੇ ਕਰਮਚਾਰੀਆਂ ਲਈ ਉਪਲਬਧ ਰਹੇ ਹਨ।



ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਸੁਰਜੀਤ ਸਿੰਘ ਜਿਨ੍ਹਾਂ ਦਾ ਸੀਰੀਅਲ ਨੰਬਰ 48 ਹੈ, ਨੂੰ ਆਪਣੀ ਪਹਿਲੀ ਪਸੰਦ ਦੀ ਵੋਟ ਦੇਣੀ ਚਾਹੀਦੀ ਹੈ।ਆਗੂਆਂ ਨੇ ਕਿਹਾ ਕਿ ਅੱਜ ਦੇ ਦੌਰ ਵਿੱਚ ਵਿਦਿਆਰਥੀਆਂ ਦੇ ਹਿੱਤਾਂ ਨੂੰ ਸਭ ਤੋਂ ਉੱਪਰ ਰੱਖਣਾ ਬਹੁਤ ਜ਼ਰੂਰੀ ਹੈ ਅਤੇ ਅਜਿਹੇ ਵਿੱਚ ਉਨ੍ਹਾਂ ਲੋਕਾਂ ਦਾ ਚੁਣ ਕੇ ਆਉਣਾ ਓਨਾ ਹੀ ਜ਼ਰੂਰੀ ਹੈ ਜੋ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਨੂੰ ਸਮਝਦੇ ਹੋਏ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰਨ ਦੇ ਸਮਰੱਥ ਹੋਣ। ਉਨ੍ਹਾਂ ਆਪਣੇ ਸਾਥੀ ਵੋਟਰਾਂ ਨੂੰ ਅਪੀਲ ਕੀਤੀ ਕਿ ਸੁਰਜੀਤ ਸਿੰਘ ਨੂੰ ਜਿਤਾਉਣ ਲਈ ਕੋਈ ਕਸਰ ਬਾਕੀ ਨਾ ਛੱਡਣ।

# ਮਹਿਲਾ ਸਖੀਆਂ ਨੂੰ ਸਨਮਾਨ ਦੇਣ ਨਾਲ ਔਰਤਾਂ ਦਾ ਆਤਮ-ਵਿਸ਼ਵਾਸ ਹੋ ਰਿਹਾ ਮਜ਼ਬੂਤ : ਸਰਬਜੋਤ ਸਾਬੀ



**ਮੁਕੇਰੀਆਂ, 18 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਨੂੰ ਘਰ-ਘਰ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਅ ਰਹੀਆਂ ਮਹਿਲਾ ਸਖੀਆਂ ਦੇ ਸਨਮਾਨ ਲਈ ਮੁਕੇਰੀਆਂ ਵਿਧਾਨ ਸਭਾ ਹਲਕੇ ਵਿੱਚ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਆਮ ਆਦਮੀ ਪਾਰਟੀ ਦੇ ਹਲਕਾ ਮੁਕੇਰੀਆਂ ਦੇ ਇੰਚਾਰਜ ਸਰਬਜੋਤ ਸਿੰਘ ਸਾਬੀ ਦੀ ਅਗਵਾਈ ਹੇਠ ਹੋਏ ਇਸ ਸਮਾਗਮ ਵਿੱਚ ਕਰੀਬ 2 ਹਜ਼ਾਰ ਔਰਤਾਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਇਸ ਮੌਕੇ ਮਹਿਲਾ ਸਖੀਆਂ ਨੂੰ ਉਨ੍ਹਾਂ ਵੱਲੋਂ ਨਿਭਾਈ ਜਾ ਰਹੀ ਸਮਾਜਿਕ ਜ਼ਿੰਮੇਵਾਰੀ ਅਤੇ ਯੋਜਨਾ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਵਾਸਤੇ ਸਨਮਾਨਿਤ ਕੀਤਾ ਗਿਆ।

ਸਰਬਜੋਤ ਸਿੰਘ ਸਾਬੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਔਰਤਾਂ ਦੀ ਭਲਾਈ ਅਤੇ ਉਨ੍ਹਾਂ ਨੂੰ ਸਮਾਜਿਕ ਤੇ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਔਰਤਾਂ ਨੂੰ ਸਨਮਾਨ ਦੇਣ ਅਤੇ ਉਨ੍ਹਾਂ ਨੂੰ ਸਰਕਾਰੀ ਯੋਜਨਾਵਾਂ ਨਾਲ ਜੋੜਨ ਵੱਲ ਇੱਕ ਅਹਿਮ ਕਦਮ ਹੈ।

ਉਨ੍ਹਾਂ ਕਿਹਾ ਕਿ ਕਿਸੇ ਵੀ ਸਰਕਾਰੀ ਯੋਜਨਾ ਦੀ ਕਾਮਯਾਬੀ ਉਸ ਸਮੇਂ ਹੀ ਯਕੀਨੀ ਬਣਦੀ ਹੈ, ਜਦੋਂ ਉਸ ਦਾ ਲਾਭ ਯੋਗ ਲਾਭਪਾਤਰੀ ਤੱਕ ਪਹੁੰਚੇ। ਮਹਿਲਾ ਸਖੀਆਂ ਇਸ ਕੰਮ ਵਿੱਚ ਸਰਕਾਰ ਅਤੇ ਔਰਤਾਂ ਵਿਚਕਾਰ ਇੱਕ ਮਹੱਤਵਪੂਰਨ ਕੜੀ ਵਜੋਂ ਕੰਮ ਕਰ ਰਹੀਆਂ ਹਨ। ਉਹ ਘਰ-ਘਰ ਜਾ ਕੇ ਔਰਤਾਂ ਨੂੰ ਯੋਜਨਾ ਬਾਰੇ ਜਾਣਕਾਰੀ ਦੇ ਰਹੀਆਂ ਹਨ ਅਤੇ ਉਨ੍ਹਾਂ ਨੂੰ ਸਰਕਾਰੀ ਸਹੂਲਤਾਂ ਦਾ ਲਾਭ ਲੈਣ ਲਈ ਜਾਗਰੂਕ ਕਰ ਰਹੀਆਂ ਹਨ।

ਸਾਬੀ ਨੇ ਕਿਹਾ ਕਿ ਔਰਤਾਂ ਦੀ ਵੱਡੀ ਗਿਣਤੀ ਵਿੱਚ ਇਸ ਸਮਾਗਮ ਵਿੱਚ ਸ਼ਮੂਲੀਅਤ ਇਹ ਦਰਸਾਉਂਦੀ ਹੈ ਕਿ ਮਾਵਾਂ-ਧੀਆਂ ਦੇ ਸਨਮਾਨ ਅਤੇ ਉਨ੍ਹਾਂ ਦੀ ਭਲਾਈ ਨਾਲ ਜੁੜੇ ਸਰਕਾਰੀ ਉਪਰਾਲਿਆਂ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਔਰਤਾਂ ਨੂੰ ਸਿਰਫ਼ ਸਰਕਾਰੀ ਸਹਾਇਤਾ ਦੇਣਾ ਹੀ ਨਹੀਂ, ਸਗੋਂ ਉਨ੍ਹਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨਾ ਅਤੇ ਆਤਮ-ਨਿਰਭਰ ਬਣਨ ਦੇ ਮੌਕੇ ਪ੍ਰਦਾਨ ਕਰਨਾ ਵੀ ਸਰਕਾਰ ਦੀ ਤਰਜੀਹ ਹੈ।

ਉਨ੍ਹਾਂ ਕਿਹਾ ਕਿ ਮਹਿਲਾ ਸਖੀਆਂ ਦੀ ਮਿਹਨਤ ਨਾਲ ਸਰਕਾਰੀ ਯੋਜਨਾਵਾਂ ਦੀ ਜਾਣਕਾਰੀ ਵੱਧ ਤੋਂ ਵੱਧ ਪਰਿਵਾਰਾਂ ਤੱਕ ਪਹੁੰਚ ਰਹੀ ਹੈ। ਉਨ੍ਹਾਂ ਨੇ ਸਮਾਗਮ ਵਿੱਚ ਸ਼ਾਮਲ ਸਾਰੀਆਂ ਮਹਿਲਾਵਾਂ ਅਤੇ ਸਖੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਔਰਤਾਂ ਦੀ ਮਜ਼ਬੂਤੀ ਹੀ ਸਮਾਜ ਅਤੇ ਪਰਿਵਾਰ ਦੀ ਮਜ਼ਬੂਤੀ ਦਾ ਆਧਾਰ ਹੈ।

ਇਸ ਮੌਕੇ ਸ੍ਰੀਮਤੀ ਸਰਬਜੀਤ ਕੌਰ ਮਹਿਲਾ ਵਿੰਗ ਹਲਕਾ ਪ੍ਰਧਾਨ, ਸ੍ਰੀਮਤੀ ਮੀਨਾਕਸ਼ੀ ਮਹਿਲਾ ਵਿੰਗ ਹਲਕਾ ਵਾਈਸ ਪ੍ਰਧਾਨ, ਬੀਬੀ ਸੁਰਜੀਤ ਕੌਰ ਵਾਈਸ ਪ੍ਰਧਾਨ ਨਗਰ ਕੌਂਸਲ, ਸ੍ਰੀਮਤੀ ਮਧੂਮਿਤਾ ਐਮ.ਸੀ., ਸ੍ਰੀਮਤੀ ਪੂਨਮ ਰੱਤੂ ਐਮ.ਸੀ., ਸ੍ਰੀਮਤੀ ਪ੍ਰਿਆ ਠਾਕੁਰ ਬਲਾਕ ਕੋਆਰਡੀਨੇਟਰ ਸਮੇਤ ਹੋਰ ਪਾਰਟੀ ਆਗੂ, ਮਹਿਲਾ ਅਹੁਦੇਦਾਰ ਅਤੇ ਵੱਡੀ ਗਿਣਤੀ ਵਿੱਚ ਔਰਤਾਂ ਹਾਜ਼ਰ ਸਨ।

# ਹੋਮਗਾਰਡ ਦੀਆਂ ਮੰਗਾਂ ਨੂੰ ਲੈਕੇ ਮੁੱਖ ਮੰਤਰੀ ਦੀ ਜਿੰਦਵੜੀ ਲੋਕ ਮਿਲਣੀ ਮੌਕੇ ਓਐਸਡੀ ਨਾਲ ਮੁਲਾਕਾਤ ਕੀਤੀ

**ਰੂਪਨਗਰ, 18 ਸਤੰਬਰ ਸੰਦੀਪ ਕੁਮਾਰ ਜੋਸ਼ੀ -ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਜਿੰਦਵੜੀ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੀ ਲੋਕ ਮਿਲਣੀ ਮੌਕੇ ਪੰਜਾਬ ਹੋਮ ਗਾਰਡ ਐਸੋਸੀਏਸ਼ਨ ਦੇ ਪ੍ਰਧਾਨ ਗੁਰਦੀਪ ਸਿੰਘ ਦੀ ਅਗਵਾਈ ਹੇਠ ਮੰਗਾਂ ਨੂੰ ਲੈਕੇ ਮੁੱਖ ਮੰਤਰੀ ਦੇ ਓਐਸਡੀ ਨਾਲ ਮੁਲਾਕਾਤ ਕੀਤੀ ਗਈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਗੁਰਦੀਪ ਸਿੰਘ ਨੇ ਦੱਸਿਆ ਕਿ ਰੋਪੜ ਦੇ ਐਸ ਐਸ ਪੀ ਮਨਿੰਦਰ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕਰਵਾਉਣ ਦਾ ਭਰੋਸਾ ਦਿੱਤਾ ਸੀ ਅਤੇ ਜਿੰਦਵੜੀ ਵਿਖੇ ਲੋਕ ਮਿਲਣੀ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਈਏਐਸ ਅਧਿਕਾਰੀ ਹਰਸਿਮਰਨ ਸਿੰਘ ਨੂੰ ਵੱਖ ਵੱਖ ਜਥੇਬੰਦੀਆਂ ਦੀਆਂ ਮੰਗਾਂ ਸੁਣਨ ਲਈ ਡਿਊਟੀ ਲਾਈ ਅਤੇ ਅਸੀਂ ਵੀ ਹੋਮ ਗਾਰਡ ਐਸੋਸੀਏਸ਼ਨ ਦੀਆਂ ਮੰਗਾਂ ਨੂੰ ਅਧਿਕਾਰੀ ਦੇ ਧਿਆਨ ਵਿੱਚ ਲਿਆਂਦਾ।



ਗੁਰਦੀਪ ਸਿੰਘ ਨੇ ਕਿਹਾ ਕਿ ਸਾਨੂੰ ਆਈਏਐਸ ਅਧਿਕਾਰੀ ਨੇ ਭਰੋਸਾ ਦਿੱਤਾ ਕਿ ਉਹ ਮੰਗਾਂ ਨੂੰ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਮੀਟਿੰਗ ਕਰਕੇ ਹੋਮ ਗਾਰਡ ਐਸੋਸੀਏਸ਼ਨ ਦੀਆਂ ਮੰਗਾਂ ਤੋਂ ਜਾਣੂੰ ਕਰਵਾਉਣਗੇ ਅਤੇ ਜਲਦੀ ਹੀ ਤੁਹਾਨੂੰ ਨਵੀਂ ਅਪਡੇਟ ਦਿੱਤੀ ਜਾਵੇਗੀ। ਇਸ ਮੌਕੇ ਦਰਬਾਰਾ ਸਿੰਘ, ਅਵਤਾਰ ਸਿੰਘ, ਸੋਮਨਾਥ ਤੇ ਬਹਾਦਰ ਸਿੰਘ ਕੰਪਨੀ ਕਮਾਂਡਰ ਵੀ ਹਾਜ਼ਰ ਸਨ।

# ਸ਼੍ਰੋਮਣੀ ਅਕਾਲੀ ਦਲ ਵੱਲੋਂ 132 ਕੇਵੀ ਸਬ ਸਟੇਸ਼ਨ ਰੋਪੜ ਵਿਖੇ ਪੰਜਾਬ ਸਰਕਾਰ ਖਿਲਾਫ ਪ੍ਰਦਰਸ਼ਨ ਕੀਤਾ



**ਰੂਪਨਗਰ, 18 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੀ ਰੋਪੜ ਹਲਕੇ ਦੀ ਜਥੇਬੰਦੀ ਵੱਲੋਂ ਅੱਜ ਸ਼ਹਿਰ ਦੀ 132 ਕੇਵੀ ਗਰਿੱਡ ਦੇ ਸਾਹਮਣੇ ਇੱਕ ਵਿਸ਼ਾਲ ਧਰਨਾ ਦਿੱਤਾ ਗਿਆ । ਵੱਡੀ ਗਿਣਤੀ ਵਿੱਚ ਇਕੱਠੇ ਹੋਏ ਅਕਾਲੀ ਆਗੂਆਂ ਅਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਡੈਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਾਬਕਾ ਕੈਬਨਿਟ ਮੰਤਰੀ ਡਾਕਟਰ ਦਲਜੀਤ ਸਿੰਘ ਚੀਮਾ ਨੇ ਪੰਜਾਬ ਵਿਚਲੇ ਬਿਜਲੀ ਸੰਕਟ ਲਈ ਜ਼ੁੰਮੇਵਾਰ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਘੇਰਦਿਆਂ ਆਖਿਆ ਕਿ ਸਰਕਾਰ ਵੱਲੋਂ ਪੰਜਾਬ ਵਿੱਚ ਉਦਯੋਗਿਕ, ਵਪਾਰਕ, ਖੇਤੀ ਅਤੇ ਘਰੇਲੂ ਸਾਰੇ ਖਪਤਕਾਰਾਂ ਨੂੰ 24 ਘੰਟੇ ਬਿਜਲੀ ਸਪਲਾਈ ਦੇਣ ਦਾ ਵਾਅਦਾ ਕੀਤਾ ਗਿਆ ਸੀ ਪਰ ਇਸ ਸਮੇ ਪੰਜਾਬ ਸਰਕਾਰ ਵੱਲੋਂ 8/8 ਘੰਟਿਆਂ ਦੇ ਬਿਜਲੀ ਕੱਟ ਲਗਾ ਕੇ ਖਪਤਕਾਰਾਂ ਨੂੰ ਖੱਜਲ ਖ਼ੁਆਰ ਕੀਤਾ ਜਵਰੇਹਾ ਹੈ । ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਪੰਜਾਬ ਵਿੱਚ ਬਿਜਲੀ ਸਪਲਾਈ ਸਰਪਲੱਸ ਕਰ ਦਿੱਤੀ ਗਈ ਸੀ ਪਰ ਉਸ ਤੋਂ ਬਾਅਦ ਕਾਂਗਰਸ ਪਾਰਟੀ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਇੱਕ ਬਲਬ ਜਿੰਨੀ ਵੀ ਬਿਜਲੀ ਪੈਦਾ ਨਹੀਂ ਕੀਤੀ ਗਈ । ਉਹਨਾਂ ਕਿਹਾ ਕਿ ਸਰਕਾਰ ਬਣਦੇ ਹੀ ਕੈਪਟਨ ਅਮਰਿੰਦਰ ਸਿੰਘ ਅਤੇ ਭਗਵੰਤ ਮਾਨ ਨੇ ਵੀ ਕਿਹਾ ਸੀ ਕਿ ਪ੍ਰਾਈਵੇਟ ਥਰਮਲ ਪਲਾਂਟਾਂ ਨਾਲ ਕੀਤੇ ਗਏ ਸਮਝੌਤੇ ਰੱਦ ਕਰਨ ਦੀ ਕਾਰਵਾਈ ਕਰਨਗੇ ਪਰ ਉਹ ਸਾਰਾ ਝੂਠ ਬੋਲ ਕੇ ਜਨਤਾ ਨੂੰ ਗੁਮਰਾਹ ਕਰਨ ਤੋਂ ਇਲਾਵਾ ਕੁਝ ਵੀ ਨਹੀਂ ਸੀ ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਬਿਜਲੀ ਸੰਕਟ ਨਾਲ ਨਜਿੱਠਣ ਲਈ ਕੋਈ ਠੋਸ ਕਦਮ ਨਹੀਂ ਚੁੱਕੇ ਗਏ । ਓਹਨਾ ਗੁਲਜ਼ਾਰਸਿੰਘ ਮਾਮਲੇ ਤੇ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕੇ ਸਰਕਾਰ ਦੇ ਪਾਪਾਂ ਦਾ ਘੜਾ ਭਰ ਚੁੱਕਿਆ ਹੈ ਤੇ ਸਰਕਾਰ ਦੇ ਕੇਵਲ ਇਕ ਦੋ ਮਹੀਨੇ ਬਾਕੀ ਹਨ ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਤਿਆਰ ਬੈਠੇ ਹਨ । ਉਹਨਾਂ ਮੁਲਾਜ਼ਮਾਂ ਦੀਆਂ ਸਮੱਸਿਆਵਾਂ ਬਾਰੇ ਗੱਲ ਕਰਦਿਆਂ ਆਖਿਆ ਕਿ ਮੁਲਾਜ਼ਮਾਂ ਨੂੰ ਅੱਜ ਤੱਕ ਜੋ ਵੀ ਦਿੱਤਾ ਹੈ ਅਕਾਲੀ ਸਰਕਾਰ ਵੱਲੋਂ ਹੀ ਦਿੱਤਾ ਗਿਆ ਹੈ ।ਉਹਨਾਂ ਕਿਹਾ ਕਿ ਆਉਣ ਵਾਲੇ ਸਮੇ ਵਿੱਚ ਅਕਾਲੀ ਸਰਕਾਰ ਆਉਣ ਤੇ ਮੁਲਾਜ਼ਮਾਂ ਦੀਆਂ ਸਾਰੀਆਂ ਹੱਕੀ ਮੰਗਾਂ ਪ੍ਰਵਾਨ ਕੀਤੀਆਂ ਜਾਣਗੀਆਂ ਅਤੇ ਪੰਜਾਬ ਨੂੰ ਫਿਰ ਤੋਂ ਬਿਜਲੀ ਸਰਪਲੱਸ ਸੂਬਾ ਬਣਾਇਆ ਜਾਵੇਗਾ । ਇਸ ਮੌਕੇ ਅਕਾਲੀ ਆਗੂ ਪਰਮਜੀਤ ਸਿੰਘ ਮੱਕੜ, ਅਨੁਸੂਚਿਤ ਜਾਤੀ ਵਿੰਗ ਦੇ ਮੀਤ ਪ੍ਰਧਾਨ ਆਰ ਪੀ ਸਿੰਘ ਸ਼ੈਲੀ, ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਰੁਪਿੰਦਰ ਸਿੰਘ ਲੱਖੇਵਾਲ, ਸੰਦੀਪ ਸਿੰਘ ਕਲੋਤਾ ਅਤੇ ਇੰਜ ਜੇ ਪੀ ਹਾਂਡਾ ਨੇ ਵੀ ਸੰਬੋਧਨ ਕੀਤਾ । ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ, ਜ਼ਿਲ੍ਹਾ ਪ੍ਰਧਾਨ ਦਰਬਾਰਾ ਸਿੰਘ ਬਾਲਾ, ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤਰਨਜੀਤ ਸਿੰਘ ਤਰਨੀ, ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਸਕੱਤਰ ਗੁਰਮੁਖ ਸਿੰਘ ਸੈਣੀ, ਕੌਂਸਲਰ ਸੁਖਵਿੰਦਰ ਸਿੰਘ ਪਟਵਾਰੀ, ਕੌਂਸਲਰ ਗੁਰਵਿੰਦਰ ਸਿੰਘ ਬਾਵਾ, ਸਾਬਕਾ ਕੌਂਸਲਰ ਵੈਦ ਪ੍ਰਕਾਸ਼, ਸਾਬਕਾ ਕੌਂਸਲਰ ਮਨਜਿੰਦਰ ਸਿੰਘ ਧਨੋਆ ਹੋਰਨਾਂ ਤੋਂ ਇਲਾਵਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਹਿੰਮਤ ਸਿੰਘ ਰਾਜਾ, ਕੌਮੀ ਮੀਤ ਪ੍ਰਧਾਨ ਮੋਹਨ ਸਿੰਘ ਮੁਹੰਮਦੀਪੁਰ, ਕੁਲਵੀਰ ਸਿੰਘ ਅਸਮਾਨ ਪੁਰ, ਐਡਵੋਕੇਟ ਰਾਜੀਵ ਸ਼ਰਮਾ ਪ੍ਰਧਾਨ ਜ਼ਿਲ੍ਹਾ ਲੀਗਲ ਵਿੰਗ, ਬਲਜਿੰਦਰ ਸਿੰਘ ਮਿੱਠੂ ਮੀਤ ਪ੍ਰਧਾਨ ਯੂਥ ਅਕਾਲੀ ਦਲ ਪੰਜਾਬ,ਸੁਖਿੰਦਰ ਪਾਲ ਸਿੰਘ ਬੋਬੀ ਬੋਲਾ , ਸਵਰਨ ਸਿੰਘ ਬੋਬੀ ਬਹਾਦਰਪੁਰ, ਦਲਜੀਤ ਸਿੰਘ ਭੁੱਟੋ ਅਜਮੇਰ ਸਿੰਘ ਬਿੱਕੋਂ ਸਾਬਕਾ ਇਸਤਰੀ ਅਕਾਲੀ ਦਲ ਦੇ ਆਗੂ ਬੀਬੀ ਚਰਨਜੀਤ ਕੌਰ ਬੀਬੀ ਅਤੇ ਵੱਡੀ ਗਿਣਤੀ ਵਿੱਚ ਅਕਾਲੀ ਆਗੂ ਹਾਜ਼ਰ ਸਨ

# ਵੰਦੇ ਭਾਰਤ ਐਕਸਪ੍ਰੈੱਸ ਦਾ ਰੋਪੜ ਰੇਲਵੇ ਸਟੇਸ਼ਨ 'ਤੇ ਠਹਿਰਾਅ ਦੇਣ ਦੀ ਕੀਤੀ ਮੰਗ

**ਰੂਪਨਗਰ, 18 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਰੂਪਨਗਰ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਦੇ ਲੋਕਾਂ ਨੂੰ ਬਿਹਤਰ ਅਤੇ ਤੇਜ਼ ਰੇਲ ਸਹੂਲਤ ਮੁਹੱਈਆ ਕਰਵਾਉਣ ਦੀ ਮੰਗ ਨੂੰ ਅੱਗੇ ਵਧਾਉਂਦਿਆਂ ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਰੂਪਨਗਰ ਦੇ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਨੇ ਕੇਂਦਰੀ ਰੇਲ ਮੰਤਰੀ ਨੂੰ ਪੱਤਰ ਲਿਖ ਕੇ ਨਵੀਂ ਦਿੱਲੀ-ਅੰਬ ਅੰਦੌਰਾ-ਨਵੀਂ ਦਿੱਲੀ ਵੰਦੇ ਭਾਰਤ ਐਕਸਪ੍ਰੈੱਸ (ਟਰੇਨ ਨੰਬਰ 22447/22448) ਦਾ ਰੋਪੜ ਰੇਲਵੇ ਸਟੇਸ਼ਨ 'ਤੇ ਨਿਰਧਾਰਤ ਠਹਿਰਾਅ ਦੇਣ ਦੀ ਮੰਗ ਕੀਤੀ ਹੈ।



ਅਜੈਵੀਰ ਸਿੰਘ ਲਾਲਪੁਰਾ ਨੇ ਕਿਹਾ ਕਿ ਰੂਪਨਗਰ ਪੰਜਾਬ ਦਾ ਮਹੱਤਵਪੂਰਨ ਜ਼ਿਲ੍ਹਾ ਹੈ ਅਤੇ ਇੱਥੋਂ ਰੋਜ਼ਾਨਾ ਵੱਡੀ ਗਿਣਤੀ ਵਿੱਚ ਵਿਦਿਆਰਥੀ, ਵਪਾਰੀ, ਨੌਕਰੀਪੇਸ਼ਾ ਲੋਕ, ਉਦਯੋਗਾਂ ਨਾਲ ਜੁੜੇ ਵਿਅਕਤੀ, ਸੀਨੀਅਰ ਸਿਟੀਜ਼ਨ ਅਤੇ ਹੋਰ ਯਾਤਰੀ ਚੰਡੀਗੜ੍ਹ, ਦਿੱਲੀ ਅਤੇ ਹੋਰ ਸ਼ਹਿਰਾਂ ਵੱਲ ਸਫ਼ਰ ਕਰਦੇ ਹਨ।

ਵੰਦੇ ਭਾਰਤ ਵਰਗੀ ਤੇਜ਼ ਅਤੇ ਆਧੁਨਿਕ ਰੇਲ ਸੇਵਾ ਦਾ ਰੋਪੜ ਵਿਖੇ ਠਹਿਰਾਅ ਹੋਣ ਨਾਲ ਇਨ੍ਹਾਂ ਯਾਤਰੀਆਂ ਨੂੰ ਵੱਡੀ ਸਹੂਲਤ ਮਿਲ ਸਕਦੀ ਹੈ।

ਉਨ੍ਹਾਂ ਕਿਹਾ ਕਿ ਵੰਦੇ ਭਾਰਤ ਐਕਸਪ੍ਰੈੱਸ ਪਹਿਲਾਂ ਹੀ ਚੰਡੀਗੜ੍ਹ ਤੋਂ ਸ੍ਰੀ ਅਨੰਦਪੁਰ ਸਾਹਿਬ ਵੱਲ ਜਾਂਦਿਆਂ ਰੂਪਨਗਰ ਵਾਲੇ ਰੇਲ ਮਾਰਗ ਤੋਂ ਲੰਘਦੀ ਹੈ। ਇਸ ਲਈ ਰੋਪੜ ਰੇਲਵੇ ਸਟੇਸ਼ਨ 'ਤੇ ਢੁੱਕਵਾਂ ਨਿਰਧਾਰਤ ਠਹਿਰਾਅ ਦਿੱਤੇ ਜਾਣ ਦੀ ਮੰਗ ਲੋਕ ਹਿੱਤ ਨਾਲ ਸਿੱਧੇ ਤੌਰ 'ਤੇ ਜੁੜੀ ਹੋਈ ਹੈ।ਲਾਲਪੁਰਾ ਨੇ ਕਿਹਾ ਕਿ ਰੂਪਨਗਰ ਜ਼ਿਲ੍ਹਾ ਸਿੱਖਿਆ, ਉਦਯੋਗ, ਵਪਾਰ, ਧਾਰਮਿਕ ਅਤੇ ਸੈਰ-ਸਪਾਟਾ ਪੱਖੋਂ ਵਿਸ਼ੇਸ਼ ਮਹੱਤਤਾ ਰੱਖਦਾ ਹੈ।

ਰੋਪੜ ਵਿਖੇ ਵੰਦੇ ਭਾਰਤ ਦਾ ਠਹਿਰਾਅ ਹੋਣ ਨਾਲ ਸਿਰਫ਼ ਸ਼ਹਿਰ ਹੀ ਨਹੀਂ, ਸਗੋਂ ਆਸ-ਪਾਸ ਦੇ ਵੱਡੇ ਖੇਤਰ ਦੇ ਯਾਤਰੀਆਂ ਨੂੰ ਵੀ ਇਸ ਸੇਵਾ ਦਾ ਸਿੱਧਾ ਲਾਭ ਮਿਲੇਗਾ ਅਤੇ ਕੌਮੀ ਰਾਜਧਾਨੀ ਨਾਲ ਸੰਪਰਕ ਹੋਰ ਸੁਖਾਲਾ ਹੋਵੇਗਾ।

ਉਨ੍ਹਾਂ ਰੇਲ ਮੰਤਰਾਲੇ ਨੂੰ ਅਪੀਲ ਕੀਤੀ ਕਿ ਯਾਤਰੀਆਂ ਦੀ ਸੰਭਾਵਿਤ ਗਿਣਤੀ, ਰੂਪਨਗਰ ਸਟੇਸ਼ਨ ਦੇ ਕੈਚਮੈਂਟ ਏਰੀਏ ਅਤੇ ਸੰਚਾਲਨ ਸਬੰਧੀ ਸੰਭਾਵਨਾਵਾਂ ਦਾ ਅਧਿਐਨ ਕਰਵਾ ਕੇ ਇਸ ਮੰਗ 'ਤੇ ਪਹਿਲ ਦੇ ਆਧਾਰ 'ਤੇ ਸਕਾਰਾਤਮਕ ਫ਼ੈਸਲਾ ਲਿਆ ਜਾਵੇ।

ਅਜੈਵੀਰ ਸਿੰਘ ਲਾਲਪੁਰਾ ਨੇ ਕਿਹਾ, ਰੋਪੜ ਦੇ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਸਬੰਧਤ ਸਰਕਾਰ ਅਤੇ ਵਿਭਾਗਾਂ ਤੱਕ ਪਹੁੰਚਾਉਣਾ ਸਾਡੀ ਜ਼ਿੰਮੇਵਾਰੀ ਹੈ। ਵੰਦੇ ਭਾਰਤ ਦਾ ਰੋਪੜ ਵਿਖੇ ਠਹਿਰਾਅ ਇਲਾਕੇ ਦੀ ਕਨੈਕਟੀਵਿਟੀ ਨੂੰ ਮਜ਼ਬੂਤ ਇਸ ਲਈ ਰੋਪੜ ਰੇਲਵੇ ਸਟੇਸ਼ਨ 'ਤੇ ਢੁੱਕਵਾਂ ਨਿਰਧਾਰਤ ਠਹਿਰਾਅ ਦਿੱਤੇ ਜਾਣ ਦੀ ਮੰਗ ਲੋਕ ਹਿੱਤ ਨਾਲ ਸਿੱਧੇ ਤੌਰ 'ਤੇ ਜੁੜੀ ਹੋਈ ਹੈ।ਲਾਲਪੁਰਾ ਨੇ ਕਿਹਾ ਕਿ ਰੂਪਨਗਰ ਜ਼ਿਲ੍ਹਾ ਸਿੱਖਿਆ, ਉਦਯੋਗ, ਵਪਾਰ, ਧਾਰਮਿਕ ਅਤੇ ਸੈਰ-ਸਪਾਟਾ ਪੱਖੋਂ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਰੋਪੜ ਵਿਖੇ ਵੰਦੇ ਭਾਰਤ ਦਾ ਠਹਿਰਾਅ ਹੋਣ ਨਾਲ ਸਿਰਫ਼ ਸ਼ਹਿਰ ਹੀ ਨਹੀਂ, ਸਗੋਂ ਆਸ-ਪਾਸ ਦੇ ਵੱਡੇ ਖੇਤਰ ਦੇ ਯਾਤਰੀਆਂ ਨੂੰ ਵੀ ਇਸ ਸੇਵਾ ਦਾ ਸਿੱਧਾ ਲਾਭ ਮਿਲੇਗਾ ਅਤੇ ਕੌਮੀ ਰਾਜਧਾਨੀ ਨਾਲ ਸੰਪਰਕ ਹੋਰ ਸੁਖਾਲਾ ਹੋਵੇਗਾ।ਉਨ੍ਹਾਂ ਰੇਲ ਮੰਤਰਾਲੇ ਨੂੰ ਅਪੀਲ ਕੀਤੀ ਕਿ ਯਾਤਰੀਆਂ ਦੀ ਸੰਭਾਵਿਤ ਗਿਣਤੀ, ਰੂਪਨਗਰ ਸਟੇਸ਼ਨਕਰਨ ਦੇ ਨਾਲ-ਨਾਲ ਵਪਾਰ, ਸਿੱਖਿਆ ਅਤੇ ਸੈਰ-ਸਪਾਟੇ ਲਈ ਵੀ ਲਾਭਕਾਰੀ ਸਾਬਤ ਹੋਵੇਗਾ।

# ਸਵਰਨਕਾਰ ਸੰਘ ਦੇ ਪ੍ਰਧਾਨ ਅਜੈ ਕੰਡਾ ਗੁਰਦੁਆਰਾ ਸਰਦਾਰ ਨਗਰ ਵਿਖੇ ਹੋਏ ਨਤਮਸਤਕ



**ਮੋਗਾ, 18 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸਵਰਨਕਾਰ ਸੰਘ ਸਰਾਫਾ ਬਜ਼ਾਰ ਮੋਗਾ ਦੇ ਪ੍ਰਧਾਨ ਅਜੈ ਕੰਡਾ ਗੁਰਦੁਆਰਾ ਸਰਦਾਰ ਨਗਰ ਵਿਖੇ ਨਤਮਸਤਕ ਹੋਏ ਅਤੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ।ਇਸ ਮੌਕੇ ਭਾਈ ਸਵਰਨ ਸਿੰਘ ਨੇ ਅੱਸੂ ਮਹੀਨੇ ਦੀ ਸੰਗਰਾਂਦ ਦੇ ਸ਼ੁਭ ਮੌਕੇ ਤੇ ਸੰਗਤਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਮਹੀਨਾ ਸਭ ਲਈ ਖੁਸ਼ੀਆਂ ਲੈ ਕੇ ਆਵੇ।ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਸਾਧੂ ਸੰਤਾਂ ਦੀ ਸੰਗਤ ਕਰਨੀ ਚਾਹੀਦੀ ਹੈ। ਸੰਤ ਹੀ ਸਾਨੂੰ ਰੱਬ ਨੂੰ ਮਿਲਣ ਦਾ ਰਸਤਾ ਸਮਝਾਉਂਦੇ ਹਨ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਚਮਕੌਰ ਸਿੰਘ ਅਤੇ ਪਵਿੱਤਰ ਸਿੰਘ ਢਿੱਲੋਂ ਸਾਬਕਾ ਕੌਂਸਲਰ ਨੇ ਪ੍ਰਧਾਨ ਅਜੈ ਕੰਡਾ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ।

ਇਸ ਮੌਕੇ ਬਲਜਿੰਦਰ ਸਿੰਘ ਸਹਿਗਲ, ਜਗਸੀਰ ਸਿੰਘ, ਤਰਸੇਮ ਸਿੰਘ, ਰਣਜੀਤ ਸਿੰਘ ਗੋਰਾ, ਰਮੇਸ਼ ਕੰਡਾ ਅਤੇ ਇੰਦਰਜੀਤ ਸਿੰਘ ਆਦਿ ਹਾਜਰ ਸਨ।

# ਬਾੜੀਆਂ ਕਲਾਂ 'ਚ ਬਾਬਾ ਸਾਹਿਬ ਦੇ ਬੁੱਤ ਦੀ ਕੀਤੀ ਬੇਅਦਬੀ ਦੇ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਸਖ਼ਤ ਸਜ਼ਾ ਦਿੱਤੀ ਜਾਵੇ : ਡਾ. ਰਜਿੰਦਰ ਗਿੱਲ

**ਹੁਸ਼ਿਆਰਪੁਰ, 18 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਬਾੜੀਆਂ ਕਲਾਂ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਨਾਲ ਕੀਤੀ ਗਈ ਤੋੜ-ਫੋੜ ਅਤੇ ਬੇਅਦਬੀ ਦੀ ਕੋਸ਼ਿਸ਼ ਨੇ ਸਮਾਜ ਦੇ ਲੋਕਾਂ ਦੇ ਮਨਾਂ ਵਿੱਚ ਗਹਿਰਾ ਰੋਸ ਪੈਦਾ ਕੀਤਾ ਹੈ। ਇਸ ਮੰਦਭਾਗੀ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਡੈਮੋਕਰੇਟਿਕ ਭਾਰਤੀਆ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਡਾ. ਰਜਿੰਦਰ ਗਿੱਲ ਨੇ ਕਿਹਾ ਕਿ ਬਾਬਾ ਸਾਹਿਬ ਦਾ ਬੁੱਤ ਸਿਰਫ਼ ਇੱਕ ਮੂਰਤੀ ਨਹੀਂ, ਸਗੋਂ ਕਰੋੜਾਂ ਲੋਕਾਂ ਦੇ ਸਨਮਾਨ, ਸੰਵਿਧਾਨਕ ਹੱਕਾਂ ਅਤੇ ਸਮਾਜਿਕ ਬਰਾਬਰੀ ਦੀ ਨਿਸ਼ਾਨੀ ਹੈ ਇਸ ਨਾਲ ਛੇੜਛਾੜ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਡਾ. ਰਜਿੰਦਰ ਗਿੱਲ ਨੇ ਕਿਹਾ ਕਿ ਪੰਜਾਬ ਵਿੱਚ ਵਾਰ-ਵਾਰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਬੁੱਤਾਂ ਦੀ ਬੇਅਦਬੀ ਜਾਂ ਤੋੜ-ਫੋੜ ਦੀਆਂ ਘਟਨਾਵਾਂ ਸਾਹਮਣੇ ਆਉਣਾ ਚਿੰਤਾ ਦਾ ਵਿਸ਼ਾ ਹੈ। ਅਜਿਹੀਆਂ ਘਟਨਾਵਾਂ ਪ੍ਰਤੀ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਤੁਰੰਤ ਅਤੇ ਪ੍ਰਭਾਵਸ਼ਾਲੀ ਕਾਰਵਾਈ ਹੋਣਾ ਬੇਹੱਦ ਜ਼ਰੂਰੀ ਹੈ, ਤਾਂ ਜੋ ਸ਼ਰਾਰਤੀ ਅਨਸਰਾਂ ਦੇ ਹੌਸਲੇ ਨਾ ਵਧਣ।



ਉਨ੍ਹਾਂ ਕਿਹਾ ਕਿ ਬਾੜੀਆਂ ਕਲਾਂ ਦੀ ਘਟਨਾ ਨੇ ਐਸਸੀ ਸਮਾਜ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਈ ਹੈ। ਉਨ੍ਹਾਂ ਮੰਗ ਕੀਤੀ ਕਿ ਪੁਲਿਸ ਪ੍ਰਸ਼ਾਸਨ ਮਾਮਲੇ ਦੀ ਨਿਰਪੱਖ ਅਤੇ ਗੰਭੀਰਤਾ ਨਾਲ ਜਾਂਚ ਕਰਕੇ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਦੀ ਤੁਰੰਤ ਪਛਾਣ ਕਰੇ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਕਾਨੂੰਨ ਅਨੁਸਾਰ ਸਖ਼ਤ ਤੋਂ ਸਖ਼ਤ ਸਜ਼ਾ ਦਿਵਾਈ ਜਾਵੇ। ਡਾ. ਗਿੱਲ ਨੇ ਕਿਹਾ ਕਿ ਬਾਬਾ ਸਾਹਿਬ ਨੇ ਆਪਣਾ ਸਾਰਾ ਜੀਵਨ ਸਮਾਜਿਕ ਬਰਾਬਰੀ, ਮਨੁੱਖੀ ਸਨਮਾਨ ਅਤੇ ਸੰਵਿਧਾਨਕ ਅਧਿਕਾਰਾਂ ਦੀ ਰੱਖਿਆ ਲਈ ਸਮਰਪਿਤ ਕੀਤਾ। ਉਨ੍ਹਾਂ ਦੀ ਵਿਰਾਸਤ ਦਾ ਸਨਮਾਨ ਕਰਨਾ ਸਰਕਾਰ ਅਤੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ।

ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਨੂੰ ਕਿਸੇ ਵੀ ਤਰ੍ਹਾਂ ਹਲਕੇ ਵਿੱਚ ਨਹੀਂ ਲਿਆ ਜਾਣਾ ਚਾਹੀਦਾ ਅਤੇ ਦੋਸ਼ੀਆਂ ਖ਼ਿਲਾਫ਼ ਮਿਸਾਲੀ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।ਉਨ੍ਹਾਂ ਸਰਕਾਰ ਅਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਮਾਮਲੇ ਵਿੱਚ ਬਿਨਾਂ ਕਿਸੇ ਦੇਰੀ ਦੇ ਕਾਰਵਾਈ ਕਰਕੇ ਲੋਕਾਂ ਵਿੱਚ ਪੈਦਾ ਹੋਏ ਰੋਸ ਨੂੰ ਸ਼ਾਂਤ ਕੀਤਾ ਜਾਵੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਦੋਸ਼ੀਆਂ ਨੂੰ ਜਲਦ ਗ੍ਰਿਫ਼ਤਾਰ ਕਰਕੇ ਸਖ਼ਤ ਕਾਰਵਾਈ ਨਾ ਕੀਤੀ ਗਈ ਤਾਂ ਸਮਾਜ ਵੱਲੋਂ ਲੋਕਤੰਤਰੀ ਢੰਗ ਨਾਲ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਮਜਬੂਰ ਹੋਣਾ ਪਵੇਗਾ, ਜਿਸ ਦੀ ਜ਼ਿੰਮੇਵਾਰੀ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ।

# ਗ੍ਰੋਥ ਸੈਂਟਰ ਵਿੱਚ 2.10 ਕਰੋੜ ਦੀ ਲਾਗਤ ਨਾਲ ਵਿਛਾਈ ਜਾਵੇਗੀ ਨਵੀਂ ਵਾਟਰ ਸਪਲਾਈ ਪਾਈਪਲਾਈਨ

## ਮੇਅਰ ਪਦਮਜੀਤ ਸਿੰਘ ਮਹਿਤਾ ਨੇ ਟੱਕ ਲਗਾ ਕੇ ਕੀਤਾ ਵਿਕਾਸ ਕਾਰਜ ਦਾ ਸ਼ੁਭ ਆਰੰਭ, ਤਿੰਨ ਮਹੀਨਿਆਂ ਵਿੱਚ ਮੁਕੰਮਲ ਹੋਵੇਗਾ ਪ੍ਰੋਜੈਕਟ

**ਬਠਿੰਡਾ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਠਿੰਡਾ ਦੇ ਮਾਨਸਾ ਰੋਡ ’ਤੇ ਸਥਿਤ ਇੰਡਸਟਰਿਅਲ ਗ੍ਰੋਥ ਸੈਂਟਰ ਵਿੱਚ ਲੰਬੇ ਸਮੇਂ ਤੋਂ ਚੱਲ ਰਹੀ ਵਾਟਰ ਸਪਲਾਈ ਪਾਈਪਲਾਈਨ ਦੀ ਸਮੱਸਿਆ ਦਾ ਹੁਣ ਹੱਲ ਹੋਣ ਜਾ ਰਿਹਾ ਹੈ। ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਅੱਜ ਇੰਡਸਟਰੀਅਲ ਗ੍ਰੋਥ ਸੈਂਟਰ ਵਿੱਚ ਕਰੀਬ 2.10 ਕਰੋੜ ਰੁਪਏ ਦੀ ਲਾਗਤ ਨਾਲ ਨਵੀਂ ਵਾਟਰ ਸਪਲਾਈ ਪਾਈਪਲਾਈਨ ਵਿਛਾਉਣ ਦੇ ਪ੍ਰੋਜੈਕਟ ਦਾ ਟੱਕ ਲਗਾ ਕੇ ਸ਼ੁਭ ਆਰੰਭ ਕੀਤਾ। ਇਸ ਪ੍ਰੋਜੈਕਟ ਦੇ ਮੁਕੰਮਲ ਹੋਣ ਤੋਂ ਬਾਅਦ ਗ੍ਰੋਥ ਸੈਂਟਰ ਦੇ ਉਦਯੋਗਾਂ ਅਤੇ ਹੋਰ ਖੇਤਰਾਂ ਨੂੰ ਬਿਹਤਰ ਤੇ ਸੁਚਾਰੂ ਜਲ ਸਪਲਾਈ ਦੀ ਸਹੂਲਤ ਮਿਲਣ ਦੀ ਉਮੀਦ ਹੈ।

ਇਸ ਮੌਕੇ ਇੰਡਸਟਰਿਅਲ ਗ੍ਰੋਥ ਸੈਂਟਰ ਅਤੇ ਬਠਿੰਡਾ ਚੈਂਬਰ ਆਫ ਕਾਮਰਸ ਦੇ ਪ੍ਰਧਾਨ ਸ੍ਰੀ ਰਾਮ ਪ੍ਰਕਾਸ਼ ਜਿੰਦਲ, ਸਕੱਤਰ ਸ੍ਰੀ ਰਵਿੰਦਰ ਬਾਂਸਲ, ਖਜ਼ਾਨਚੀ ਸ੍ਰੀ ਰਮਨ ਮਿੱਤਲ, ਉਪ ਪ੍ਰਧਾਨ ਸ੍ਰੀ ਕੁਨਾਲ ਗੁਪਤਾ, ਚੇਅਰਮੈਨ ਸ੍ਰੀ ਭੂਸ਼ਣ ਗਰਗ, ਸ੍ਰੀ ਪੁਨੀਤ ਗਰਗ, ਸ੍ਰੀ ਭਾਗੀਰਥ ਬਾਂਸਲ, ਸ੍ਰੀ ਰੋਹਿਤ ਬਾਂਸਲ, ਸ੍ਰੀ ਨਵਨੀਤ ਨਾਗਪਾਲ, ਸ੍ਰੀ ਰਾਜੂ ਮਿੱਤਲ, ਸ੍ਰੀ ਸੰਦੀਪ ਗੋਇਲ, ਸ੍ਰੀ ਗੋਰਾ ਲਾਲ, ਸ੍ਰੀ ਵਿਨੈ ਸਿੰਗਲਾ ਸਮੇਤ ਵੱਡੀ ਗਿਣਤੀ ਵਿੱਚ ਉਦਯੋਗਪਤੀ ਅਤੇ ਪਤਵੰਤੇ ਹਾਜ਼ਰ ਸਨ।

ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਦੱਸਿਆ ਕਿ ਇੰਡਸਟਰਿਅਲ ਗ੍ਰੋਥ ਸੈਂਟਰ ਦੀ ਸਥਾਪਨਾ ਸਾਲ 1980 ਵਿੱਚ ਹੋਈ ਸੀ ਅਤੇ ਉਸ ਸਮੇਂ ਤੋਂ ਹੀ ਇੱਥੇ ਸੀਮੈਂਟ ਦੀ ਪੁਰਾਣੀ ਵਾਟਰ ਸਪਲਾਈ ਪਾਈਪਲਾਈਨ ਵਿਛੀ ਹੋਈ ਸੀ। ਲੰਬੇ ਸਮੇਂ ਦੌਰਾਨ ਇਹ ਪਾਈਪਲਾਈਨ ਥਾਂ-ਥਾਂ ਤੋਂ ਖਰਾਬ ਹੋ ਚੁੱਕੀ ਸੀ, ਜਿਸ ਕਾਰਨ ਜਲ ਸਪਲਾਈ ਪ੍ਰਬੰਧ ਪ੍ਰਭਾਵਿਤ ਹੁੰਦਾ ਸੀ। ਇਸ ਤੋਂ ਇਲਾਵਾ ਗ੍ਰੋਥ ਸੈਂਟਰ ਦਾ ਕੁਝ ਹਿੱਸਾ ਅਜਿਹਾ ਵੀ ਸੀ, ਜਿੱਥੇ ਅਜੇ ਤੱਕ ਵਾਟਰ ਸਪਲਾਈ ਪਾਈਪਲਾਈਨ ਦੀ ਸਹੂਲਤ ਨਹੀਂ ਪਹੁੰਚ ਸਕੀ ਸੀ।



ਉਨ੍ਹਾਂ ਕਿਹਾ ਕਿ ਹੁਣ ਇਸ ਸਮੱਸਿਆ ਨੂੰ ਸਥਾਈ ਤੌਰ ’ਤੇ ਦੂਰ ਕਰਨ ਲਈ ਪੂਰੇ ਗ੍ਰੋਥ ਸੈਂਟਰ ਵਿੱਚ ਨਵੀਂ ਵਾਟਰ ਸਪਲਾਈ ਪਾਈਪਲਾਈਨ ਵਿਛਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਕਰੀਬ 2.10 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਪ੍ਰੋਜੈਕਟ ਨੂੰ ਅਗਲੇ ਤਿੰਨ ਮਹੀਨਿਆਂ ਵਿੱਚ ਮੁਕੰਮਲ ਕਰਨ ਦਾ ਟੀਚਾ ਰੱਖਿਆ ਗਿਆ ਹੈ। ਇਸ ਤੋਂ ਬਾਅਦ ਗ੍ਰੋਥ ਸੈਂਟਰ ਦੇ ਉਦਯੋਗਾਂ ਨੂੰ ਆਧੁਨਿਕ ਅਤੇ ਬਿਹਤਰ ਜਲ ਸਪਲਾਈ ਪ੍ਰਬੰਧ ਉਪਲਬਧ ਹੋਵੇਗਾ।

ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕਿਹਾ ਕਿ ਸ਼ਹਿਰ ਦੇ ਵਿਕਾਸ ਦੇ ਨਾਲ-ਨਾਲ ਬਠਿੰਡਾ ਦੇ ਉਦਯੋਗਿਕ ਖੇਤਰਾਂ ਵਿੱਚ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨਾ ਵੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਉਦਯੋਗਾਂ ਲਈ ਸੜਕਾਂ, ਸੀਵਰੇਜ, ਪਾਣੀ ਅਤੇ ਹੋਰ ਜ਼ਰੂਰੀ ਸਹੂਲਤਾਂ ਬਿਹਤਰ ਹੋਣਗੀਆਂ ਤਾਂ ਉਦਯੋਗਿਕ ਖੇਤਰ ਦਾ ਵਿਕਾਸ ਵੀ ਤੇਜ਼ ਹੋਵੇਗਾ ਅਤੇ ਇਸ ਨਾਲ ਸਥਾਨਕ ਪੱਧਰ ’ਤੇ ਰੁਜ਼ਗਾਰ ਅਤੇ ਆਰਥਿਕ ਗਤੀਵਿਧੀਆਂ ਨੂੰ ਹੁਲਾਰਾ ਮਿਲੇਗਾ।

ਉਨ੍ਹਾਂ ਕਿਹਾ, ਗ੍ਰੋਥ ਸੈਂਟਰ ਵਿੱਚ ਕਰੀਬ 46 ਸਾਲਾਂ ਤੋਂ ਚੱਲ ਰਹੀ ਪੁਰਾਣੀ ਪਾਈਪਲਾਈਨ ਦੀ ਸਮੱਸਿਆ ਨੂੰ ਦੂਰ ਕਰਨ ਵੱਲ ਅੱਜ ਮਹੱਤਵਪੂਰਨ ਕਦਮ ਚੁੱਕਿਆ ਗਿਆ ਹੈ। ਨਵੀਂ ਪਾਈਪਲਾਈਨ ਨਾਲ ਨਾ ਸਿਰਫ਼ ਪੁਰਾਣਾ ਅਤੇ ਜਰਜਰ ਪ੍ਰਬੰਧ ਬਦਲੇਗਾ, ਸਗੋਂ ਜਿਨ੍ਹਾਂ ਖੇਤਰਾਂ ਵਿੱਚ ਵਾਟਰ ਸਪਲਾਈ ਨਹੀਂ ਪਹੁੰਚ ਰਹੀ ਸੀ, ਉੱਥੇ ਵੀ ਇਹ ਸਹੂਲਤ ਮੁਹੱਈਆ ਕਰਵਾਈ ਜਾਵੇਗੀ। ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਪੰਜਾਬ ਵਾਸੀਆਂ ਦਾ ਜੀਵਨ ਖੁਸ਼ਹਾਲ ਬਣਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਬਠਿੰਡਾ ਨੂੰ ਆਧੁਨਿਕ ਅਤੇ ਸਹੂਲਤਾਂ ਨਾਲ ਲੈਸ ਸ਼ਹਿਰ ਬਣਾਉਣ ਦੀ ਦਿਸ਼ਾ ਵਿੱਚ ਵੱਖ-ਵੱਖ ਵਿਕਾਸ ਯੋਜਨਾਵਾਂ ਨੂੰ ਲਗਾਤਾਰ ਲਾਗੂ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ, ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਬਠਿੰਡਾ ਦੇ ਵਿਕਾਸ ਲਈ ਲਗਾਤਾਰ ਫੰਡ ਜਾਰੀ ਕੀਤੇ ਜਾ ਰਹੇ ਹਨ। ਇਸੇ ਕੜੀ ਤਹਿਤ ਇੰਡਸਟਰਿਅਲ ਗ੍ਰੋਥ ਸੈਂਟਰ ਦੀ ਵਾਟਰ ਸਪਲਾਈ ਪਾਈਪਲਾਈਨ ਪ੍ਰੋਜੈਕਟ ਲਈ ਪੰਜਾਬ ਸਰਕਾਰ ਵੱਲੋਂ 2.10 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਬਠਿੰਡਾ ਸ਼ਹਿਰ ਅਤੇ ਇਸ ਦੇ ਉਦਯੋਗਿਕ ਖੇਤਰਾਂ ਵਿੱਚ ਲੋਕਾਂ ਅਤੇ ਉਦਯੋਗਪਤੀਆਂ ਦੀਆਂ ਜ਼ਰੂਰਤਾਂ ਅਨੁਸਾਰ ਵਿਕਾਸ ਕਾਰਜਾਂ ਨੂੰ ਤਰਜੀਹ ਦੇ ਆਧਾਰ ’ਤੇ ਅੱਗੇ ਵਧਾਇਆ ਜਾਵੇਗਾ। ਇਸ ਮੌਕੇ ਉਦਯੋਗਪਤੀਆਂ ਨੇ ਨਵੀਂ ਵਾਟਰ ਸਪਲਾਈ ਪਾਈਪਲਾਈਨ ਦਾ ਪ੍ਰੋਜੈਕਟ ਸ਼ੁਰੂ ਕੀਤੇ ਜਾਣ ’ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਸ ਨਾਲ ਗ੍ਰੋਥ ਸੈਂਟਰ ਵਿੱਚ ਜਲ ਸਪਲਾਈ ਪ੍ਰਬੰਧ ਮਜ਼ਬੂਤ ਹੋਵੇਗਾ ਅਤੇ ਲੰਬੇ ਸਮੇਂ ਤੋਂ ਚੱਲ ਰਹੀ ਸਮੱਸਿਆ ਦਾ ਹੱਲ ਹੋਵੇਗਾ।

# ਜਿਲ੍ਹਾ ਹਸਪਤਾਲ ਮਾਲੇਰਕੋਟਲਾ ਵਿਖ਼ੇ ਟੀ ਬੀ ਦੇ ਲੋੜਵੰਦ ਮਰੀਜਾਂ ਨੂੰ ਖੁਰਾਕ ਕਿੱਟਾਂ ਦਿੱਤੀਆਂ



**ਮਲੇਰਕੋਟਲਾ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਹਸਪਤਾਲ ਮਾਲੇਰਕੋਟਲਾ ਵਿਖ਼ੇ ਸਿਵਲ ਸਰਜਨ ਮਾਲੇਰਕੋਟਲਾ ਡਾ. ਪ੍ਰਦੀਪ ਕੁਮਾਰ ਦੀ ਅਗਵਾਈ ਹੇਠ ਸੀਨੀਅਰ ਮੈਡੀਕਲ ਅਫ਼ਸਰ ਡਾ. ਸੁਖਵਿੰਦਰ ਸਿੰਘ ਵੱਲੋਂ ਸਮਾਜ ਸੇਵਾ ਤੌਰ ਤੇ ਟੀ. ਬੀ ਨਾਲ ਪੀੜਤ ਲੋੜਵੰਦ ਮਰੀਜਾਂ ਨੂੰ ਖੁਰਾਕ ਕਿੱਟਾਂ ਵੰਡੀਆਂ ਗਈਆਂ ਹਨ,ਇਸ ਮੌਕੇ ਗੱਲਬਾਤ ਕਰਦਿਆਂ ਐਸ ਐਮ ਓ ਡਾ.ਸੁਖਵਿੰਦਰ ਸਿੰਘ ਨੇ ਕਿਹਾ ਕਿ ਇਹ ਕਿੱਟਾਂ ਐਸ ਟੀ ਐਸ ਕੁਲਦੀਪ ਸਿੰਘ ਦੇ ਉੱਦਮ ਸਦਕਾ ਮਰੀਜਾਂ ਨੂੰ ਦਿੱਤੀਆਂ ਗਈਆਂ ਹਨ ਕਿਉਂਕਿ ਟੀ. ਬੀ ਦੇ ਮਰੀਜ ਨੂੰ ਚੰਗੀ ਖੁਰਾਕ ਦੀ ਲੋੜ ਹੁੰਦੀ ਹੈ ਇਸ ਲਈ ਉਹਨਾਂ ਦੀ ਮਦਦ ਲਈ ਕੁਲਦੀਪ ਸਿੰਘ ਦੇ ਉਪਰਾਲੇ ਸਦਕਾ ਸਿਹਤ ਕਰਮਚਾਰੀਆਂ ਵੱਲੋਂ ਇਹ ਸੇਵਾ ਕੀਤੀ ਗਈ ਹੈ , ਉਹਨਾਂ ਕਿਹਾ ਕੇ ਹੋਰ ਵੀ ਸਮਾਜ ਸੇਵੀ ਇਸ ਸੇਵਾ ਲਈ ਅੱਗੇ ਆਉਣ,ਇਸ ਮੌਕੇ ਗੱਲਬਾਤ ਕਰਦਿਆਂ ਉਹਨਾਂ ਨੇ ਅੱਗੇ ਦੱਸਿਆ ਕਿ ਕੋਈ ਵੀ ਦਾਨੀ ਸੱਜਣ ਟੀ ਬੀ ਮਰੀਜਾਂ ਲਈਂ ਇਹ ਸੇਵਾ ਮਾਨਵਤਾ ਦੀ ਭਲਾਈ ਦੇ ਤੌਰ ਕਰ ਸਕਦਾ ਜਿਸਨੂੰ ਹੈ ਨਿਕਸ਼ੇ ਮਿੱਤਰਾ ਤਹਿਤ ਰਜਿਸਟਰਡ ਕਰਕੇ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ।

,ਇਸ ਮੌਕੇ ਡਾਂ ਜ਼ੀਨਤ ਮਹਿੰਦਰੂ,ਡਾਂ ਗੁਰਮੀਤ ਸੈਣੀ,ਗੁਰਪ੍ਰੀਤ ਵਾਲੀਆ,ਕੁਲਦੀਪ ਸਿੰਘ ਐਸ. ਟੀ. ਐਸ,ਜਗਦੇਵ ਸਿੰਘ ਟੀ.ਬੀ ਯੂਨਿਟ, ਵੀ ਹਾਜ਼ਰ ਸਨ।

# ਰਾਜਪਾਲ ਕਟਾਰੀਆ ਨੇ ਆਫ਼ਤ ਨਾਲ ਸਬੰਧਿਤ ਜਾਨੀ ਨੁਕਸਾਨ ਨੂੰ ਘਟਾਉਣ ਲਈ ਮਜ਼ਬੂਤ ਤਿਆਰੀ, ਤਾਲਮੇਲ ਅਤੇ ਜਨ ਭਾਗੀਦਾਰੀ ’ਤੇ ਜ਼ੋਰ ਦਿੱਤਾ

**ਚੰਡੀਗੜ੍ਹ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮਾਣਯੋਗ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਆਫ਼ਤਾਂ ਦੌਰਾਨ ਜਾਨ-ਮਾਲ ਦੀ ਹਾਨੀ ਨੂੰ ਘੱਟ ਕਰਨ ਲਈ ਆਪਦਾ ਨਾਲ ਨਜਿੱਠਣ ਦੀ ਬਿਹਤਰ ਤਿਆਰੀ, ਵਿਭਿੰਨ ਏਜੰਸੀਆਂ ਦੇ ਦਰਮਿਆਨ ਬਿਹਤਰ ਤਾਲਮੇਲ ਅਤੇ ਜਨ ਭਾਗੀਦਾਰੀ ਵਧਾਉਣ ’ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਇੰਡੋ-ਤਿੱਬਤਨ ਬਾਰਡਰ ਪੁਲਿਸ (ਆਈਟੀਬੀਪੀ), ਐੱਨਆਈਟੀਐੱਸਆਰਡੀਆਰ ਅਤੇ ਰਾਸ਼ਟਰੀ ਆਪਦਾ ਪ੍ਰਬੰਧਨ ਅਥਾਰਿਟੀ (ਐੱਨਡੀਐੱਮਏ) ਦੁਆਰਾ ਆਯੋਜਿਤ ਦੋ ਦਿਨਾਂ ਦੇ ÷ਆਪਦਾ ਪ੍ਰਬੰਧਨ ’ਤੇ ਏਕੀਕ੍ਰਿਤ ਸਿੰਪੋਜ਼ੀਅਮ÷ ਦੇ ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਜਿਹੇ ਵਿਚਾਰ-ਵਟਾਂਦਰਿਆਂ ਤੋਂ ਪ੍ਰਾਪਤ ਅਨੁਭਵਾਂ ਅਤੇ ਨਤੀਜਿਆਂ ਦਾ ਉਪਯੋਗ ਬਿਹਤਰ ਆਪਦਾ ਪ੍ਰਬੰਧਨ ਰਣਨੀਤੀ ਤਿਆਰ ਕਰਨ ਅਤੇ ਉਨ੍ਹਾਂ ਨੂੰ ਪ੍ਰਭਾਵੀ ਤੌਰ ’ਤੇ ਲਾਗੂ ਕਰਨ ਵਿੱਚ ਕੀਤਾ ਜਾਣਾ ਚਾਹੀਦਾ ਹੈ।

ਆਫ਼ਤਾਂ ਦੇ ਬਦਲਦੇ ਅਤੇ ਵਧਦੇ ਸਰੂਪ ਦਾ ਉਲੇਖ ਕਰਦੇ ਹੋਏ ਸ਼੍ਰੀ ਕਟਾਰੀਆ ਨੇ ਕਿਹਾ ਕਿ ਪ੍ਰਭਾਵੀ ਆਪਦਾ ਪ੍ਰਬੰਧਨ ਲਈ ਪਹਿਲਾਂ ਤੋਂ ਤਿਆਰੀ, ਜੋਖਮ ਦਾ ਮੁੱਲਾਂਕਣ, ਜੋਖਮ ਘੱਟ ਕਰਨ ਦੇ ਉਪਾਅ, ਤਾਲਮੇਲ ਵਾਲੀ ਪ੍ਰਤੀਕਿਰਿਆ ਅਤੇ ਸਰਗਰਮ ਜਨਭਾਗੀਦਾਰੀ ਜ਼ਰੂਰੀ ਹੈ। ਉਨ੍ਹਾਂ ਨੇ ਵਿਸ਼ੇਸ਼ ਕਰਕੇ ਸੰਵੇਦਨਸ਼ੀਲ ਹਿਮਾਲੀਅਨ ਅਤੇ ਅਧਿਕ ਉਚਾਈ ਵਾਲੇ ਖੇਤਰਾਂ ਵਿੱਚ ਇਨ੍ਹਾਂ ਪ੍ਰਯਾਸਾਂ ਨੂੰ ਮਜ਼ਬੂਤ ਕਲਨ ’ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਆਈਟੀਬੀਪੀ, ਐੱਨਆਈਟੀਐੱਸਆਰਡੀਆਰ, ਐੱਨਡੀਐੱਮਏ ਅਤੇ ਹੋਰ ਏਜੰਸੀਆਂ ਦੇ ਸਮੂਹਿਕ ਪ੍ਰਯਾਸਾਂ ਨਾਲ ਲੋਕਾਂ ਦੀ ਜਾਨ ਬਚਾਉਣ ਅਤੇ ਆਫ਼ਤ ਨਾਲ ਨਜਿੱਠਣ ਦੀ ਸਮਰੱਥਾ ਨੂੰ ਹੋਰ ਮਜ਼ਬੂਤ ਕਰਨ ਲਈ ਪ੍ਰਭਾਵੀ ਵਿਵਸਥਾ ਵਿਕਸਿਤ ਕੀਤੀ ਜਾਣੀ ਚਾਹੀਦੀ ਹੈ।

ਇਸ ਸਿੰਪੋਜ਼ੀਅਮ ਦਾ ਉਦੇਸ਼ ਹਿਮਾਲੀਅਨ ਖੇਤਰਾਂ ਵਿੱਚ ਆਪਦਾ ਪ੍ਰਬੰਧਨ ਦੀਆਂ ਚੁਣੌਤੀਆਂ, ਆਪਦਾ ਨਾਲ ਨਜਿੱਠਣ ਦੀ ਤਿਆਰੀ, ਸ਼ੁਰੂਆਤੀ ਚੇਤਾਵਨੀ ਅਤੇ ਪੂਰਵ-ਅਨੁਮਾਨ ਪ੍ਰਣਾਲੀ, ਨਵੀਂ ਤਕਨੀਕ, ਵਿਗਿਆਨਿਕ ਸਹਿਯੋਗ ਅਤੇ ਪ੍ਰਭਾਵੀ ਪ੍ਰਤੀਕਿਰਿਆ ਤੰਤਰ ’ਤੇ ਵਿਆਪਕ ਚਰਚਾ ਕਰਨਾ ਹੈ। ਇਹ ਸਿੰਪੋਜ਼ੀਅਮ ਕੇਂਦਰ ਅਤੇ ਰਾਜ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ ਵਿਭਿੰਨ ਏਜੰਸੀਆਂ ਅਤੇ ਮਾਹਰ ਸੰਸਥਾਵਾਂ ਨੂੰ ਆਪਣੇ ਅਨੁਭਵ ਸਾਂਝੇ ਕਰਨ ਆਪਦਾ ਦੇ ਸਮੇਂ ਬਿਹਤਰ ਤਾਲਮੇਲ ਵਿਕਸਿਤ ਕਰਨ ਦਾ ਮੰਚ ਵੀ ਪ੍ਰਦਾਨ ਕਰਦਾ ਹੈ।

ਇਸ ਅਵਸਰ ’ਤੇ ਐੱਨਡੀਐੱਮਏ ਦੇ ਮੈਂਬਰ ਅਤੇ ਐੱਚਓਡੀ ਸ਼੍ਰੀ ਕ੍ਰਿਸ਼ਨ ਐੱਸ. ਵਤਸ ਵਿਸ਼ਿਸ਼ਟ ਮਹਿਮਾਨ ਦੇ ਰੂਪ ਵਿੱਚ ਉਪਸਥਿਤ ਰਹੇ। ਇਸ ਪ੍ਰੋਗਰਾਮ ਦਾ ਆਯੋਜਨ ਆਈਟੀਬੀਪੀ ਪੱਛਮੀ ਕਮਾਂਡ ਦੇ ਆਈਜੀ ਸ਼੍ਰੀ ਰਾਜੇਸ਼ ਕੁਮਾਰ, ਆਈਪੀਐੱਸ, ਦੀ ਅਗਵਾਈ ਵਿੱਚ ਕੀਤਾ ਗਿਆ। ਐੱਨਆਈਟੀ ਐੱਸ ਆਰਡੀਆਰ ਦੇ ਡੀਆਈਜੀ ਸ਼੍ਰੀ




ਯੁੱਧਵੀਰ ਸਿੰਘ ਰਾਣਾ ਨੇ ਮਹਿਮਾਨਾਂ ਦਾ ਸੁਆਗਤ ਕੀਤਾ।

ਸਿੰਪੋਜ਼ੀਅਮ ਦੇ ਪਹਿਲੇ ਦਿਨ ਰਾਸ਼ਟਰੀ ਆਪਦਾ ਜੋਖਮ ਪ੍ਰੋਫਾਇਲ, ਆਪਦਾ ਪ੍ਰਬੰਧਨ ਨੀਤੀ ਅਤੇ ਆਪਦਾ ਜੋਖਮ ਨਿਊਨੀਕਰਣ (ਡੀਆਰਆਰ) ’ਤੇ ਚਰਚਾ ਹੋਈ।
ਮਾਹਰਾਂ ਨੇ ਦੱਸਿਆ ਕਿ ਭਾਰਤ ਵਿੱਚ ਆਪਦਾ ਪ੍ਰਬੰਧਨ ਦਾ ਦ੍ਰਿਸ਼ਟੀਕੋਣ ਕੇਵਲ ਰਾਹਤ ਅਤੇ ਪ੍ਰਤੀਕਿਰਿਆ ਤੱਕ ਸੀਮਿਤ ਨਾ ਰਹਿ ਕੇ ਹੁਣ ਪਹਿਲਾਂ ਤੋਂ ਤਿਆਰੀ, ਜੋਖਮ ਦੇ ਮੁੱਲਾਂਕਣ ਅਤੇ ਜੋਖਮ ਨੂੰ ਘੱਟ ਕਰਨ ’ਤੇ ਅਧਿਕ ਕੇਂਦ੍ਰਿਤ ਹੋ ਰਿਹਾ ਹੈ।

ਸੰਗੋਸ਼ਠੀ ਵਿੱਚ ਆਪਦਾ ਜੋਖਮ ਘਟਾਉਣ ਲਈ ਸੇਂਡਾਈ ਫ੍ਰੇਮਵਰਕ ਦੇ ਤਹਿਤ ਚਾਰ ਪ੍ਰਾਥਮਿਕਤਾ ਵਾਲੇ ਖੇਤਰਾਂ ਅਤੇ ਡੀਆਰਆਰ ਨੂੰ ਟਿਕਾਊ ਵਿਕਾਸ ਲਕਸ਼ਾਂ (ਐੱਸਡੀਜੀਜ਼) ਨਾਲ ਜੋੜਨ ’ਤੇ ਵੀ ਚਰਚਾ ਕੀਤੀ ਗਈ।

ਭਾਰਤ ਵਿੱਚ ਆਪਦਾ ਪ੍ਰਬੰਧਨ ਦੀ ਸੰਸਥਾਗਤ ਵਿਵਸਥਾ ’ਤੇ ਜਾਣਕਾਰੀ ਦਿੰਦੇ ਹੋਏ ਐੱਨਡੀਐੱਮਏ, ਐੱਨਡੀਆਰਐੱਫ, ਕੇਂਦਰੀ ਹਥਿਆਰਬੰਦ ਪੁਲਿਸ ਬਲਾਂ, ਗ੍ਰਹਿ ਮੰਤਰਾਲੇ, ਰਾਜ ਆਪਦਾ ਪ੍ਰਬੰਧਨ ਅਥਾਰਿਟੀਆਂ (ਐੱਸਡੀਐੱਮਏ) ਅਤੇ ਹੋਰ ਏਜੰਸੀਆਂ ਦੇ ਦਰਮਿਆਨ ਪ੍ਰਭਾਵੀ ਤਾਲਮੇਲ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ ਗਿਆ।

ਆਪਦਾ ਦੇ ਸਮੇਂ ਤਾਲਮੇਲ ਵਾਲੀ ਕਾਰਵਾਈ ਵਿੱਚ ਰਾਸ਼ਟਰੀ ਆਪਦਾ ਪ੍ਰਤੀਕਿਰਿਆ ਬਲ (ਐੱਨਡੀਆਰਐੱਫ) ਦੀ ਭੂਮਿਕਾ ਅਤੇ ਕੇਂਦਰ ਅਤੇ ਰਾਜ ਦੀਆਂ ਏਜੰਸੀਆਂ ਦੇ ਦਰਮਿਆਨ ਬਿਹਤਰ ਤਾਲਮੇਲ ਦੀ ਜ਼ਰੂਰਤ ’ਤੇ ਵੀ ਚਰਚਾ ਹੋਈ।

ਮਾਹਰਾਂ ਨੇ ਐਮਰਜੈਂਸੀ ਰਿਸਪਾਂਸ ਲਈ ਏਕੀਕ੍ਰਿਤ ਕੰਟਰੋਲ ਰੂਮ (ਆਈਸੀਆਰ-ਈਆਰ) ਦੀ ਕਾਰਜਪ੍ਰਣਾਲੀ ਬਾਰੇ ਵੀ ਦੱਸਿਆ। ਇਸ ਦਾ ਉਦੇਸ਼ ਅਸਲ ਸਮੇਂ ਵਿੱਚ ਚੇਤਾਵਨੀ ਪ੍ਰਾਪਤ ਕਰਨਾ, ਰਾਹਤ ਅਤੇ ਬਚਾਅ ਕਾਰਜਾਂ ਦੀ ਨਿਗਰਾਨੀ ਕਰਨਾ ਅਤੇ ਘਟਨਾਵਾਂ ਦੀ ਰਿਪੋਰਟਿੰਗ ਨੂੰ ਪ੍ਰਭਾਵੀ ਬਣਾਉਣਾ ਹੈ। ਐੱਨਡੀਈਐੱਮ 5.0 ਪੋਰਟਲ ਦੇ ਜ਼ਰੀਏ ਆਪਦਾ ਦੀ ਵਰਤਮਾਨ ਸਥਿਤੀ, ਸ਼ੁਰੂਆਤੀ ਚੇਤਾਵਨੀ ਅਤੇ ਪੁਰਾਣੇ ਅੰਕੜਿਆਂ ਦੇ ਉਪਯੋਗ ਬਾਰੇ ਵੀ ਜਾਣਕਾਰੀ ਦਿੱਤੀ ਗਈ।

ਸਿੰਪੋਜ਼ੀਅਮ ਨੇ ਆਪਦਾ ਦੇ ਦੌਰਾਨ ਤੇਜ਼ੀ ਨਾਲ ਅਤੇ ਇੱਕ ਸਮਾਨ ਤਰੀਕੇ ਨਾਲ ਸੂਚਨਾ ਪਹੁੰਚਾਉਣ ਲਈ ਸਟੈਂਡਰਡ ਅਪ੍ਰੇਟਿੰਗ ਪ੍ਰਕਿਰਿਆਵਾਂ (ਐੱਸਓਪੀਜ਼), ਘਟਨਾ ਪ੍ਰਤੀਕਿਰਿਆ ਪ੍ਰਣਾਲੀ ਅਤੇ ਕੌਮਨ ਅਲਰਟਿੰਗ ਪ੍ਰੋਟੋਕੋਲ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ ਗਿਆ। ਖੇਤਰੀ ਅਤੇ ਸਥਾਨਕ ਭਾਸ਼ਾਵਾਂ ਵਿੱਚ ਭੂ-ਟਾਰਗੇਟਡ ਅਲਰਟ ਭੇਜਣ ਲਈ ਤਕਨੀਕ ਦੇ ਉਪਯੋਗ ਨੂੰ ਪ੍ਰਭਾਵੀ ਚੇਤਾਵਨੀ ਪ੍ਰਣਾਲੀ ਦਾ ਮਹੱਤਵਪੂਰਨ ਹਿੱਸਾ ਦੱਸਿਆ ਗਿਆ।

ਮਾਹਰਾਂ ਨੇ ‘ਆਪਦਾ ਮਿੱਤਰ’ ਯੋਜਨਾ ਦੇ ਵਿਸਤਾਰ ਅਤੇ ਸਮੁਦਾਇ ਪੱਧਰ ’ਤੇ ਆਪਦਾ ਨਾਲ ਨਜਿੱਠਣ ਦੀ ਤਿਆਰੀ ਨੂੰ ਮਜ਼ਬੂਤ ਕਰਨ ’ਤੇ ਵੀ ਜ਼ੋਰ ਦਿੱਤਾ। ਆਪਦਾ ਪ੍ਰਤੀਕਿਰਿਆ ਸਮਰੱਥਾ ਵਧਾਉਣ ਲਈ ਮੌਕ ਐਕਸਰਸਾਇਜ਼, ਮੈਗਾ ਮੌਕ ਐਕਸਰਸਾਇਜ਼ ਅਤੇ ਅੰਤਰ-ਰਾਜੀ ਅਤੇ ਅੰਤਰਰਾਸ਼ਟਰੀ ਸੰਯੁਕਤ ਅਭਿਆਸਾਂ ਦੀ ਭੂਮਿਕਾ ’ਤੇ ਵੀ ਚਰਚਾ ਕੀਤੀ ਗਈ।

ਸੈਸ਼ਨਾਂ ਵਿੱਚ ਬਹੁਤ ਜ਼ਿਆਦਾ ਭਾਰੀ ਵਰਖਾ, ਕੈਸਕੇਡਿੰਗ ਖ਼ਤਰੇ, ਹਾਈਵੇਅ ’ਤੇ ਹਾਦਸੇ ਅਤੇ ਗਲੇਸ਼ੀਅਲ ਲੇਕ ਆਊਟਬਰਸਟ ਫਲੱਡ (ਜੀਐੱਲਐੱਫਓਜ਼) ਜਿਹੀਆਂ ਉੱਭਰਦੀਆਂ ਚੁਣੌਤੀਆਂ ’ਤੇ ਵੀ ਚਰਚਾ ਹੋਈ। ਸਿੱਕਿਮ ਅਤੇ ਰਿਸ਼ੀਗੰਗਾ ਪਾਵਰ ਪ੍ਰੋਜੈਕਟ ਨਾਲ ਜੁੜੀਆਂ ਘਟਨਾਵਾਂ ਤੋਂ ਮਿਲੇ ਅਨੁਭਵਾਂ ਨਾਲ ਭਵਿੱਖ ਦੀ ਤਿਆਰੀ ਅਤੇ ਪ੍ਰਤੀਕਿਰਿਆ ਲਈ ਸਬਕ ਲੈਣ ’ਤੇ ਵੀ ਵਿਚਾਰ ਕੀਤਾ ਗਿਆ।
ਆਪਦਾ ਪ੍ਰਬੰਧਨ ਵਿੱਚ ਵਿਭਿੰਨ ਪੱਧਰਾਂ ’ਤੇ ਅਲੱਗ-ਅਲੱਗ ਤਰੀਕਿਆਂ ਨਾਲ ਕੰਮ ਕਰਨ, ਸੀਮਾ-ਪਾਰ ਪ੍ਰਭਾਵਾਂ ਅਤੇ ਮਿਆਰੀ
ਆਪਦਾ ਪ੍ਰਬੰਧਨ ਵਿਵਸਥਾ ਦੀ ਕਮੀ ਜਿਹੀਆਂ ਚੁਣੌਤੀਆਂ ਨੂੰ ਵੀ ਰੇਖਾਂਕਿਤ ਕੀਤਾ ਗਿਆ। ਵਿਭਿੰਨ ਵਿਭਾਗਾਂ ਅਤੇ ਏਜੰਸੀਆਂ ਦੇ ਦਰਮਿਆਨ ਬਿਹਤਰ ਤਾਲਮੇਲ ਲਈ ‘ਹੋਲ-ਆਵ-ਗਵਰਨਮੈਂਟ ਅਪ੍ਰੋਚ’ ਅਪਣਾਉਣ ’ਤੇ ਜ਼ੋਰ ਦਿੱਤਾ ਗਿਆ।

ਸਿੰਪੋਜ਼ੀਅਮ ਵਿੱਚ ਆਈਐੱਮਡੀ, ਸੀਡਬਲਿਊਸੀ, ਡੀਆਰਡੀਓ/ਡੀਜੀਆਰਈ, ਐੱਨਸੀਐੱਸ, ਆਈਆਈਟੀ ਰੋਪੜ, ਡਬਲਿਊਆਈਐੱਚਜੀ, ਡੀਜੀਡੀਈ, ਬੀਬੀਐੱਮਬੀ ਅਤੇ ਆਈਟੀਬੀਪੀ, ਸਮੇਤ ਹੋਰ ਸੰਸਥਾਵਾਂ ਦੇ ਪ੍ਰਤੀਨਿਧੀਆਂ ਅਤੇ ਮਾਹਰਾਂ ਨੇ ਹਿੱਸਾ ਲਿਆ।

ਦੋ ਦਿਨਾਂ ਦੇ ਸਿੰਪੋਜ਼ੀਅਮ ਦੇ ਬਾਕੀ ਸੈਸ਼ਨ ਆਪਦਾ ਪ੍ਰਬੰਧਨ ਦੇ ਹੋਰ ਮਹੱਤਵਪੂਰਨ ਪਹਿਲੂਆਂ ਨੂੰ ਕਵਰ ਕਰਨਗੇ, ਜਿਸ ਵਿੱਚ ਮਾਹਰ ਅਤੇ ਪ੍ਰਤੀਭਾਗੀ ਏਜੰਸੀਆਂ ਹਿਮਾਲੀਅਨ ਖੇਤਰ ਵਿੱਚ ਆਪਦਾ ਪ੍ਰਬੰਧਨ ਨੂੰ ਵਧੇਰੇ ਪ੍ਰਭਾਵੀ, ਤਾਲਮੇਲ ਅਤੇ ਲਚਕੀਲਾ ਬਣਾਉਣ ਦੇ ਉਦੇਸ਼ ਨਾਲ ਆਪਣੇ ਗਿਆਨ, ਤਜ਼ਰਬੇ ਅਤੇ ਬਿਹਤਰੀਨ ਪਿਰਤਾਂ ਨੂੰ ਸਾਂਝਾ ਕਰਨਗੇ।

ਉਦਘਾਟਨੀ ਪ੍ਰੋਗਰਾਮ ਦੇ ਅੰਤ ਵਿੱਚ, ਸ਼੍ਰੀ ਮੋਹਿਤ ਚਾਵਲਾ, ਆਈਪੀਐੱਸ, ਡੀਆਈਜੀ, ਪੱਛਮੀ ਕਮਾਂਡ, ਆਈਟੀਬੀਪੀ ਨੇ ਸਿੰਪੋਜ਼ੀਅਮ ਦੇ ਸਫ਼ਲ ਆਯੋਜਨ ਵਿੱਚ ਯੋਗਦਾਨ ਦੇਣ ਲਈ ਰਾਜਪਾਲ, ਵਿਸ਼ਿਸ਼ਟ ਮਹਿਮਾਨ, ਮਾਹਰਾਂ, ਸੰਸਥਾਵਾਂ ਅਤੇ ਸਾਰੀਆਂ ਸਹਿਯੋਗੀ ਏਜੰਸੀਆਂ ਦਾ ਆਭਾਰ ਵਿਅਕਤ ਕੀਤਾ।

# ਸੀਨੀਅਰ ਕਾਂਗਰਸੀ ਆਗੂ ਸਚਿਨ ਪਾਇਲਟ ਨੂੰ ਪੰਜਾਬ ਇੰਚਾਰਜ ਲੱਗਣ ਤੇ ਆਗੂਆਂ ਵਿੱਚ ਖੁਸ਼ੀ ਦੀ ਲਹਿਰ

**ਮਾਛੀਵਾੜਾ ਸਾਹਿਬ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਬਲਾਕ ਕਾਂਗਰਸ ਮਾਛੀਵਾੜਾ ਸਾਹਿਬ ਦੇ ਸ਼ਹਿਰੀ ਪ੍ਰਧਾਨ ਕਪਿਲ ਅਨੰਦ ,ਸਮਾਜ ਸੇਵੀ ਅਤੇ ਬਲਾਕ ਸੋਸ਼ਲ ਮੀਡੀਆ ਇੰਚਾਰਜ ਸੁਖਦੀਪ ਸਿੰਘ ਸੋਨੀ ਸਰਪੰਚ (ਐੱਸ.ਐੱਸ.ਪ੍ਰਾਪਰਟੀ ਹੱਬ ਵਾਲੇ) ,ਕੌਂਸਲਰ ਸੁਰਿੰਦਰ ਸਿੰਦੀ, ਸਰਪੰਚ ਜਗਦੇਵ ਸਿੰਘ ਜੱਗੂ ਨੇ ਗੱਲਬਾਤ ਕਰਦਿਆਂ ਹੋਇਆਂ ਕਿਹਾ ਕਿ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਰਨਲ ਸਕੱਤਰ ਤੇ ਇੰਚਾਰਜ ਪੰਜਾਬ ਸਾਬਕਾ ਉਪ ਮੁੱਖ ਮੰਤਰੀ ਰਾਜਸਥਾਨ ਸਚਿਨ ਪਾਇਲਟ ਇਕ ਨੌਜਵਾਨ, ਤਜਰਬੇਕਾਰ ਤੇ ਪ੍ਰਭਾਵਸ਼ਾਲੀ ਸਿਆਸੀ ਆਗੂ ਹਨ ਉਨ੍ਹਾਂ ਦੇ ਸੰਗਠਨਾਤਮਕ ਤਜਰਬੇ ਅਤੇ ਕੰਮ ਕਰਨ ਦੇ ਢੰਗ ਨਾਲ ਪੰਜਾਬ ਕਾਂਗਰਸ ਨੂੰ ਹੋਰ ਬਿਹਤਰ ਅਤੇ ਮਜ਼ਬੂਤ ਢੰਗ ਨਾਲ ਸੰਗਠਿਤ ਕਰਨ ਵਿਚ ਮਦਦ ਮਿਲੇਗੀ। ਉਹਨਾਂ ਨੇ ਨਵ ਨਿਯੁਕਤ ਇੰਚਾਰਜ ਸਚਿਨ ਪਾਇਲਟ ਨੂੰ ਨਵੀਂ ਜ਼ਿੰਮੇਵਾਰੀ ਲਈ ਵਧਾਈ ਦਿੰਦਿਆਂ ਕਿਹਾ ਕਿ ਉਨਾਂ ਪੰਜਾਬ ਚ ਕਾਂਗਰਸ ਪਾਰਟੀ ਦਾ ਮਜ਼ਬੂਤ ਆਧਾਰ ਹੈ ਤੇ ਹੁਣ ਲੋੜ ਹੈ ਕਿ ਪਾਰਟੀ ਦੇ ਹਰ ਆਗੂ ਅਤੇ ਵਰਕਰ ਨੂੰ ਇੱਕਜੁੱਟ ਕਰਕੇ ਇਸ ਤਾਕਤ ਨੂੰ ਹੋਰ ਵਧਾਇਆ ਜਾਵੇ। ਉਨ੍ਹਾਂ ਕਿਹਾ ਕਿ ਸਚਿਨ ਪਾਇਲਟ ਦੀ ਅਗਵਾਈ ਅਤੇ ਮਾਰਗਦਰਸ਼ਨ ਹੇਠ ਪੰਜਾਬ ਕਾਂਗਰਸ ਪਿੰਡ ਪੱਧਰ ਤੋਂ ਲੈ ਕੇ ਸ਼ਹਿਰੀ ਖੇਤਰਾਂ ਤੱਕ ਆਪਣੇ ਸੰਗਠਨ ਨੂੰ ਹੋਰ ਮਜ਼ਬੂਤ ਕਰੇਗੀ। ਉਹਨਾਂ ਵਿਸ਼ਵਾਸ ਪ੍ਰਗਟਾਇਆ ਕਿ ਸਚਿਨ ਪਾਇਲਟ ਦੀ ਨਿਯੁਕਤੀ ਨਾਲ ਪੰਜਾਬ ਕਾਂਗਰਸ ਵਿਚ ਨਵਾਂ ਜੋਸ਼ ਅਤੇ ਉਤਸ਼ਾਹ ਪੈਦਾ ਹੋਵੇਗਾ।

ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਕਾਂਗਰਸ ਇਕ ਮਜ਼ਬੂਤ ਟੀਮ ਵਜੋਂ ਕੰਮ ਕਰੇਗੀ ਅਤੇ ਲੋਕਾਂ ਦਾ ਭਰੋਸਾ ਜਿੱਤਣ ਲਈ ਪੂਰੀ ਤਨਦੇਹੀ ਨਾਲ ਮੈਦਾਨ ਵਿਚ ਉਤਰੇਗੀ।

ਉਹਨਾਂ ਕਿਹਾ ਕਿ ਪੰਜਾਬ ਕਾਂਗਰਸ ਦੇ ਨਵੇਂ ਇੰਚਾਰਜ ਵਜੋਂ ਸਚਿਨ ਪਾਇਲਟ ਦੀ ਨਿਯੁਕਤੀ ਪੰਜਾਬ ਕਾਂਗਰਸ ਪਾਰਟੀ ਦੇ ਹਰ ਆਗੂ ਅਤੇ ਵਰਕਰ ਨੂੰ ਇੱਕ ਨਵੇਂ ਜੋਸ਼ ਨਾਲ ਪਾਰਟੀ ਪ੍ਰਤੀ ਕੰਮ ਕਰਨ ਲਈ ਪ੍ਰੇਰਿਤ ਕਰੇਗੀ।

ਸੁਖਦੀਪ ਸਿੰਘ ਸੋਨੀ ਅਤੇ ਸਾਥੀਆਂ ਨੇ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਪਾਰਟੀ ਇੱਕ ਜੁੱਟ ਹੋ ਕੇ 2027 ਦੀਆਂ ਚੋਣਾਂ ਲੜੇਗੀ ਅਤੇ ਜਿੱਤ ਪ੍ਰਾਪਤ ਕਰੇਗੀ।

# ਐਨ.ਆਰ.ਆਈ. ਵੀਰਾਂ ਵੱਲੋਂ ਬਰਜਿੰਦਰ ਸਿੰਘ ਬੱਬਲੂ ਲੋਪੋਂ ਦਾ ਜੱਸੋਵਾਲ ਵਿੱਚ ਵਿਸ਼ੇਸ਼ ਸਨਮਾਨ



**ਮਾਛੀਵਾੜਾ ਸਾਹਿਬ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਕਾਲੀ ਦਲ ਵਾਰਿਸ ਪੰਜਾਬ ਜਥੇਬੰਦੀ ਦੇ ਹਲਕਾ ਸਮਰਾਲਾ ਤੋਂ ਸੇਵਾਦਾਰ ਬਰਜਿੰਦਰ ਸਿੰਘ ਬਬਲੂ ਲੋਪੋਂ ਦਾ ਅੱਜ ਪਿੰਡ ਜੱਸੋਵਾਲ ਪੁੱਜਣ ਤੇ ਭਰਵਾਂ ਸਵਾਗਤ ਕੀਤਾ ਗਿਆ।

ਅੱਜ ਪਿੰਡ ਜੱਸੋਵਾਲ ਵਿਖੇ ਰੱਖੇ ਇਕੱਠ ਵਿੱਚ ਐਨਆਰਆਈ ਅਮਨ ਸਪੇਨ, ਜੱਗਾ ਸਪੇਨ ਤੋਂ ਇਲਾਵਾ ਸੁਖਵਿੰਦਰ ਸਿੰਘ, ਗੋਲਡੀ, ਅਜਮੇਰ ਸਿੰਘ, ਸ਼ਮਸ਼ੇਰ ਸਿੰਘ ਤੇ ਹੋਰ ਸਾਥੀਆਂ ਵੱਲੋਂ ਬਰਜਿੰਦਰ ਸਿੰਘ ਬਬਲੂ ਲੋਪੋਂ ਦਾ ਸਿਰੋਪਾਉ ਪਾ ਕੇ ਸਨਮਾਨ ਕੀਤਾ ਅਤੇ ਵਾਰਿਸ ਪੰਜਾਬ ਜਥੇਬੰਦੀ ਦਾ ਡੱਟ ਕੇ ਸਮਰਥਨ ਕਰਨ ਦਾ ਐਲਾਨ ਕੀਤਾ। ਇਸ ਮੌਕੇ ਅਮਨ ਸਪੇਨ ਤੇ ਜੱਗਾ ਸਪੇਨ ਨੇ ਕਿਹਾ ਕਿ ਹੁਣ ਤੱਕ ਆਈਆਂ ਰਾਜਨੀਤਿਕ ਪਾਰਟੀਆਂ ਨੇ ਲੋਕਾਂ ਨੂੰ ਗੁੰਮਰਾਹ ਕਰਕੇ ਵੋਟਾਂ ਬਟੋਰੀਆਂ ਹਨ ਪਰ ਉਹ ਪੰਜਾਬ ਵਿੱਚੋਂ ਬੇਰੁਜ਼ਗਾਰੀ, ਨਸ਼ਾ, ਭ੍ਰਿਸ਼ਟਾਚਾਰ ਖਤਮ ਨਹੀਂ ਕਰ ਸਕੀਆਂ ਇਸ ਲਈ ਉਹ ਇਸ ਵਾਰ ਅਕਾਲੀ ਦਲ ਵਾਰਿਸ ਪੰਜਾਬ ਜਥੇਬੰਦੀ ਦੀ ਸਰਕਾਰ ਲਿਆਉਣਗੇ।

ਇਸ ਮੌਕੇ ਬਰਜਿੰਦਰ ਸਿੰਘ ਬਬਲੂ ਲੋਪੋਂ ਨੇ ਅਮਨ ਸਪੇਨ ਤੇ ਜੱਗਾ ਸਪੇਨ ਅਤੇ ਮੌਜੂਦ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਕਾਲੀ ਦਲ ਵਾਰਸ ਪੰਜਾਬ ਜਥੇਬੰਦੀ ਦਾ ਮੁੱਖ ਉਦੇਸ਼ ਹੀ ਸਮਾਜ ਵਿੱਚੋਂ ਨਸ਼ਾ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਤੇ ਹੋਰ ਬੁਰਾਈਆਂ ਨੂੰ ਖਤਮ ਕਰਕੇ ਮੁੜ ਤੋਂ ਪੰਜਾਬ ਨੂੰ ਸੋਨੇ ਦੀ ਚਿੜੀ ਬਣਾਉਣਾ ਹੈ। ਬਰਜਿੰਦਰ ਸਿੰਘ ਬਬਲੂ ਨੇ ਕਿਹਾ ਕਿ ਜਿਸ ਤਰ੍ਹਾਂ ਪੰਜਾਬ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਜਥੇਬੰਦੀ ਨੂੰ ਹੁੰਗਾਰਾ ਮਿਲ ਰਿਹਾ ਹੈ ਉਸ ਤੋਂ ਲੱਗਦਾ ਹੈ ਕਿ ਇਸ ਵਾਰ ਪੰਜਾਬ ਦੇ ਲੋਕ ਹੱਕ ਸੱਚ ਤੇ ਪਹਿਰਾ ਦੇਣ ਵਾਲੀ ਅਕਾਲੀ ਦਲ ਵਾਰਿਸ ਪੰਜਾਬ ਜਥੇਬੰਦੀ ਦੀ ਸਰਕਾਰ ਲਿਆਉਣਗੇ।

# ਨਸ਼ਿਆਂ ਵਿਰੁੱਧ ਪੰਜਾਬ ਦੀ ਪੁਕਾਰ ਬਣਿਆ ਸ਼ੈਗੀ ਬੌਸ ਦਾ ਗੀਤ; ਭਾਜਪਾ ਪੰਜਾਬ ਦੇ ਪ੍ਰਧਾਨ ਸਰਦਾਰ ਕੇਵਲ ਸਿੰਘ ਢਿੱਲੋਂ ਨੇ ਜਾਰੀ ਕੀਤਾ ਗੀਤ ਦਾ ਪੋਸਟਰ

**ਚੰਡੀਗੜ੍ਹ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਪੰਜਾਬੀ ਗੀਤਕਾਰ, ਗਾਇਕ ਤੇ ਫ਼ਿਲਮ ਮੇਕਰ ਸ਼ੈਗੀ ਬੌਸ ਵੱਲੋਂ ਤਿਆਰ ਕੀਤਾ ਗੀਤ ਮੈਂ ਪੰਜਾਬ ਬੋਲ ਰਿਹਾ ਭਾਜਪਾ ਦੀ ਨਸ਼ਾ ਮੁਕਤ ਪੰਜਾਬ ਯਾਤਰਾ ਨਾਲ ਜੁੜੀ ਇੱਕ ਪ੍ਰਭਾਵਸ਼ਾਲੀ ਸੱਭਿਆਚਾਰਕ ਆਵਾਜ਼ ਬਣ ਕੇ ਸਾਹਮਣੇ ਆਇਆ ਹੈ। ਅੱਜ ਚੰਡੀਗੜ੍ਹ ਵਿਖੇ ਭਾਜਪਾ ਪੰਜਾਬ ਦੇ ਪ੍ਰਧਾਨ ਸਰਦਾਰ ਕੇਵਲ ਸਿੰਘ ਢਿੱਲੋਂ ਨੇ ਇਸ ਦਾ ਪੋਸਟਰ ਜਾਰੀ ਕੀਤਾ।
ਇਸ ਮੌਕੇ ਸ਼ੈਗੀ ਬੌਸ ਤੋਂ ਇਲਾਵਾ ਹੋਬੀ ਧਾਲੀਵਾਲ, ਜਤਿੰਦਰ ਸਿੰਘ ਸਰਾਂ, ਇੰਦਰ ਸੇਖੜੀ, ਰਣਜੀਤ ਸਿੰਘ ਗਿੱਲਗੋ ਅਤੇ ਪ੍ਰੋ. ਸਰਚਾਂਦ ਸਿੰਘ ਖਿਆਲਾ ਵੀ ਮੌਜੂਦ ਸਨ।

ਸਰਦਾਰ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਮੈਂ ਪੰਜਾਬ ਬੋਲ ਰਿਹਾ ਸਿਰਫ਼ ਇੱਕ ਗੀਤ ਨਹੀਂ, ਸਗੋਂ ਨਸ਼ਿਆਂ ਦੀ ਮਾਰ ਝੱਲ ਰਹੇ ਪੰਜਾਬ ਦੇ ਦਰਦ ਅਤੇ ਆਪਣੀ ਜਵਾਨੀ ਨੂੰ ਬਚਾਉਣ ਦੀ ਪੁਕਾਰ ਹੈ। ਮੇਰੀ ਜਵਾਨੀ ਨੂੰ ਬਚਾ ਲਓ, ਮੈਂ ਪੰਜਾਬ ਬੋਲ ਰਿਹਾ ਗੀਤ ਦਾ ਕੇਂਦਰੀ ਸੁਨੇਹਾ ਹੈ, ਜੋ ਨਸ਼ਿਆਂ ਕਾਰਨ




ਪ੍ਰਭਾਵਿਤ ਪਰਿਵਾਰਾਂ ਅਤੇ ਪਿੰਡਾਂ ਦੇ ਦਰਦ ਨੂੰ ਭਾਵਨਾਤਮਕ ਢੰਗ ਨਾਲ ਪ੍ਰਗਟ ਕਰਦਾ ਹੈ।

ਉਨ੍ਹਾਂ ਕਿਹਾ ਕਿ ਮਾਵਾਂ ਹੱਥ ਆਟੇ ਰਹਿ ਗਏ , ਪਿੰਡਾਂ ਦੇ ਪਿੰਡ ਹੋ ਗਏ ਸੁੰਨੇ ਅਤੇ ਗੱਭਰੂ ਛੱਡ ਕੇ ਧੀਆਂ ਮਾਵਾਂ ਰੋਂਦੀਆਂ ਵਰਗੀਆਂ ਸਤਰਾਂ ਨਸ਼ਿਆਂ ਦੇ ਸਮਾਜਕ ਅਤੇ ਪਰਿਵਾਰਕ ਪ੍ਰਭਾਵ ਨੂੰ ਉਜਾਗਰ ਕਰਦੀਆਂ ਹਨ। ਗੀਤ ਵਿੱਚ ਮਹਾਰਾਜਾ ਰਣਜੀਤ ਸਿੰਘ, ਜਨਰਲ ਹਰੀ ਸਿੰਘ ਨਲੂਆ, ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸ਼ਹੀਦ ਭਗਤ ਸਿੰਘ ਦਾ ਜ਼ਿਕਰ ਕਰਕੇ ਪੰਜਾਬ ਦੀ ਇਤਿਹਾਸਕ ਵਿਰਾਸਤ ਅਤੇ ਅੱਜ ਦੀ ਜਵਾਨੀ ਵਿਚਕਾਰ ਸੰਵਾਦ ਸਥਾਪਿਤ ਕੀਤਾ ਗਿਆ ਹੈ।

ਸਰਦਾਰ ਢਿੱਲੋਂ ਨੇ ਕਿਹਾ ਕਿ ਪੰਜਾਬ ਦੀ ਪਛਾਣ ਨਸ਼ਿਆਂ ਨਾਲ ਨਹੀਂ, ਸਗੋਂ ਹਿੰਮਤ, ਕਿਰਦਾਰ, ਮਿਹਨਤ ਅਤੇ ਕੁਰਬਾਨੀ ਨਾਲ ਬਣੀ ਹੈ। ਨਸ਼ਾ ਮੁਕਤ ਪੰਜਾਬ ਦੀ ਲੜਾਈ ਸਿਰਫ਼ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਤੱਕ ਸੀਮਿਤ ਨਹੀਂ, ਬਲਕਿ ਪਰਿਵਾਰ, ਸਮਾਜ, ਸਿੱਖਿਆ, ਰੋਜ਼ਗਾਰ, ਕਾਨੂੰਨ-ਵਿਵਸਥਾ ਅਤੇ ਨੌਜਵਾਨਾਂ ਦੇ ਭਵਿੱਖ ਨਾਲ ਜੁੜਿਆ ਵੱਡਾ ਸਮਾਜਕ ਮਸਲਾ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਦੀ ਨਸ਼ਾ ਮੁਕਤ ਪੰਜਾਬ ਯਾਤਰਾ ਨੂੰ ਸਮਾਜ ਦੇ ਹਰ ਵਰਗ ਦੀ ਭਾਗੀਦਾਰੀ ਨਾਲ ਜਨ-ਜਾਗਰੂਕਤਾ ਦਾ ਮਾਧਿਅਮ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਪੰਜਾਬੀ ਸੰਗੀਤ ਅਤੇ ਫ਼ਿਲਮ ਖੇਤਰ ਨਾਲ ਜੁੜੀਆਂ ਸ਼ਖ਼ਸੀਅਤਾਂ ਦੀ ਭਾਗੀਦਾਰੀ ਇਸ ਸੁਨੇਹੇ ਨੂੰ ਨੌਜਵਾਨਾਂ ਤੱਕ ਉਨ੍ਹਾਂ ਦੀ ਆਪਣੀ ਭਾਸ਼ਾ ਅਤੇ ਸੱਭਿਆਚਾਰਕ ਮਾਧਿਅਮ ਰਾਹੀਂ ਪਹੁੰਚਾਉਣ ਵਿੱਚ ਸਹਾਇਕ ਹੋ ਸਕਦੀ ਹੈ।

ਸ਼ੈਗੀ ਬੌਸ ਦਾ ਧੰਨਵਾਦ ਕਰਦਿਆਂ ਸਰਦਾਰ ਢਿੱਲੋਂ ਨੇ ਕਿਹਾ, ਸਾਡਾ ਸੰਕਲਪ ਹੈ ਕਿ ਪੰਜਾਬ ਦੀ ਜਵਾਨੀ ਨੂੰ ਨਸ਼ੇ ਨਹੀਂ, ਮੌਕੇ ਮਿਲਣ; ਪੰਜਾਬ ਛੱਡਣ ਦੀ ਮਜਬੂਰੀ ਨਹੀਂ, ਪੰਜਾਬ ਵਿੱਚ ਆਪਣਾ ਭਵਿੱਖ ਬਣਾਉਣ ਦਾ ਵਿਸ਼ਵਾਸ ਮਿਲੇ। ‘ਮੈਂ ਪੰਜਾਬ ਬੋਲ ਰਿਹਾ’ ਇਸੇ ਸੰਕਲਪ ਦੀ ਇੱਕ ਭਾਵਨਾਤਮਕ ਆਵਾਜ਼ ਹੈ।

ਭਾਜਪਾ ਦੀ ਨਸ਼ਾ ਮੁਕਤ ਪੰਜਾਬ ਯਾਤਰਾ ਨੂੰ ਪੰਜਾਬ ਦੀ ਕਲਾ, ਸੰਗੀਤ ਅਤੇ ਫ਼ਿਲਮ ਖੇਤਰ ਨਾਲ ਜੁੜੀਆਂ ਸ਼ਖ਼ਸੀਅਤਾਂ ਦਾ ਸਮਰਥਨ ਮਿਲਣਾ ਇਸ ਗੱਲ ਦਾ ਸੰਕੇਤ ਹੈ ਕਿ ਨਸ਼ਿਆਂ ਵਿਰੁੱਧ ਲੜਾਈ ਸਿਰਫ਼ ਸਰਕਾਰ ਜਾਂ ਕਿਸੇ ਇੱਕ ਸੰਸਥਾ ਦੀ ਜ਼ਿੰਮੇਵਾਰੀ ਨਹੀਂ, ਸਗੋਂ ਸਮਾਜ ਦੇ ਹਰ ਵਰਗ ਦੀ ਸਾਂਝੀ ਜ਼ਿੰਮੇਵਾਰੀ ਹੈ।

ਮੈਂ ਪੰਜਾਬ ਬੋਲ ਰਿਹਾ ਇੱਕ ਮਨੋਰੰਜਨਕ ਗੀਤ ਦੀ ਸੀਮਾ ਤੋਂ ਅੱਗੇ ਵਧ ਕੇ ਨਸ਼ਿਆਂ ਵਿਰੁੱਧ ਜਨ-ਜਾਗਰੂਕਤਾ ਦਾ ਸੱਭਿਆਚਾਰਕ ਮਾਧਿਅਮ ਬਣਦਾ ਹੈ। ਭਾਜਪਾ ਦੀ ਨਸ਼ਾ ਮੁਕਤ ਪੰਜਾਬ ਯਾਤਰਾ ਦਾ ਸੁਨੇਹਾ ਜਿੱਥੇ ਜਨਤਕ ਸੰਪਰਕ ਰਾਹੀਂ ਲੋਕਾਂ ਤੱਕ ਪਹੁੰਚ ਰਿਹਾ ਹੈ, ਉੱਥੇ ਅਜਿਹੇ ਗੀਤ ਉਸ ਸੁਨੇਹੇ ਨੂੰ ਪੰਜਾਬੀ ਸੰਗੀਤ ਅਤੇ ਨੌਜਵਾਨਾਂ ਦੀ ਭਾਸ਼ਾ ਵਿੱਚ ਘਰ-ਘਰ ਤੱਕ ਪਹੁੰਚਾਉਣ ਦੀ ਸਮਰੱਥਾ ਰੱਖਦੇ ਹਨ।
ਸ਼ੈਗੀ ਬੌਸ ਪੰਜਾਬੀ ਗੀਤਕਾਰੀ ਅਤੇ ਗਾਇਕੀ ਦੇ ਨਾਲ-ਨਾਲ ਵੀਡੀਓ ਨਿਰਦੇਸ਼ਨ, ਸ਼ਾਰਟ ਫ਼ਿਲਮਾਂ ਅਤੇ ਮਿਊਜ਼ਿਕ ਵੀਡੀਓਜ਼ ਦੇ ਨਿਰਮਾਣ ਨਾਲ ਵੀ ਜੁੜੇ ਹੋਏ ਹਨ ਅਤੇ ਨੌਜਵਾਨ ਪੀੜ੍ਹੀ ਵਿੱਚ ਆਪਣੀ ਪਛਾਣ ਰੱਖਦੇ ਹਨ। ਉਨ੍ਹਾਂ ਵੱਲੋਂ ਨਸ਼ਾ ਵਿਰੋਧੀ ਮੁਹਿੰਮ ਨਾਲ ਜੁੜਨਾ ਇਸ ਮੁੱਦੇ ਨੂੰ ਸਮਾਜਕ ਅਤੇ ਸੱਭਿਆਚਾਰਕ ਪੱਧਰ ’ਤੇ ਨਵੀਂ ਪਹੁੰਚ ਦੇਣ ਵਾਲਾ ਕਦਮ ਹੈ।

ਮੈਂ ਪੰਜਾਬ ਬੋਲ ਰਿਹਾ ਦੀ ਆਵਾਜ਼ ਇਸੇ ਸਾਂਝੀ ਜ਼ਿੰਮੇਵਾਰੀ ਨੂੰ ਪੰਜਾਬੀ ਅੰਦਾਜ਼ ਵਿੱਚ ਉਭਾਰਦੀ ਹੈ—ਪੰਜਾਬ ਦੀ ਪੁਕਾਰ ਇੱਕੋ ਹੈ: ਮੇਰੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਓ।

ਉਨ੍ਹਾਂ ਕਿਹਾ ਕਿ ਨਸ਼ਾ ਮੁਕਤ ਪੰਜਾਬ ਦੀ ਲੜਾਈ ਸਿਰਫ਼ ਨਸ਼ਾ ਵੇਚਣ ਵਾਲਿਆਂ ਖ਼ਿਲਾਫ਼ ਕਾਰਵਾਈ ਤੱਕ ਸੀਮਿਤ ਨਹੀਂ ਹੈ। ਇਹ ਪੰਜਾਬ ਦੇ ਪਰਿਵਾਰ, ਸਮਾਜ, ਸਿੱਖਿਆ, ਰੋਜ਼ਗਾਰ, ਕਾਨੂੰਨ-ਵਿਵਸਥਾ ਅਤੇ ਆਉਣ ਵਾਲੀ ਪੀੜ੍ਹੀ ਦੇ ਭਵਿੱਖ ਦੀ ਲੜਾਈ ਹੈ। ਇਸੇ ਲਈ ਭਾਜਪਾ ਦੀ ਨਸ਼ਾ ਮੁਕਤ ਪੰਜਾਬ ਯਾਤਰਾ ਨੂੰ ਸਮਾਜ ਦੇ ਹਰ ਵਰਗ ਦੀ ਭਾਗੀਦਾਰੀ ਨਾਲ ਇੱਕ ਜਨ-ਅੰਦੋਲਨ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਸਾਡਾ ਸੰਕਲਪ ਹੈ ਕਿ ਪੰਜਾਬ ਦੀ ਜਵਾਨੀ ਨੂੰ ਨਸ਼ੇ ਨਹੀਂ, ਮੌਕੇ ਮਿਲਣ; ਪੰਜਾਬ ਛੱਡਣ ਦੀ ਮਜਬੂਰੀ ਨਹੀਂ, ਪੰਜਾਬ ਵਿੱਚ ਆਪਣਾ ਭਵਿੱਖ ਬਣਾਉਣ ਦਾ ਵਿਸ਼ਵਾਸ ਮਿਲੇ। ‘ਮੈਂ ਪੰਜਾਬ ਬੋਲ ਰਿਹਾ’ ਇਸੇ ਸੰਕਲਪ ਦੀ ਇੱਕ ਭਾਵਨਾਤਮਕ ਆਵਾਜ਼ ਹੈ।

# ਸ਼ਹਿਰ ਦੀ ਟ੍ਰੈਫਿਕ ਵਿਵਸਥਾ ਸੁਚਾਰੂ ਬਣਾਉਣ ਲਈ ਪੁਲਿਸ ਵੱਲੋਂ ਵਿਸ਼ੇਸ਼ ਉਪਰਾਲੇ



**ਮਲੇਰਕੋਟਲਾ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਐੱਸ.ਐੱਸ.ਪੀ. ਮਲੇਰਕੋਟਲਾ ਹਰਕਮਲਪ੍ਰੀਤ ਸਿੰਘ ਖੱਖ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸ਼ਹਿਰ ਦੀ ਟ੍ਰੈਫਿਕ ਵਿਵਸਥਾ ਨੂੰ ਹੋਰ ਸੁਚਾਰੂ ਬਣਾਉਣ ਅਤੇ ਆਮ ਲੋਕਾਂ ਨੂੰ ਟ੍ਰੈਫਿਕ ਜਾਮ ਤੋਂ ਰਾਹਤ ਦਿਵਾਉਣ ਲਈ ਟ੍ਰੈਫਿਕ ਪੁਲਿਸ ਵੱਲੋਂ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ।

ਇਸੇ ਮੁਹਿੰਮ ਤਹਿਤ ਟ੍ਰੈਫਿਕ ਇੰਚਾਰਜ ਹਰਭਜਨ ਸਿੰਘ ਵੱਲੋਂ ਗੁਰਦੁਆਰਾ ਸਾਹਿਬ ਨੇੜੇ ਮੇਨ ਰੋਡ ’ਤੇ ਰੇਹੜੀਆਂ ਲਗਾਉਣ ਵਾਲਿਆਂ ਨੂੰ ਜਾਗਰੂਕ ਕੀਤਾ ਗਿਆ। ਉਨ੍ਹਾਂ ਰੇਹੜੀ ਵਾਲਿਆਂ ਨੂੰ ਹਦਾਇਤ ਕੀਤੀ ਕਿ ਰੇਹੜੀਆਂ ਸੜਕ ਦੇ ਕਿਨਾਰੇ ਲਗਾਉਣ ਦੀ ਬਜਾਏ ਫੁੱਟਪਾਥ ਤੋਂ ਪਿੱਛੇ ਢੁੱਕਵੀਂ ਥਾਂ ’ਤੇ ਲਗਾਈਆਂ ਜਾਣ, ਤਾਂ ਜੋ ਵਾਹਨਾਂ ਦੀ ਆਵਾਜਾਈ ਦੇ ਨਾਲ-ਨਾਲ ਪੈਦਲ ਚੱਲਣ ਵਾਲੇ ਬੱਚਿਆਂ, ਬਜ਼ੁਰਗਾਂ, ਮਹਿਲਾਵਾਂ ਅਤੇ ਹੋਰ ਰਾਹਗੀਰਾਂ ਨੂੰ ਕਿਸੇ ਕਿਸਮ ਦੀ ਦਿੱਕਤ ਪੇਸ਼ ਨਾ ਆਵੇ। ਉਨ੍ਹਾਂ ਰੇਹੜੀ ਵਾਲਿਆਂ ਨੂੰ ਇਹ ਵੀ ਕਿਹਾ ਕਿ ਸਮਾਨ ਖਰੀਦਣ ਲਈ ਆਉਣ ਵਾਲੇ ਗਾਹਕਾਂ ਦੇ ਵਾਹਨ ਮੇਨ ਰੋਡ ’ਤੇ ਖੜ੍ਹੇ ਨਾ ਕਰਵਾਏ ਜਾਣ, ਸਗੋਂ ਪਿੱਛੇ ਮੌਜੂਦ ਗਰਾਊਂਡ ਵਿੱਚ ਪਾਰਕ ਕਰਵਾਏ ਜਾਣ। ਇਸ ਨਾਲ ਸੜਕ ’ਤੇ ਬੇਲੋੜੀ ਭੀੜ ਘਟੇਗੀ ਅਤੇ ਟ੍ਰੈਫਿਕ ਦਾ ਨਿਰੰਤਰ ਵਹਾਅ ਬਣਿਆ ਰਹੇਗਾ।

ਐਸ.ਐਸ.ਪੀ. ਹਰਕਮਲ ਸਿੰਘ ਖੱਖ ਨੇ ਸ਼ਹਿਰ ਵਾਸੀਆਂ, ਦੁਕਾਨਦਾਰਾਂ ਅਤੇ ਰੇਹੜੀ-ਫੜ੍ਹੀ ਵਾਲਿਆਂ ਨੂੰ ਅਪੀਲ ਕੀਤੀ ਕਿ ਉਹ ਸੜਕਾਂ ਅਤੇ ਜਨਤਕ ਥਾਵਾਂ ਤੋਂ ਨਾਜਾਇਜ਼ ਕਬਜ਼ੇ ਸਵੈ-ਇੱਛਾ ਨਾਲ ਹਟਾ ਕੇ ਪੁਲਿਸ ਪ੍ਰਸ਼ਾਸਨ ਦਾ ਸਹਿਯੋਗ ਕਰਨ।

# ਧੁੱਸੀ ਬੰਨ੍ਹ ’ਤੇ ਬਣਨ ਵਾਲੀ ਸੜਕ ਦੇ ਪਹਿਲੇ ਪੜਾਅ ਦਾ ਕੰਮ ਅਕਤੂਬਰ ਤੱਕ ਮੁਕੰਮਲ ਕਰਨ ਦੀਆਂ ਹਦਾਇਤਾਂ



**ਜਲੰਧਰ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਸਭਾ ਮੈਂਬਰ ਅਤੇ ਪ੍ਰਸਿੱਧ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਅੱਜ ਧੁੱਸੀ ਬੰਨ੍ਹ ਦਾ ਦੌਰਾ ਕਰਕੇ ਇੱਥੇ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ। ਉਨ੍ਹਾਂ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਧੁੱਸੀ ਬੰਨ੍ਹ ’ਤੇ ਬਣਨ ਵਾਲੀ ਸੜਕ ਦੇ ਪਹਿਲੇ ਪੜਾਅ ਦਾ ਕੰਮ ਅਕਤੂਬਰ ਮਹੀਨੇ ਤੱਕ ਹਰ ਹਾਲ ਵਿੱਚ ਮੁਕੰਮਲ ਕੀਤਾ ਜਾਵੇ, ਤਾਂ ਜੋ ਇਲਾਕੇ ਦੇ ਲੋਕਾਂ ਨੂੰ ਜਲਦ ਤੋਂ ਜਲਦ ਇਸ ਦਾ ਲਾਭ ਮਿਲ ਸਕੇ।

ਜ਼ਿਕਰਯੋਗ ਹੈ ਕਿ ਪਹਿਲੇ ਪੜਾਅ ਤਹਿਤ 14 ਕਿਲੋਮੀਟਰ ਸੜਕ ਦਾ ਨਿਰਮਾਣ ਕੀਤਾ ਜਾਣਾ ਹੈ, ਜੋ ਧੁੱਸੀ ਬੰਨ੍ਹ ’ਤੇ ਗਿੱਦੜਪਿੰਡੀ ਤੋਂ ਫਿਲੌਰ ਤੱਕ ਬਣੇਗੀ।

ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਲੋਕਾਂ ਨਾਲ ਜੁੜੇ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਪੂਰਾ ਕਰਨਾ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਇਸ ਇਲਾਕੇ ਵਿੱਚ ਪੁਲ ਦੇ ਨਿਰਮਾਣ ਦਾ ਕੰਮ ਸ਼ੁਰੂ ਹੋ ਗਿਆ ਹੈ। ਰਾਜ ਸਭਾ ਮੈਂਬਰ ਸੰਤ ਸੀਚੇਵਾਲ ਨੇ ਅਧਿਕਾਰੀਆਂ ਨੂੰ ਪੁਲ ਦੇ ਨਾਲ-ਨਾਲ ਸੜਕਾਂ ਦੇ ਕੰਮ ਵਿੱਚ ਵੀ ਤੇਜ਼ੀ ਲਿਆਉਣ ਲਈ ਕਿਹਾ।

ਸੰਤ ਸੀਚੇਵਾਲ ਨੇ ਕਿਹਾ ਕਿ ਧੁੱਸੀ ਬੰਨ੍ਹ ’ਤੇ ਸੜਕ ਬਣਨ ਨਾਲ ਬੰਨ੍ਹ ਦੀ ਮਜ਼ਬੂਤੀ ਵਧੇਗੀ ਅਤੇ ਨਾਲ ਹੀ ਇਹ ਸੜਕ ਇਲਾਕੇ ਲਈ ਬਾਈਪਾਸ ਵਜੋਂ ਵੀ ਮਹੱਤਵਪੂਰਨ ਭੂਮਿਕਾ ਨਿਭਾਏਗੀ। ਇਸ ਨਾਲ ਲੋਕਾਂ ਦੀ ਆਵਾਜਾਈ ਸੁਖਾਲੀ ਹੋਵੇਗੀ ਅਤੇ ਉਨ੍ਹਾਂ ਦੇ ਸਮੇਂ ਤੇ ਪੈਸੇ ਦੀ ਵੀ ਬੱਚਤ ਹੋਵੇਗੀ। ਉਨ੍ਹਾਂ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਪੱਧਰ ’ਤੇ ਬੇਲੋੜੀ ਦੇਰੀ ਨਾ ਹੋਵੇ ਅਤੇ ਕੰਮ ਦੀ ਗੁਣਵੱਤਾ ਦਾ ਧਿਆਨ ਰੱਖਦਿਆਂ ਇਸ ਨੂੰ ਤੇਜ਼ੀ ਨਾਲ ਮੁਕੰਮਲ ਕੀਤਾ ਜਾਵੇ।

ਇਸ ਮੌਕੇ ਮਗਨਰੇਗਾ ਵਰਕਰਾਂ ਦਾ ਇੱਕ ਵਫ਼ਦ ਸੰਤ ਸੀਚੇਵਾਲ ਨੂੰ ਮਿਲਿਆ ਅਤੇ ਆਪਣੀਆਂ ਮੁਸ਼ਕਿਲਾਂ ਤੋਂ ਜਾਣੂ ਕਰਵਾਇਆ।

# ਐਮ.ਆਰ.ਐਸ.ਪੀ.ਟੀ.ਯੂ. ਵਿਖੇ ਖੂਨਦਾਨ ਕੈਂਪ ਦਾ ਆਯੋਜਨ



**ਬਠਿੰਡਾ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.), ਬਠਿੰਡਾ ਵਿਖੇ ਨੈਸ਼ਨਲ ਸਰਵਿਸ ਸਕੀਮ (ਐਨ.ਐਸ.ਐਸ.) ਵਿੰਗ, ਐਮ.ਆਰ.ਐਸ.ਪੀ.ਟੀ.ਯੂ. ਅਤੇ ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ (ਜ਼ੀ.ਜ਼ੈਡ.ਐਸ.ਸੀ.ਸੀ.ਈ.ਟੀ.), ਬਠਿੰਡਾ ਦੇ ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ (ਸੀ.ਐਸ.ਈ.) ਵਿਭਾਗ ਵੱਲੋਂ ਸਿਵਲ ਹਸਪਤਾਲ, ਬਠਿੰਡਾ ਦੇ ਸਹਿਯੋਗ ਨਾਲ ਖੂਨਦਾਨ ਕੈਂਪ ਲਗਾਇਆ ਗਿਆ।

ਕੈਂਪ ਦੌਰਾਨ ਯੂਨੀਵਰਸਿਟੀ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਕੁੱਲ 53 ਯੂਨਿਟ ਖੂਨ ਇਕੱਠਾ ਕੀਤਾ ਗਿਆ। ਸਵੈਇੱਛਕ ਖੂਨਦਾਨ ਨੇ ਐਮ.ਆਰ.ਐਸ.ਪੀ.ਟੀ.ਯੂ. ਪਰਿਵਾਰ ਦੀ ਸਮਾਜਿਕ ਜ਼ਿੰਮੇਵਾਰੀ ਅਤੇ ਭਾਈਚਾਰਕ ਸੇਵਾ ਪ੍ਰਤੀ ਮਜ਼ਬੂਤ ਵਚਨਬੱਧਤਾ ਨੂੰ ਦਰਸਾਇਆ।

ਯੂਨੀਵਰਸਿਟੀ ਵੱਲੋਂ ਸਮਾਗਮ ਦੀਆਂ ਆਯੋਜਕ ਡਾ. ਅਭਿਲਾਸ਼ਾ ਅਤੇ ਡਾ. ਸਵਾਤੀ ਦੀ ਕੈਂਪ ਨੂੰ ਸਫਲ ਬਣਾਉਣ ਲਈ ਕੀਤੇ ਸਮਰਪਿਤ ਯਤਨਾਂ ਦੀ ਸ਼ਲਾਘਾ ਕੀਤੀ ਗਈ।

ਯੂਨੀਵਰਸਿਟੀ ਨੇ ਡਾ. ਸੰਜੀਵ ਕੁਮਾਰ ਸ਼ਰਮਾ, ਵਾਈਸ ਚਾਂਸਲਰ, ਐਮ.ਆਰ.ਐਸ.ਪੀ.ਟੀ.ਯੂ.; ਡਾ. ਪਰਮਜੀਤ ਸਿੰਘ, ਰਜਿਸਟਰਾਰ, ਐਮ.ਆਰ.ਐਸ.ਪੀ.ਟੀ.ਯੂ.; ਅਤੇ ਡਾ. ਸਰਬਜੀਤ ਕੌਰ ਬਾਠ, ਕੈਂਪਸ ਡਾਇਰੈਕਟਰ, ਜ਼ੀ.ਜ਼ੈਡ. ਐਸ.ਸੀ. ਸੀ.ਈ.ਟੀ. ਵੱਲੋਂ ਦਿੱਤੇ ਕੀਮਤੀ ਮਾਰਗਦਰਸ਼ਨ ਅਤੇ ਸਹਿਯੋਗ ਲਈ ਵੀ ਧੰਨਵਾਦ ਪ੍ਰਗਟ ਕੀਤਾ।

ਡਾ. ਹਰੀਸ਼ ਗਰਗ, ਪ੍ਰੋਫੈਸਰ ਇੰਚਾਰਜ, ਵਿੱਤ, ਐਮ.ਆਰ.ਐਸ.ਪੀ.ਟੀ.ਯੂ. ਅਤੇ ਡਾ. ਗਗਨਦੀਪ ਕੌਰ, ਐਸੋਸੀਏਟ ਡੀਨ, ਕੰਸਲਟੈਂਸੀ, ਐਮ.ਆਰ.ਐਸ.ਪੀ.ਟੀ.ਯੂ., ਦੇ ਨਾਲ ਇਲੈਕਟ੍ਰੀਕਲ ਇੰਜੀਨੀਅਰਿੰਗ, ਐਗਰੀਕਲਚਰ ਅਤੇ ਕੰਪਿਊਟੇਸ਼ਨਲ ਸਾਇੰਸ ਵਿਭਾਗਾਂ ਦੇ ਐਨ.ਐਸ.ਐਸ. ਪ੍ਰੋਗਰਾਮ ਅਫ਼ਸਰਾਂ ਨੇ ਵਿਦਿਆਰਥੀਆਂ ਨੂੰ ਖੂਨਦਾਨ ਲਈ ਨਿੱਜੀ ਤੌਰ ’ਤੇ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਦੀ ਉਤਸ਼ਾਹਪੂਰਵਕ ਭਾਗੀਦਾਰੀ ਨੂੰ ਉਤਸ਼ਾਹਿਤ ਕੀਤਾ।

## ਕੁਝ ਕਹਿੰਦੀ ਐ ਤਸਵੀਰ...

• ਯਸ਼ਵੀਰ ਗੋਇਲ, ਬਠਿੰਡਾ



*ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ-ਸਵਾਦ ਦਾ ਨਮੂਨਾ ਕੌਮੀ ਪੱਤ੍ਰਿਕਾ ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।*

ਵਿਅੰਗ

# ਲੀਡਰ ਜ਼ਿੰਦਾਬਾਦ!





• ਜਸਵਿੰਦਰ ਸਿੰਘ ਢਿੱਲੋਂ
82849-16049

*ਤੁਸੀਂ ਭਾਵੇਂ ਸਾਨੂੰ ਕੁੱਟੋ ਭਾਵੇਂ ਮਾਰੋ ਸਾਡੀ ਵਫ਼ਾਦਾਰੀ 'ਚ ਕਦੇ ਕੋਈ ਕਮੀ ਨਹੀਂ ਆਉਣੀ। ਅਸੀਂ ਸਦਾ ਤੁਹਾਡੇ ਨਾਲ ਹਾਂ। ਅਸੀਂ ਤਾਂ ਧੜੇਬੰਦੀਆਂ ਵਿਚ ਵੰਡੇ ਹੋਏ ਤੁਹਾਡੇ ਗ਼ੁਲਾਮ ਹਾਂ। ਗ਼ੁਲਾਮ ਕਦੇ ਹੱਕ ਨਹੀਂ ਮੰਗਦੇ ਹੁੰਦੇ। ਤੁਹਾਡੀ ਲੀਡਰੀ ਤੁਹਾਨੂੰ ਮੁਬਾਰਕ! ਸਾਡੀ ਗ਼ੁਲਾਮੀ ਸਾਨੂੰ ਮੁਬਾਰਕ ਹੋਵੇ...*

ਆਹ ਰਵਾਇਤੀ ਲੀਡਰ ਤਾਂ ਸਾਡੀ ਜ਼ਿੰਦਜਾਨ ਨੇ। ਅਸੀਂ ਪੰਜਾਬ ਦੇ ਮਹਾਨ ਲੋਕ ਆਪਣੇ ਪਰਿਵਾਰਾਂ ਦੀ ਓਨੀ ਫ਼ਿਕਰ ਨਹੀਂ ਕਰਦੇ ਜਿੰਨੀ ਅਸੀਂ ਪਰਿਵਾਰਵਾਦੀ, ਰਾਜਾਸ਼ਾਹੀ ਅਤੇ ਰਜਵਾੜਾਸ਼ਾਹੀ ਲੀਡਰਾਂ ਦੀ ਕਰਦੇ ਹਾਂ..? ਲੀਡਰੋ ਤੁਸੀਂ ਬੇਫ਼ਿਕਰ ਹੋ ਕੇ ਆਪਣੇ ਢਿੱਡ ਭਰੋ ਸਾਨੂੰ ਕੋਈ ਗੁੱਸਾ-ਗਿਲਾ ਨਹੀਂ। ਸਾਡੇ ਆਹ ਧਰਨਿਆਂ-ਧੁਰਨਿਆਂ ਦਾ ਅਤੇ ਹੜਤਾਲਾਂ-ਹੁੜਤਾਲਾਂ ਦਾ ਬਹੁਤਾ ਫ਼ਿਕਰ ਨਾ ਕਰਿਆ ਕਰੋ। ਇਹ ਤਾਂ ਅਸੀਂ ਵੈਸੇ ਹੀ ਸ਼ੁਗਲ-ਮੇਲਾ ਜਿਹਾ ਕਰ ਲੈਂਦੇ ਹਾਂ ਨਾਲੇ ਸਾਡੇ ਕਿਸਾਨਾਂ ਦੇ ਆਪੇ ਬਣੇ ਲੀਡਰਾਂ ਨੇ ਵੀ ਆਪਣੀ ਬੇਤੁਕੀ ਲੀਡਰੀ ਜਿਹੀ ਚਮਕਾਉਣੀ ਹੁੰਦੀ ਹੈ ਤਾਂ ਕਿ ਵੋਟਾਂ ਵੇਲੇ ਤੁਸੀਂ ਉਨ੍ਹਾਂ ਦਾ ਮਾੜਾ ਮੋਟਾ ਜਿਹਾ ਮੁੱਲ ਪਾ ਦਿਉਂ।

ਸਾਡੇ ਕੰਨਿਓਂ ਬੇਫ਼ਿਕਰ ਰਿਹਾ ਕਰੋ। ਜੇ ਅਸੀਂ ਫ਼ਸਲਾਂ ਦੇ ਭਾਅ ਲੈਣੇ ਹੋਣ, ਨਕਲੀ ਰੇਹਾਂ-ਸਪਰੇਹਾਂ ਤੋਂ ਬੱਚਣਾ ਹੋਵੇ, ਸਾਨੂੰ ਸੋਧੇ ਹੋਏ ਚੰਗੇ ਬੀ ਮਿਲਣ, ਜੇ ਅਸੀਂ ਝੋਨੇ ਵਰਗੀ ਮਾਰੂ ਫ਼ਸਲ ਤੋਂ ਖਹਿੜਾ ਛੁਡਾਉਣਾ ਹੋਵੇ, ਜੇ ਸਾਨੂੰ ਚੰਗੀਆਂ ਸਿਹਤ ਸਹੂਲਤਾਂ ਦੀ ਲੋੜ ਹੋਵੇ, ਜੇ ਅਸੀਂ ਆਪਣੇ ਬੱਚਿਆਂ ਲਈ ਮਿਆਰੀ ਸਿੱਖਿਆ ਚਾਹੁੰਦੇ ਹੋਈਏ... ਜੇ ਅਸੀਂ ਤਹਿਸੀਲਾਂ, ਥਾਣਿਆਂ ਤੇ ਕਚਹਿਰੀਆਂ ਵਿਚ ਬਿਨਾਂ ਰਿਸ਼ਵਤ ਤੋਂ ਕੰਮ ਕਰਾਉਣਾ ਹੋਵੇ ਜਾਂ ਜੇ ਅਸੀਂ ਆਪਣੇ ਧੀਆਂ-ਪੁੱਤਾਂ ਨੂੰ ਨੌਕਰੀ 'ਤੇ ਲਵਾਉਣਾ ਹੋਵੇ... ਮੁੱਕਦੀ ਗੱਲ ਬਈ ਜੇ ਅਸੀਂ ਆਵਦਾ ਭਲਾ ਚਾਹੁੰਦੇ ਹੋਈਏ ਤੇ ਫੇਰ ਅਸੀਂ ਵੋਟਾਂ ਵੇਲੇ ਥੋਡੀ ਗਿੱਚੀ ਨਾ ਫੜ੍ਹੀਏ...? ਜੇ ਅਸੀਂ ਚੰਗਾ ਚਾਹੁੰਦੇ ਹੋਈਏ ਫੇਰ ਅਸੀਂ ਇਮਾਨਦਾਰ ਆਵਦੇ ਲੀਡਰ ਨਾ ਚੁਣ ਲਈਏ?

ਤੁਹਾਨੂੰ ਫ਼ਿਕਰਮੰਦ ਹੋਣ ਦੀ ਕੋਈ ਲੋੜ ਨਹੀਂ। ਤੁਹਾਡਾ ਅਤੇ ਤੁਹਾਡੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਹੈ। ਸਾਡੀ ਵਫ਼ਾਦਾਰੀ ਦਾ ਤਾਂ ਤੁਹਾਨੂੰ ਵੀ ਅੰਦਾਜ਼ਾ ਹੋਣਾ। ਤੁਸੀਂ ਜਦੋਂ ਵੀ ਸਾਡੇ ਪਿੰਡ ਆਉਂਦੇ ਹੋ ਅਸੀਂ ਕਦੇ ਵਿਰੋਧ ਨਹੀਂ ਕੀਤਾ। ਅਸੀਂ ਤੁਹਾਡੇ ਸਵਾਗਤ ਲਈ ਕਈ-ਕਈ ਘੰਟੇ ਹੱਥਾਂ 'ਚ ਹਾਰ ਲੈ ਕੇ ਖੜ੍ਹੇ ਰਹਿੰਦੇ ਹਾਂ। ਕਦੇ ਤੁਹਾਨੂੰ ਕੋਈ ਸਵਾਲ ਕੀਤਾ ਹੈ? ਸਗੋਂ ਅਸੀਂ ਤਾਂ ਕਰਜ਼ਾ ਲੈ ਕੇ ਪੱਲਿਓਂ ਪੈਸੇ ਖ਼ਰਚ ਕਰ ਕੇ ਤੁਹਾਡੀਆਂ ਰੈਲੀਆਂ ਵਿਚ ਹਾਜ਼ਰੀ ਭਰਦੇ ਹਾਂ। ਜੇ ਕੀਤੇ ਤੁਸੀਂ ਸਾਡੇ ਘਰੇ ਆਉਣਾ ਹੋਵੇ... ਫ਼ੇਰ ਤਾਂ ਸਾਡੇ ਸਾਰੇ ਟੱਬਰ ਦਾ ਚਾਅ ਨਹੀਂ ਚੁੱਕਿਆ ਜਾਂਦਾ। ਅਸੀਂ ਆਵਦੇ ਜਵਾਕ ਨੂੰ ਭਾਵੇਂ ਪੰਜ ਰੁਪਇਆਂ ਦਾ ਬਿਸਕੁਟਾਂ ਦਾ ਪੈਕੇਟ ਨਾ ਦਵਾਇਆ ਹੋਵੇ... ਪਰ ਥੋਡੇ ਮੂਹਰੇ ਅਸੀਂ ਵਿਆਜ 'ਤੇ ਪੈਸੇ ਲੈ ਕੇ ਪੰਜ-ਪੰਜ ਹਜ਼ਾਰ ਦੇ ਕਾਜੂ-ਬਦਾਮਾਂ ਦੇ ਢੇਰ ਲਾ ਦਿੰਦੇ ਹਾਂ। ਤੁਸੀਂ ਭਾਵੇਂ ਸਾਨੂੰ ਗਿਆਂ ਨੂੰ ਆਪਣੇ ਦਫ਼ਤਰ ਵਿਚ ਵੜਨ ਨਾ ਦਿਉਂ ਪਰ ਅਸੀਂ ਤਾਂ ਪੂਰੇ ਹੁੱਬਕੇ ਆਪਣਿਆਂ ਕਮਰਿਆਂ ਵਿਚ ਬਿਠਾ ਕੇ ਤੁਹਾਡੀ ਸੇਵਾ ਕਰਦੇ ਹਾਂ।

ਲੀਡਰੋ ਤੁਸੀਂ ਸਾਡਾ ਬਾਹਲਾ ਫ਼ਿਕਰ ਨਾ ਕਰਿਆ ਕਰੋ। ਜਦੋਂ ਸਾਨੂੰ ਖ਼ੁਦ ਨੂੰ ਆਪਣਾ ਕੋਈ ਫ਼ਿਕਰ ਨਹੀਂ ਅਤੇ ਨਾ ਸਾਨੂੰ ਆਪਣੇ ਜੁਆਕਾਂ ਦਾ ਕੋਈ ਫ਼ਿਕਰ ਹੈ ਫੇਰ ਤੁਹਾਨੂੰ ਕਾਹਦਾ ਫ਼ਿਕਰ? ਸਾਨੂੰ ਤਾਂ ਤੁਹਾਡਾ ਅਤੇ ਤੁਹਾਡੇ ਜੁਆਕਾਂ ਦਾ ਹੀ ਫ਼ਿਕਰ ਦਿਨ ਰਾਤ ਵੱਢ-ਵੱਢ ਖਾਈ ਜਾਂਦਾ ਹੈ। ਤੁਸੀਂ ਦੇਖਿਆ ਨਹੀਂ ਵੋਟਾਂ ਵੇਲੇ ਕਿਵੇਂ ਸਾਡਾ ਜ਼ੋਰ ਲੱਗਿਆ ਹੁੰਦਾ ਹੈ। ਬਈ ਫਲਾਣਾ ਲੀਡਰ ਨਾ ਹਰਜੇ... ਫਲਾਨੇ ਲੀਡਰ ਦਾ ਮੁੰਡਾ ਜਾਂ ਕੁੜੀ ਨਾ ਹਾਰਜੇ। ਸਾਨੂੰ ਤਾਂ ਤੁਹਾਡੇ ਭਤੀਜੇ-ਭਤੀਜੀਆਂ, ਜਵਾਈਆਂ-ਸਾਲਿਆਂ, ਭੈਣਾਂ ਅਤੇ ਭਾਣਜੇ-ਭਾਣਜੀਆਂ ਦਾ ਹੀ ਫ਼ਿਕਰ ਨਹੀਂ ਮੁੱਕਦਾ... ਅਸੀਂ ਆਪਣਾ ਜਾਂ ਆਪਣੇ ਜੁਆਕਾਂ ਦਾ ਸੁਆਹ ਫ਼ਿਕਰ ਕਰਨਾ ਹੈ..?.. ਆਹ ਅਸੀਂ ਪੰਜ ਸਾਲ ਤੁਹਾਡੀ ਰੱਜਕੇ ਸੇਵਾ ਕਰਦੇ ਹਾਂ, ਵੋਟਾਂ ਵੇਲੇ ਜਿਹੜੀ ਤੁਸੀਂ ਚਾਰ-ਪੰਜ ਦਿਨ ਗੋਲੀਆਂ ਆਲੀ ਦੋ ਨੰਬਰ ਦੀ ਸ਼ਰਾਬ ਜੀ ਪਿਆਕੇ ਤੁਸੀਂ ਸਾਡੀ ਸੇਵਾ ਕਰਦੇ ਓ.... ਉਹਦੇ ਨਾਲ ਸਾਡਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ... ਬਈ ਚਲੋ ਸਾਡਾ ਲੀਡਰ ਸਾਡੀ ਵੀ ਸੇਵਾ ਕਰਦਾ ਹੈ। ਊਂ ਜੇ ਤੁਸੀਂ ਉਹ ਵੀ ਨਾ ਕਰੋ ਤਾਂ ਕੋਈ ਗੱਲ ਨਹੀਂ ਵੋਟਾਂ ਤਾਂ ਫੇਰ ਵੀ ਅਸੀਂ ਤੁਹਾਨੂੰ ਹੀ ਪਾਉਣੀਆਂ ਹਨ।

ਸਾਨੂੰ ਜਦੋਂ ਕੋਈ ਆ ਕੇ ਦੱਸਦਾ ਹੈ ਬਈ ਫਲਾਣੇ ਲੀਡਰ ਦੀਆਂ ਪੰਜ ਤੋਂ ਪੰਜ ਸੌ ਬੱਸਾਂ ਹੋ ਗਈਆਂ ਧਰਮ ਨਾਲ ਸਾਡਾ ਸੀਨਾ ਮਾਣ ਨਾਲ ਗੱਜ ਚੌੜਾ ਹੋ ਜਾਂਦਾ ਹੈ। ਸਾਡੀ ਆਵਦੀ ਭਾਵੇਂ ਪੰਜ ਕਿੱਲਿਆਂ ਤੋਂ ਪੰਜ ਕਨਾਲਾਂ ਰਹਿਜੇ... ਕੋਈ ਫ਼ਿਕਰ ਨਹੀਂ। ਪਿਛਲੇ ਸੱਤਰ ਸਾਲਾਂ ਤੋਂ ਸਾਡੀਆਂ ਸੱਤ ਪੀੜ੍ਹੀਆਂ ਅੱਖਾਂ ਬੰਦ ਕਰ ਕੇ ਤੁਹਾਨੂੰ ਵੋਟਾਂ ਪਾਈ ਜਾਂਦੀਆਂ ਨੇ। ਤੁਸੀਂ ਭਾਵੇਂ ਸਾਨੂੰ ਖ਼ੁਦਕੁਸ਼ੀਆਂ ਦੇ ਰਾਹ ਪਾ ਦਿੱਤਾ ਪਰ ਅਸੀਂ ਕਦੇ ਥੋਨੂੰ ਸਵਾਲ ਕੀਤਾ ਹੈ। ਸਾਡੇ ਮੂੰਹੋਂ ਕਦੇ ਸੁਣਿਆ ਹੈ ਬਈ ਅਸੀਂ ਤੁਹਾਨੂੰ ਵੋਟ ਨਹੀਂ ਪਾਉਂਦੇ। ਅਸੀਂ ਪੀੜ੍ਹੀਆਂ ਤੋਂ ਤੁਹਾਡੇ ਮੁਰੀਦ ਹਾਂ। ਤੁਸੀਂ ਭਾਵੇਂ ਸਾਨੂੰ ਕੁੱਟੋ ਭਾਵੇਂ ਮਾਰੋ ਸਾਡੀ ਵਫ਼ਾਦਾਰੀ 'ਚ ਕਦੇ ਕੋਈ ਕਮੀ ਨਹੀਂ ਆਉਣੀ। •

ਕਹਾਣੀ

# ਠੰਢੀ ਰਾਖ

*ਕਹਿੰਦੇ ਨੇ ਸ਼ਰੀਕ ਮਿੱਟੀ ਦਾ ਵੀ ਮਾੜਾ ਹੁੰਦਾ ਪਰ ਇਸ ਕਹਾਣੀ ਵਿਚਲੇ ਸ਼ਰੀਕ ਤਾਂ ਧਨਾਢ ਹਨ। ਅਮੀਰ ਬੰਦਾ ਕਦੋਂ ਬਰਦਾਸ਼ਤ ਕਰਦਾ ਕਿ ਕੋਈ ਉਸ ਨੂੰ ਨਾਂਹ ਕਰੇ। ਆਪਣੀ ਹਿੰਡ ਪੁਗਾਉਣ ਅਤੇ ਜ਼ਮੀਨ ਹੜੱਪਣ ਲਈ ਉਸ ਇਕ ਮਾਸੂਮ ਦੀ ਬਲੀ ਲੈ ਲਈ...*





• ਰਜਿੰਦਰ ਸਿੰਘ ਢੱਡਾ
82849-16049

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਉਸਨੇ ਅਸਲੀ ਰੁੱਕਾ ਅੰਦਰ ਟਰੰਕ ਵਿਚ ਰੱਖ ਦਿੱਤਾ ਅਤੇ ਉਹ ਫੋਟੋ ਸਟੇਟ ਵਾਲੀ ਕਾਪੀ ਆਪਣੇ ਖੀਸੇ ਵਿਚ ਪਾ ਕੇ ਧੀ ਨੂੰ ਲੈਣ ਅੱਡੇ ਵੱਲ ਚੱਲ ਗਿਆ। ਧੀ ਬਾਰੇ ਉਸ ਨੂੰ ਬੁਰੇ-ਬੁਰੇ ਖ਼ਿਆਲਾਂ ਨੇ ਉਸ ਨੂੰ ਜਕੜ ਲਿਆ ਸੀ। ਫਿਰ ਉਹ ਸੋਚਣ ਲੱਗਾ ਅਗਰ ਉਹ ਇਕੱਲਾ ਧੀ ਨੂੰ ਲੈਣ ਉਨ੍ਹਾਂ ਦੇ ਘਰ ਗਿਆ ਤਾਂ ਉਹ ਸ਼ਾਇਦ ਉਸ ਨੂੰ ਧੀ ਨਾਲ ਮਿਲਣ ਹੀ ਨਾ ਦੇਣ। ਕਿਉਂ ਨਾ ਪੁਲਿਸ ਦੀ ਮਦਦ ਲਈ ਜਾਵੇ। ਲਾਗਲੇ ਪੁਲਿਸ ਥਾਣੇ ਦਾ ਪਤਾ ਕਰ ਕੇ ਬਾਬਾ ਉੱਥੇ ਪਹੁੰਚ ਗਿਆ। ਥਾਣਾ ਮੁਖੀ ਆਪਣੇ ਦਫ਼ਤਰ ਅੰਦਰ ਹੀ ਬੈਠਾ ਸੀ। ਬਾਬੇ ਨੇ ਹੱਥ ਜੋੜ ਕੇ ਫ਼ਤਹਿ ਬੁਲਾਈ। ਥਾਣੇਦਾਰ ਨੇ ਬਾਬੇ ਨੂੰ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ।

'ਬਾਬਾ ਜੀ ਕਿਵੇਂ ਆਉਣਾ ਹੋਇਆ?'

'ਜਨਾਬ ਇੱਥੇ ਲਾਗੇ ਹੀ ਕੁਰਾਲੀਆ ਪਿੰਡ ਵਿਚ ਮੇਰੀ ਧੀ ਵਿਆਹੀ ਹੋਈ ਹੈ, ਉਸ ਦੇ ਸਹੁਰੇ ਉਸ ਨੂੰ ਬਹੁਤ ਤੰਗ-ਪਰੇਸ਼ਾਨ ਕਰਦੇ ਹਨ। ਘਰ ਵਿਚ ਉਸ ਨੂੰ ਇਕ ਕਿਸਮ ਦਾ ਗ਼ੁਲਾਮ ਬਣਾ ਕੇ ਹੀ ਰੱਖਿਆ ਹੋਇਆ ਹੈ। ਕਿਰਪਾ ਕਰ ਕੇ ਮੇਰੀ ਧੀ ਨੂੰ ਉਨ੍ਹਾਂ ਦੇ ਚੁੰਗਲ ਵਿੱਚੋਂ ਛੁਡਾਉਣ ਲਈ ਮੇਰੀ ਮਦਦ ਕਰੋ।'

'ਅੱਛਾ...ਅੱਛਾ.... ਤਾਂ ਤੂੰ ਉਨ੍ਹਾਂ ਏਜੰਟਾਂ ਦੀ ਨੂੰਹ ਦੀ ਗੱਲ ਕਰਦਾਂ?"

'ਜੀ ਜਨਾਬ!'

'ਬਾਬਾ ਤੇਰੀ ਧੀ ਨੇ ਤਾਂ ਕਲ੍ਹ ਹੀ ਮਿੱਟੀ ਦਾ ਤੇਲ ਪਾ ਕੇ ਸੁਸਾਇਡ ਕਰ ਲਿਆ।'

'ਕੀ ਕਰ ਲਿਆ?'

'ਸੁਸਾਇਡ ਮਤਲਬ ਆਤਮ ਹੱਤਿਆ।' ਉਸ ਦੇ ਹੱਥਾਂ ਦਾ ਲਿਖਿਆ ਸੁਸਾਇਡ ਤੈਨੂੰ ਮੈਂ ਪੜ੍ਹ ਕੇ ਸੁਣਾਉਂਦਾਂ।

" ਮੈਂ ਆਪਣੀ ਮਰਜ਼ੀ ਨਾਲ ਸੁਸਾਇਡ ਕਰ ਰਹੀ ਹਾਂ। ਇਨ੍ਹਾਂ ਨੂੰ ਮੇਰਾ ਬਾਹਰਲੇ ਬੰਦਿਆਂ ਨਾਲ ਮਿਲਣਾ ਜੁਲਣਾ ਪਸੰਦ ਨਹੀਂ ਸੀ। ਮੈਂ ਇਸ ਤਰ੍ਹਾਂ ਘਰ ਦੀ ਬੰਦਿਸ਼ ਵਿਚ ਨਹੀਂ ਰਹਿ ਸਕਦੀ। ਮੈਂ ਸੁਸਾਇਡ ਕਰ ਰਹੀ ਹਾਂ ਇਸ ਵਿਚ ਇਸ ਘਰ ਦੇ ਕਿਸੇ ਵੀ ਫੈਮਿਲੀ ਮੈਂਬਰ ਦਾ ਕੋਈ ਫਾਲਟ ਨਹੀਂ ਹੈ ਇਨ੍ਹਾਂ 'ਤੇ ਕੋਈ ਐਕਸ਼ਨ ਨਾ ਲਿਆ ਜਾਵੇ।'

ਸਿਮਰਜੀਤ ਕੌਰ

ਇਹ ਸਭ ਸੁਣ ਕੇ ਬਾਬੇ ਬਿਸ਼ਨੇ ਦੇ ਹੋਸ਼ ਉੱਡ ਗਏ।

'ਤਾਂ ਉਨ੍ਹਾਂ ਮੇਰੀ ਧੀ ਨੂੰ ਮਾਰ ਹੀ ਦਿੱਤਾ।'

'ਉਨ੍ਹਾਂ ਨੀ ਮਾਰਿਆ ਉਹ ਤਾਂ ਖ਼ੁਦ ਮਰੀ। ਇਹੋ ਜਿਹੀ ਅਯਾਸ਼ ਕੁੜੀ ਨੂੰ ਤਾਂ ਬਾਬਾ ਘਰੇ ਹੀ ਮਾਰ ਦਿੰਦਾ।'

'ਥਾਣੇਦਾਰਾ ਕੁਝ ਉੱਪਰ ਵਾਲੇ ਦਾ ਖ਼ੌਫ਼ ਖਾਹ। ਤੂੰ ਵੀ ਨਿੱਕਿਆਂ ਨਿਆਣਿਆਂ ਵਾਲਾ ਲੱਗਦਾਂ, ਇਕ ਰੁੱਕਾ ਜਿਹਾ ਖ਼ੁਦ ਲਿਖ ਕੇ ਤੈਨੂੰ ਉਨ੍ਹਾਂ ਫੜ੍ਹਾ ਦਿੱਤਾ ਤੇ ਤੂੰ ਇਸ ਕਤਲ ਦੀ ਕੋਈ ਤਫਤੀਸ਼ ਨਹੀਂ ਕੀਤੀ। ਉਨ੍ਹਾਂ ਧੋਖੇ ਨਾਲ ਅੱਠ ਕਿੱਲੇ ਪੈਲੀ ਇਕ ਕਰੋੜ ਦੀ ਵੇਚ ਦਿੱਤੀ ਜੋ ਮੇਰੀ ਧੀ ਦੇ ਨਾਂ ਸੀ ਅਤੇ ਮੇਰੀ ਧੀ ਨੂੰ ਉਨ੍ਹਾਂ ਮਾਰ ਦਿੱਤਾ। ਉਸ ਇਕ ਕਰੋੜ ਵਿੱਚੋਂ ਕੁਝ ਹਿੱਸਾ ਤੇਰੀ ਜੇਬ ਵਿਚ ਵੀ ਪੈ ਗਿਆ ਹੋਣਾ ਤਾਂ ਤੇਰੀ ਜ਼ਬਾਨ ਬੰਦ ਹੋ ਗਈ।'

'ਯਾਦ ਰੱਖੀਂ ਜੁਰਮ ਕਰਨ ਵਾਲਾ ਕਿਤੇ ਨਾ ਕਿਤੇ ਕੋਈ ਨਾ ਕੋਈ ਸਬੂਤ ਛੱਡ ਹੀ ਜਾਂਦਾ। ਸ਼ਾਇਦ ਤੈਨੂੰ ਪਤਾ ਨੀਂ ਹੋਣਾ ਕਿ ਮੇਰੀ ਧੀ ਤਾਂ ਪੰਜਵੀਂ ਤਕ ਹੀ ਪੜ੍ਹੀ ਸੀ। ਉਹ ਆਹ ਗਰੇਜੀ ਗਰੂਜੀ ਦੇ ਅੱਖਰ ਤਾਂ ਜਾਣਦੀ ਹੀ ਨਹੀਂ ਸੀ। ਜੋ ਇਸ ਰੁੱਕੇ ਵਿਚ ਲਿਖਕੇ ਤੈਨੂੰ ਦਿੱਤੇ ਗਏ। ਆ ਦੇਖ ਇਕ ਚਿੱਠੀ ਜੋ ਮੇਰੀ ਧੀ ਨੇ ਮੈਨੂੰ ਲਿਖੀ ਜਿਸ ਵਿਚ ਉਸ 'ਤੇ ਹੋ ਰਹੇ ਜ਼ੁਲਮਾਂ ਬਾਰੇ ਲਿਖਿਆ।'

ਬਾਬੇ ਬਿਸ਼ਨੇ ਨੇ ਉਹੀ ਫੋਟੋ ਕਾਪੀ ਥਾਣੇਦਾਰ ਨੂੰ ਦਿੱਤੀ। ਥਾਣੇਦਾਰ ਨੇ ਸਾਰੀ ਚਿੱਠੀ ਪੜ੍ਹੀ।

'ਇਸ ਦੀ ਅਸਲੀ ਕਾਪੀ ਕਿੱਥੇ ਆ?'

'ਥਾਣੇਦਾਰਾ ਇਸ ਦੀ ਅਸਲੀ ਕਾਪੀ ਮੈਂ ਉੱਪਰ ਪੇਸ਼ ਕਰੂੰ। ਯਾਦ ਰੱਖੀ ਮੇਰੀ ਧੀ ਦੇ ਕਤਲ ਵਿਚ ਤੂੰ ਵੀ ਓਨਾ ਹੀ ਭਾਈਵਾਲ ਏ ਜਿੰਨੇ ਉਹ।'

ਇੰਨੀ ਗੱਲ ਕਹਿ ਕੇ ਬਾਬਾ ਉੱਠ ਕੇ ਬਾਹਰ ਨੂੰ ਜਾਣ ਲੱਗਾ ਤਾਂ ਇਕਦਮ ਥਾਣੇਦਾਰ ਉੱਠ ਕੇ ਬਾਬੇ ਦੇ ਗੋਡਿਆਂ ਨੂੰ ਹੱਥ ਲਾ ਕੇ ਬੋਲਿਆ।

'ਬਾਬਾ ਜੀ ਮੈਂ ਹੱਥ ਜੋੜ ਕੇ ਤੁਹਾਡੇ ਕੋਲੋਂ ਮਾਫ਼ੀ ਮੰਗਦਾ ਮੈਨੂੰ ਮੇਰੇ ਬੱਚਿਆਂ ਦੀ ਸਹੁੰ, ਮੈਨੂੰ ਮੇਰੇ ਰੱਬ ਦੀ ਸਹੁੰ, ਮੈਂ ਕੁੱਤੀ ਦਾ ਪੁੱਤ ਹੋਵਾਂ ਜੇ ਮੈਨੂੰ ਸੱਚਾਈ ਦਾ ਪਤਾ ਹੋਵੇ। ਇਕ ਮਿੰਟ ਬੈਠੋ ਮੈਂ ਤੁਹਾਨੂੰ ਸਭ ਸੱਚੋ ਸੱਚ ਦੱਸਦਾਂ।'

ਬਾਬਾ ਬਿਸ਼ਨਾ ਉੱਥੇ ਬੈਠਣਾ ਨਹੀਂ ਸੀ ਚਾਹੁੰਦਾ। ਉਸ ਦਾ ਦਿਲ ਫਟਦਾ ਜਾ ਰਿਹਾ ਸੀ। ਉਸ ਦੀ ਧੀ ਦੂਰ ਜਾ ਚੁੱਕੀ ਸੀ। ਫਿਰ ਵੀ ਥਾਣੇਦਾਰ ਨੇ ਮਿੰਨਤਾਂ ਤਰਲੇ ਕਰ ਕੇ ਬਾਬੇ ਨੂੰ ਬਿਠਾ ਲਿਆ।

"ਬਾਬਾ ਜੀ ਮੈਨੂੰ ਨਹੀਂ ਸੀ ਪਤਾ ਇਹ ਸਾਲੇ ਇੰਨੇ ਘਟੀਆ ਬੰਦੇ ਆ ਤੁਸੀਂ ਯਕੀਨ ਕਰਿਓ ਕਦੀ ਏਜੰਟ ਆਪ ਆਉਂਦਾ, ਕਦੀ ਕਿਸੇ ਨੂੰ ਭੇਜਦਾ ਕਿ ਉਨ੍ਹਾਂ ਦੀ ਵਹੁਟੀ ਨੇ ਜੀਣਾ ਹਰਾਮ ਕੀਤਾ ਹੋਇਆ ਹੈ। ਉਹ ਬਾਹਰਲੇ ਬੰਦਿਆਂ ਨਾਲ ਮਿਲਦੀ-ਜੁਲਦੀ ਹੈ। ਵੱਖ-ਵੱਖ ਬੰਦੇ ਆ ਕੇ ਮੇਰੇ ਪਾਸ ਉਹੀ ਬੋਲੀ ਬੋਲਦੇ। ਮੇਰਾ ਤਾਂ ਉਨ੍ਹਾਂ ਨੇ ਪੂਰੀ ਤਰ੍ਹਾਂ ਬਰੇਨ ਵਾਸ਼ ਕਰ ਦਿੱਤਾ ਸੀ। ਪਰ ਤੁਸੀਂ ਵੇਖਦੇ ਜਾਓ ਮੈਂ ਕਿੱਦਾਂ ਸੱਚਾਈ ਉਗਲਾ ਲੈਨਾਂ ਹੁਣੇ। ਇਨ੍ਹਾਂ ਕੁੱਤੀ ਦੇ ਪੁੱਤਾਂ ਨੇ ਮੈਨੂੰ ਹੀ ਬੇਵਕੂਫ਼ ਬਣਾ ਦਿੱਤਾ। ਪਰ ਸ਼ਾਇਦ ਇਨ੍ਹਾਂ ਨੂੰ ਪਤਾ ਨਹੀਂ ਮੇਰਾ ਨਾਂ ਵੀ ਖੁਸ਼ਵੰਤ ਸਿੰਘ ਠੁੱਡਮਾਰ ਆ। ਮੈਂ ਤਾਂ ਠੁੱਡੇ ਮਾਰ-ਮਾਰ ਅਗਲੇ ਦੀ ਭੜੀਂ ਕੱਢ ਦਿੰਦਾ ਹੁੰਨਾ। ਆ ਬਾਬਾ ਤੇਰੀ ਧੀ ਦਾ ਲਿਖਿਆ ਰੁੱਕਾ ਹੀ ਉਨ੍ਹਾਂ ਨੂੰ ਫਾਂਸੀ ਦੇ ਫੰਦੇ ਤਕ ਪਹੁੰਚਾਉਣ ਲਈ ਕਾਫ਼ੀ ਆ। ਬਾਬਾ ਉਹ ਤੇਰੀ ਧੀ ਨਹੀਂ ਸੀ ਉਹ ਮੇਰੀ ਵੀ ਧੀ ਸੀ। ਜਿਸ ਨੂੰ ਉਨ੍ਹਾਂ ਕੰਜਰਾਂ ਨੇ ਖ਼ੁਦ ਅੱਗ ਲਾ ਕੇ ਫੂਕ ਦਿੱਤਾ। ਤੂੰ ਦੇਖਦਾ ਜਾਈਂ 302 ਦਾ ਬਣਾਊਂ ਕੇਸ ਤੇ ਜਾਅਲੀ ਰਜਿਸਟਰੀ ਕਰਾਉਣ ਲਈ ਉਨ੍ਹਾਂ ਦੀ ਕੁੜੀ 'ਤੇ ਪਾਊਂ 420 ਤੇ ਧੋਖਾਧੜੀ ਦਾ ਕੇਸ ਤੇ ਨਾਲੇ ਉਨ੍ਹਾਂ ਦੇ ਮੁੰਡੇ ਦੀ ਕਰਾਊਂ ਡਾਕਟਰੀ ਜੋ ਸਾਲਾ ਖ਼ੁਦ ਬਿਮਾਰੀ ਦਾ ਮਾਰਿਆ ਸੀ। ਇਕ ਭੋਲੀ ਭਾਲੀ ਕੁੜੀ ਦੀ ਜ਼ਿੰਦਗੀ ਕਾਹਤੋਂ ਖਰਾਬ ਕੀਤੀ। ਬਸ ਬਾਬਾ ਜੀ ਦੇਖਦੇ ਜਾਓ ਮੈਂ ਕਿੱਦਾਂ ਇਨ੍ਹਾਂ ਦੇ ਡੰਡਾ ਚਾੜ੍ਹਦਾਂ। "

ਥਾਣੇਦਾਰ ਨੇ ਇਕ ਏ.ਐੱਸ.ਆਈ ਤੇ ਤਿੰਨ ਸਿਪਾਹੀਆਂ ਨੂੰ ਹੁਕਮ ਦਿੱਤਾ,'ਉਏ ਅਵਤਾਰ ਉਨ੍ਹਾਂ ਚਾਰਾਂ ਨੂੰ ਮੁਸ਼ਕਾਂ ਬੰਨ੍ਹ ਕੇ ਮੇਰੇ ਪਾਸ ਲੈ ਕੇ ਆਓ, ਖ਼ਾਲੀ ਹੱਥੀਂ ਨਹੀਂ ਆਉਣਾ।'

ਅਵਤਾਰ ਸਿੰਘ ਏ.ਐੱਸ.ਆਈ ਥਾਣੇ ਦੀ ਗੱਡੀ ਵਿਚ ਪੁਲਿਸ ਕਰਮਚਾਰੀਆਂ ਨੂੰ ਬਿਠਾ ਕੇ ਨਾਜ਼ਰ ਸਿੰਘ ਤੇ ਉਸਦੇ ਪਰਿਵਾਰ ਨੂੰ ਲੈਣ ਚਲਾ ਗਿਆ।

ਦਫ਼ਤਰ ਵਿਚ ਬੈਠ ਕੇ ਥਾਣੇਦਾਰ ਨੇ ਬਾਬੇ ਨੂੰ ਜ਼ਮੀਨ ਸਬੰਧੀ ਪੁੱਛਿਆ ਕਿ ਉਸ ਕਿਸ ਪਾਸ ਤੇ ਕਿਵੇਂ ਵੇਚੀ। ਬਾਬੇ ਨੇ ਪਿੰਡ ਦੇ ਸਵਰਨੇ ਬਾਰੇ ਸਾਰਾ ਕੁੱਝ ਥਾਣੇਦਾਰ ਨੂੰ ਦੱਸ ਦਿੱਤਾ। ਤਕਰੀਬਨ ਪੰਜ ਕੁ ਵਜੇ ਪੁਲਿਸ ਕਰਮਚਾਰੀ ਏਜੰਟ ਨਾਜ਼ਰ ਸਿੰਘ ਨੂੰ ਫੜ ਕੇ ਲੈ ਆਏ। ਬਾਕੀ ਤਿੰਨੋਂ ਘਰ ਨਹੀਂ ਸਨ।

"ਅਵਤਾਰ ਸਿਆਂ ਦੋ ਲੇਡੀਜ਼ ਸਟਾਫ਼ ਨੂੰ ਲੈ ਕੇ ਮਾਂ ਤੇ ਧੀ ਨੂੰ ਵੀ ਫੜ ਕੇ ਜਿੱਥੇ ਉਹ ਹੋਣ ਅੱਜ ਹੀ ਰਾਤ ਲੈ ਕੇ ਆਓ ਤੇ ਨਾਲੇ ਉਸ ਸਾਲੇ ਗੰਦੀ ਨਾਲੀ ਦੇ ਕੀੜੇ ਨੂੰ ਵੀ। ਭੈਣ ਚੋ ਰੰਡੀਆਂ ਕੋਲ ਜਾ-ਜਾ ਕੇ ਆਪ ਤਾਂ ਕੀੜੇ ਪਵਾ ਲਏ ਤੇ ਇਕ ਭੋਲੀ ਭਾਲੀ ਕੁੜੀ ਨਾਲ ਵਿਆਹ ਕਰ ਕੇ ਜ਼ਮੀਨ ਖ਼ਾਤਰ ਉਸ ਨੂੰ ਵੀ ਮਾਰ ਦਿੱਤਾ ਕੁੱਤੀ ਦੇ ਪੁੱਤਾਂ ਨੇ। ਉਏ ਮੀਕੇ ਪਾ ਇਸ ਧੀ ਦੇ ਖਸਮ ਨੂੰ ਪੁੱਠਾ ਲੰਮਾ ਤੇ ਬੈਠ ਇਹਦੇ ਢੂਹੇ 'ਤੇ। ਫੜ ਇਹ ਦੀਆਂ ਲੱਤਾਂ ਗਿੱਟਿਆਂ ਤੋਂ।'

ਅਮਰੀਕ ਸਿੰਘ ਸਿਪਾਹੀ ਨੇ ਏਜੰਟ ਨੂੰ ਪੁੱਠਾ ਲੰਮਾ ਪਾ ਕੇ ਉਸਨੂੰ ਗਿੱਟਿਆਂ ਤੋਂ ਫੜ ਲਿਆ ਤੇ ਥਾਣੇਦਾਰ ਨੇ ਪੰਜ-ਛੇ ਬੈਂਤਾਂ ਪੂਰੇ ਜ਼ੋਰ ਨਾਲ ਏਜੰਟ ਦੇ ਪੈਰਾਂ 'ਤੇ ਮਾਰੀਆਂ। ਏਜੰਟ ਦਾ ਅੜ੍ਹਾਟ ਪੂਰੇ ਥਾਣੇ ਵਿਚ ਸੁਣਾਈ ਦਿੱਤਾ।

" ਕਿਉਂ ਸਾਲਿਆਂ ਤੂੰ ਤੇ ਆਂਦਾ ਸੀ ਸਾਡੀ ਵਹੁਟੀ ਬਾਹਰੋਂ ਬੰਦੇ ਬੁਲਾਉਂਦੀ ਹੈ। ਕੰਜਰਾ ਬੰਦੇ ਤਾਂ ਤੇਰੀ ਧੀ ਬਾਹਰੋਂ ਬੁਲਾਉਂਦੀ ਸੀ। ਖੋਤੇ ਦੇ ਖੁਰਾ ਧੀ ਨੂੰ ਵਹੁਟੀ ਬਣਾ ਕੇ ਤਹਿਸੀਲੇ ਜਾ ਕੇ ਫੋਟੋ ਖਿੱਚਵਾ ਲਈ ਤੇ ਜ਼ਮੀਨ ਦਾ ਇਕ ਕਰੋੜ ਹਜ਼ਮ ਕਰ ਲਿਆ। ਕੱਲ੍ਹ ਨੂੰ ਪੇਸ਼ ਕਰਕੇ ਅਦਾਲਤ ਵਿਚ ਲੈਂਨਾ ਤੁਹਾਡਾ ਰਿਮਾਂਡ..... ਕਰ ਉਏ ਇਸ ਸਾਲੇ ਨੂੰ ਅੰਦਰ।"

ਥੋੜ੍ਹਾ-ਥੋੜ੍ਹਾ ਹਨੇਰਾ ਹੋ ਚੱਲਿਆ ਸੀ। ਥਾਣੇਦਾਰ ਨੇ ਚਾਹ ਮੰਗਵਾਈ ਤੇ ਚਾਹ ਪੀਂਦੇ-ਪੀਂਦੇ ਥਾਣੇਦਾਰ ਬੋਲਿਆ, "ਬਾਬਾ ਜੀ ਇਹੋ ਜਿਹੇ ਬੰਦਿਆਂ ਦਾ ਵਿਆਹ ਤੋਂ ਪਹਿਲਾਂ ਪਤਾ ਕਰ ਲੈਣਾ ਸੀ। ਚਲੋ ਉਸ ਵਿਚਾਰੀ ਦੇ ਸਾਹ ਇੰਨੇ ਹੀ ਲਿਖੇ ਹੋਏ ਸੀ। ਪਰ ਯਕੀਨ ਕਰਿਓ ਛੱਡਦਾ ਮੈਂ ਇਨ੍ਹਾਂ ਨੂੰ ਵੀ ਨਹੀਂ। ਬਾਬਾ ਜੀ ਤੁਸੀਂ ਸਹਿਮਤ ਹੋਵੋ ਤਾਂ ਇਉਂ ਕਰੀਏ ਬੇਟੀ ਦੇ ਅਸਥ ਚੁੱਗ ਲਈਏ। ਇਨ੍ਹਾਂ ਨੂੰ ਤਾਂ ਮੈਂ ਹੁਣ ਥਾਣਿਉਂ ਬਾਹਰ ਨਿਕਲ ਨਹੀਂ ਦੇਣਾ। ਇਸ ਤਰ੍ਹਾਂ ਹੋਰ ਕਿਸੇ ਨੇ ਬੇਟੀ ਦੇ ਅਸਥ ਨਹੀਂ ਚੁੱਗਣੇ ਕਿਉਂ ਨਾ ਆਪਾਂ ਜਾ ਕੇ ਹੁਣੇ ਹੀ ਬੇਟੀ ਦੇ ਅਸਥ ਚੁੱਗ ਲਿਆਈਏ। ਬੇਟੀ ਦਾ ਦਾਗ ਕੱਲ੍ਹ ਦਾ ਦਿੱਤਾ ਹੋਇਆ, ਰਾਖ ਤਾਂ ਕਲ੍ਹ ਦੀ ਹੀ ਠੰਢੀ ਹੋ ਗਈ ਹੋਣੀ ਆ।"

" ਜਿਵੇਂ ਤੁਹਾਡੀ ਮਰਜ਼ੀ" ਬਾਬਾ ਇੰਨਾ ਹੀ ਆਖ ਸਕਿਆ। ਥਾਣੇਦਾਰ ਨੇ ਮੀਕੇ ਨੂੰ ਆਵਾਜ਼ ਮਾਰੀ। ਅਮਰੀਕ ਸਿੰਘ ਜਿਸ ਨੂੰ ਥਾਣੇ ਵਿਚ ਸਾਰੇ ਮੀਕਾ ਹੀ ਸੱਦਦੇ ਸਨ ਥਾਣੇਦਾਰ ਦਾ ਖ਼ਾਸਮਖ਼ਾਸ ਬੰਦਾ ਸੀ। ਉਹ ਥਾਣੇਦਾਰ ਦੇ ਸਾਰੇ ਇੱਕਾ-ਦੁੱਕਾ ਕੰਮਾਂ ਦਾ ਰਾਜ਼ਦਾਰ ਸੀ। ਥਾਣੇਦਾਰ ਦਾ ਸਾਰਾ ਲੈਣ-ਦੇਣ ਉਸਦੇ ਜਰੀਏ ਹੀ ਹੁੰਦਾ ਸੀ। ਮੀਕਾ ਗੱਡੀ ਦਾ ਡਰਾਈਵਰ ਵੀ ਸੀ।

" ਬਾਬਾ ਜੀ ਆਓ ਮੇਰੇ ਨਾਲ।"

" ਥਾਣੇਦਾਰ ਬਾਬੇ ਬਿਸ਼ਨੇ ਨੂੰ ਲੈ ਕੇ ਗੱਡੀ ਵਿਚ ਬੈਠ ਗਿਆ। ਮੀਕਿਆ ਕੋਈ ਥੈਲੀ ਵਗੈਰਾ ਵੀ ਅਸਥ ਰੱਖਣ ਲਈ ਆਪਣੇ ਨਾਲ ਲੈ ਲੈਣੀ ਸੀ।"

" ਜਨਾਬ ਮੈਂ ਲਿਫ਼ਾਫ਼ਾ ਲੈ ਲਿਆ। ਕੋਈ ਅੱਧੇ ਘੰਟੇ ਵਿਚ ਹੀ ਗੱਡੀ ਪਿੰਡ ਦੇ ਸਿਵਿਆਂ ਵਿਚ ਪਹੁੰਚ ਗਈ। ਗੱਡੀ ਦੀਆਂ ਲਾਈਟਾਂ ਵਿਚ ਥਾਣੇਦਾਰ ਅਤੇ ਮੀਕੇ ਨੇ ਸਿਮਰ ਦੀ ਠੰਢੀ ਹੋਈ ਰਾਖ ਵਿੱਚੋਂ ਅਸਥੀਆਂ ਚੁੱਗਕੇ ਲਿਫ਼ਾਫ਼ੇ ਵਿਚ ਪਾ ਲਈਆਂ। ਬਾਬਾ ਬਿਸ਼ਨਾ ਗੱਡੀ ਨਾਲ ਢੋਅ ਲਾ ਕੇ ਬੁੱਤ ਬਣਿਆ ਧੀ ਦੀ ਠੰਢੀ ਹੋਈ ਰਾਖ ਨੂੰ ਵੇਖ ਰਿਹਾ ਸੀ। ਅੱਖਾਂ ਵਿਚ ਤਾਂ ਹੁਣ ਪਾਣੀ ਵੀ ਨਹੀਂ ਸੀ। ਉਹ ਬੇਵੱਸ ਲਚਾਰ ਬੁੱਢਾ ਆਦਮੀ ਇਸ ਮਤਲਬਪ੍ਰਸਤ ਦੁਨੀਆ ਵਿਰੁੱਧ ਕਰ ਵੀ ਕੀ ਸਕਦਾ ਸੀ।"

" ਜਨਾਬ ਅਸਥੀਆਂ ਤਾਂ ਚੁੱਗ ਲਈਆਂ ਜੇ ਕਹੋ ਤਾਂ ਦਰਿਆ ਇੱਥੋਂ ਲਾਗੇ ਹੀ ਪੈਂਦਾ ਬਾਬਾ ਜੀ ਉੱਥੇ ਅਸਥੀਆਂ ਜਲ-ਪ੍ਰਵਾਹ ਕਰ ਦੇਣਗੇ ਤਾਂ ਅਸੀਂ ਇਨ੍ਹਾਂ ਨੂੰ ਪਿੰਡ ਛੱਡਕੇ ਵਾਪਸ ਆ ਜਾਵਾਂਗੇ।"

" ਗੱਲ ਤਾਂ ਤੇਰੀ ਮੀਕੇ ਠੀਕ ਆ। ਮੇਰੇ ਤਾਂ ਧਿਆਨ ਵਿਚ ਹੀ ਨੀਂ ਆਇਆ। ਪਾਣੀ ਵਿਚ ਧੀ ਦੀਆਂ ਅਸਥੀਆਂ ਤਾਰ ਕੇ ਰੱਬ ਅੱਗੇ ਉਸ ਦੀ ਆਤਮਾ ਲਈ ਸ਼ਾਂਤੀ ਦੀ ਅਰਦਾਸ ਕਰਾਂਗੇ। ਗੱਡੀ ਦਰਿਆ ਵੱਲ ਮੁੜ ਗਈ। ਥੋੜ੍ਹੀ ਦੇਰ ਬਾਅਦ ਦਰਿਆ ਆ ਗਿਆ।

"ਬਾਬਾ ਜੀ ਆ ਲਉ ਧੀ ਦੀਆਂ ਅਸਥੀਆਂ, ਚੱਲੋ ਮੈਂ ਵੀ ਤੁਹਾਡੇ ਨਾਲ ਚੱਲਦਾਂ ਮੇਰੀ ਵੀ ਤਾਂ ਉਹ ਧੀ ਹੀ ਸੀ।"

ਬਾਬੇ ਬਿਸ਼ਨੇ ਨੂੰ ਮੋਢੇ ਤੋਂ ਫੜ ਕੇ ਸਹਾਰਾ ਦਿੰਦਾ ਥਾਣੇਦਾਰ ਬਾਬੇ ਨੂੰ ਵਗਦੇ ਦਰਿਆ ਵੱਲ ਲੈ ਗਿਆ।

" ਬਾਬਾ ਜੀ ਲਓ ਰੱਬ ਦਾ ਨਾਂ ਧੀ ਦੀਆਂ ਅਸਥੀਆਂ ਨੂੰ ਜਲ ਪ੍ਰਵਾਹ ਕਰ ਕੇ ਰੱਬ ਅੱਗੇ ਅਰਦਾਸ ਕਰੋ ਕਿ ਉਹ ਉਸਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇ ਕੇ ਚੁਰਾਸੀ ਦੇ ਗੇੜ ਤੋਂ ਮੁਕਤ ਕਰੇ।"

ਬਾਬੇ ਬਿਸ਼ਨੇ ਨੇ ਥੋੜ੍ਹਾ ਅੱਗੇ ਹੋ ਕੇ ਅਸਥੀਆਂ ਨੂੰ ਪਾਣੀ ਵਿਚ ਸੁੱਟਿਆ। ਇਸ ਦੇ ਨਾਲ ਹੀ 'ਧੜੰਮ' ਦੀ ਇਕ ਆਵਾਜ਼ ਨੇ ਸ਼ਾਂਤ ਚੱਲ ਰਹੇ ਪਾਣੀ ਵਿਚ ਹਲ-ਚੱਲ ਪੈਦਾ ਤਕ ਦਿੱਤੀ। ਥੋੜ੍ਹੀ ਦੇਰ ਪਾਣੀ ਦੀ ਉੱਥਲ-ਪੁੱਥਲ ਹੋਈ ਫਿਰ ਪਾਣੀ ਆਪਣੀ ਤੋਰ ਤੁਰਦਾ ਗਿਆ।

ਜੀਪ ਵਾਪਸ ਥਾਣੇ ਵੱਲ ਮੁੜ ਪਈ। ਮੀਕਾ ਥਾਣੇਦਾਰ ਵੱਲ ਵੇਖ ਕੇ ਥੋੜ੍ਹਾ ਮੁਸਕਰਾਇਆ। ਗੱਡੀ ਵਿਚ ਹੁਣ ਮੀਕਾ ਤੇ ਥਾਣੇਦਾਰ ਹੀ ਸਨ ਪਰ ਬਾਬਾ ਬਿਸ਼ਨਾ ਨਹੀਂ ਸੀ। •



# ਖ਼ਾਲੀ ਹੱਥ ਆਏ ਸਾਂ ਤੇ ਕੀ ਲੈ ਕੇ ਜਾਵਾਂਗੇ?

'ਖ਼ਾਲੀ ਹੱਥ ਆਏ ਹਾਂ ਤੇ ਖ਼ਾਲੀ ਹੱਥ ਜਾਵਾਂਗੇ' ਕਹਾਵਤ ਸਦੀਆਂ ਤੋਂ ਸੁਣਦੇ ਆ ਰਹੇ ਹਾਂ। ਪ੍ਰੰਤੂ ਜਦ ਇਸ ਦਾ ਆਲੋਚਨਾਤਮਿਕ ਵਿਸ਼ਲੇਸ਼ਣ ਕੀਤਾ ਤਾਂ ਇਹ ਗੱਲ ਤੱਥਾਂ ਉੱਪਰ ਪੂਰੀ ਉਤਰਦੀ ਨਜ਼ਰ ਨਹੀਂ ਆਈ। ਮਾਫ਼ ਕਰਨਾ ਮੈਂ ਇਕ ਉਦਾਹਰਣ ਦੇਣ ਲੱਗਿਆ ਹਾਂ। ਸਾਡਾ ਬੱਚਾ ਤਿੰਨ ਚਾਰ ਸਾਲ ਦਾ ਸਾਡੀ ਨੌਕਰਾਣੀ ਦੇ ਛੋਟੇ ਬੱਚੇ ਨਾਲ ਬਹੁਤ ਪਿਆਰ ਨਾਲ ਖੇਡਦਾ ਹੈ ਉਸ ਬੱਚੇ ਦੇ ਕੱਪੜੇ ਸਾਫ਼ ਸੁਥਰੇ ਨਾ ਹੋਣ ਕਾਰਨ ਤੇ ਨਾਲ ਹੀ ਨੌਕਰਾਣੀ ਦਾ ਬੱਚਾ ਹੋਣ ਕਾਰਨ ਅਸੀਂ ਕਈ ਤਰੀਕਿਆਂ ਨਾਲ ਆਪਣੇ ਬੱਚੇ ਨੂੰ ਉਸ ਨਾਲ ਖੇਡਣੋਂ ਰੋਕਣ ਦੀ ਕੋਸ਼ਿਸ਼ ਕਰਦੇ ਹਾਂ ਪ੍ਰੰਤੂ ਅਸੀਂ ਕਾਮਯਾਬ ਨਹੀਂ ਹੁੰਦੇ। ਸਾਡਾ ਬੱਚਾ ਆਪਣੇ ਖਿਡੌਣੇ ਤਕ ਵੀ ਉਸ ਨੂੰ ਦੇ ਦਿੰਦਾ ਹੈ।

ਇਸ ਦਾ ਕਾਰਨ ਹੈ ਕਿ ਜਦ ਅਸੀਂ ਸੰਸਾਰ 'ਤੇ ਆਉਂਦੇ ਹਾਂ ਤਾਂ ਰੱਬ ਸਾਨੂੰ ਆਪਣੇ ਗੁਣਾਂ ਨਾਲ ਭਰਪੂਰ ਭੇਜਦਾ ਹੈ। ਇਸ ਦੇ ਨਾਲ ਹੀ ਵਰਦਾਨ ਹੈ ਕਿ ਇਹ ਗੁਣ ਲੋੜਵੰਦਾਂ ਵਿਚ ਵੰਡਣ ਨਾਲ ਘਟਣਗੇ ਨਹੀਂ ਸਗੋਂ ਵਧਣਗੇ। ਇਨ੍ਹਾਂ ਦੀ ਪੂਰਤੀ ਕਿਸੇ ਨਾ ਕਿਸੇ ਰੂਪ ਵਿਚ ਨਾਲ ਦੀ ਨਾਲ ਹੁੰਦੀ ਰਹੇਗੀ।

ਤਿੰਨ ਚਾਰ ਸਾਲ ਦੀ ਉਮਰ ਤਕ ਸਾਡੇ ਕੋਲ ਰੱਬੀ ਗੁਣ ਹੀ ਹੁੰਦੇ ਹਨ ਤੇ ਸੰਸਾਰਕ ਔਗੁਣਾਂ ਤੋਂ ਵਾਂਝੇ ਹੁੰਦੇ ਹਾਂ। ਜਿਉਂ-ਜਿਉਂ ਅਸੀਂ ਵੱਡੇ ਹੁੰਦੇ ਜਾਂਦੇ ਹਾਂ ਤਾਂ ਪਰਿਵਾਰ ਦੇ ਮੈਂਬਰਾਂ ਤੋਂ ਔਗੁਣ ਸਿੱਖਣ ਲਗ ਜਾਂਦੇ ਹਾਂ ਅਤੇ ਹੌਲੀ-ਹੌਲੀ ਆਪਣੇ ਗੁਣ ਤਿਆਗਦੇ ਜਾਂਦੇ ਹਾਂ। ਹੌਲੀ-ਹੌਲੀ ਮੁਹਾਰਤ ਇੰਨੀ ਹੋ ਜਾਂਦੀ ਹੈ ਕਿ ਸਾਡੇ ਔਗੁਣਾਂ ਦਾ ਪੱਲੜਾ ਗੁਣਾਂ ਦੇ ਪੱਲੜੇ ਨਾਲੋਂ ਭਾਰੂ ਹੋ ਜਾਂਦਾ ਹੈ। ਇੱਥੋਂ ਸ਼ੁਰੂ ਹੁੰਦਾ ਹੈ ਸਾਡੀ ਬੇਚੈਨੀ ਤੇ ਬੇਅਰਾਮੀ ਦਾ ਸਫ਼ਰ ਜਾਂ ਜ਼ਿੰਦਗੀ ਦੇ ਮਾਨਸਿਕ ਤੇ ਸਰੀਰਕ ਦੁੱਖਾਂ ਦਾ ਸਿਲਸਿਲਾ। ਜਿਸ 'ਚ ਲਗਾਤਾਰਤਾ ਆਉਂਦੀ ਰਹਿੰਦੀ ਹੈ।

ਇਸ ਮਾੜੇ ਰੁਝਾਨ ਤੋਂ ਬਚਿਆ ਜਾ ਸਕਦਾ ਹੈ। ਉਸ ਲਈ ਸਾਨੂੰ ਖ਼ਿਆਲ ਰੱਖਣਾ ਹੋਵੇਗਾ ਕਿ ਸਾਡਾ ਔਗੁਣਾਂ ਵਾਲਾ ਪੱਲੜਾ ਭਾਰੂ ਨਾ ਹੋਵੇ। ਜ਼ਿੰਦਗੀ ਜਿਉਂਦਿਆਂ ਕੋਸ਼ਿਸ਼ ਕੀਤੀ ਜਾਵੇ ਜਿਸ ਨਾਲ ਗੁਣ ਕਮਾਏ ਜਾਣ ਤੇ ਔਗੁਣਾਂ ਤੋਂ ਦੂਰ ਰਿਹਾ ਜਾਵੇ। ਇਸ ਪ੍ਰਕਿਰਿਆ ਨੂੰ ਹੀ ਪੂਜਾ ਕਿਹਾ ਗਿਆ ਹੈ। ਇਹ ਕਰਨਾ ਔਖਾ ਹੈ ਤੇ ਅਸੀਂ ਸੱਚੇ ਹੋਣ ਲਈ ਹੋਰ ਸੌਖੇ ਤਰੀਕੇ ਲਭ ਲਏ ਹਨ ਤੇ ਲੋਕਾਂ ਦੀਆਂ ਨਜ਼ਰਾਂ ਵਿਚ ਧਾਰਮਿਕ ਬਣ ਜਾਂਦੇ ਹਾਂ।

• ਸੁਖਦੇਵ ਸਿੰਘ, 9417191916

# ਪੁਸਤਕ ਚਰਚਾ

ਡਾ. ਅਮਰ ਕੋਮਲ ਨਿਰੰਤਰਤਾ ਨਾਲ ਸਾਹਿਤਕ ਰਚਨਾ ਕਰਨ ਵਾਲਾ ਸਾਹਿਤਕਾਰ ਹੈ। ਉਸ ਦੀ ਸਾਹਿਤਕ ਸਾਧਨਾ ਦਾ ਹੀ ਸਿੱਟਾ ਹੈ ਕਿ ਉਸ ਨੇ ਦਰਜਨਾਂ ਸਾਹਿਤਕ ਪੁਸਤਕਾਂ ਦੀ ਰਚਨਾ ਅਤੇ ਸੰਪਾਦਨਾ ਕੀਤੀ ਹੈ। ਡਾ. ਬਲਦੇਵ ਸਿੰਘ ਬੱਦਨ ਦੁਆਰਾ ਡਾ. ਅਮਰ ਕੋਮਲ ਦੀ ਕਾਵਿ-ਰਚਨਾ ਨੂੰ ਆਲੋਚਨਾਤਮਕ ਨਜ਼ਰੀਏ ਤੋਂ ਉਸ ਦੇ ਕਾਵਿ ਸੰਗ੍ਰਹਿਆਂ ਦੀ ਪਰਖ ਪੜਚੋਲ ਦੇ ਰੂਪ ਵਿਚ ਆਪਣੀ ਨਵੀਂ ਪੁਸਤਕ 'ਦਾਰਸ਼ਨਿਕ ਤੇ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਡਾ. ਅਮਰ ਕੋਮਲ ਦੀ ਕਾਵਿ ਚੇਤਨਾ ਦੇ ਮਾਨਵੀ ਸਰੋਕਾਰ' ਪਾਠਕਾਂ ਦੇ ਰੂ-ਬ-ਰੂ ਕੀਤੀ ਗਈ ਹੈ। ਉਸ ਦੀਆਂ ਪਹਿਲੀਆਂ ਤਿੰਨ ਪੁਸਤਕਾਂ 'ਨੂਰ ਦੇ ਫੁੱਲ','ਬੰਦਨਬਾਰ' ਅਤੇ 'ਕਿਰਨਾਂ ਦੇ ਸਿਰਨਾਵੇਂ' ਬਾਰੇ ਅਧਿਐਨ ਪ੍ਰਸਤੁਤ ਕਰਦਿਆਂ ਡਾ. ਬੱਦਨ ਨੇ ਆਪਣੀ ਧਾਰਨਾ ਪੇਸ਼ ਕੀਤੀ ਹੈ ਕਿ ਉਸਦੀ ਮਾਨਵੀ ਦ੍ਰਿਸ਼ਟੀ ਸਮੁੱਚੀ ਦੁਨੀਆ ਲਈ ਸ਼ਾਂਤੀ, ਸੁੱਖ ਅਤੇ ਸੁਤੰਤਰਤਾ ਦਾ ਸੁਨੇਹਾ ਦਿੰਦੀ ਹੈ। ਉਸ ਦਾ ਵਿਚਾਰ ਹੈ ਕਿ ਇਨ੍ਹਾਂ ਕਵਿਤਾਵਾਂ ਵਿਚ ਉਸ ਦੀ ਆਸ਼ਾਵਾਦੀ ਪਹੁੰਚ ਦੀ ਥਹੁ ਵੀ ਲਗਦੀ ਹੈ।

ਇਸ ਤੋਂ ਪਿੱਛੋਂ ਉਸ ਦੇ ਤਿੰਨ ਹੋਰ ਕਾਵਿ ਸੰਗ੍ਰਹਿਆਂ 'ਮੇਰਾ ਸਲਾਮ', 'ਸਤਯਮੇਵ ਜਯਤੇ' ਅਤੇ 'ਤਥਾ ਅਸਤੂ' ਵਿਚ ਸਮੁੱਚੇ ਰੂਪ ਵਿਚ ਉਸ ਦੀ ਧਾਰਨਾ ਹੈ ਕਿ ਸੂਚਨਾ ਅਤੇ ਤਕਨਾਲੋਜੀ ਨੇ ਪੂੰਜੀਵਾਦ ਦਾ ਫੈਲਾਓ ਕੀਤਾ ਹੈ ਪਰ ਮਿਹਨਤੀ ਵਿਅਕਤੀ ਦੇ ਹੱਕ ਹਮੇਸ਼ਾ ਹੀ ਨਿਗੂਣੇ ਹੀ ਰਹੇ। ਤੀਜੇ ਅਧਿਆਇ ਵਿਚ ਅਧਿਐਨ ਕਰਤਾ ਨੇ 'ਉਸ ਨੂੰ ਮੇਰਾ ਸਲਾਮ' ਕਵਿਤਾ ਦੀਆਂ ਪਾਠਗਤ ਵਿਸ਼ੇਸ਼ਤਾਵਾਂ ਦਾ ਵਿਹਾਰਕ ਅਧਿਐਨ ਪ੍ਰਸਤੁਤ ਕੀਤਾ ਹੈ।

ਇਸ ਤੋਂ ਇਲਾਵਾ ਪੁਸਤਕ ਵਿਚ 'ਮੇਰੇ ਸਾਹਿਬ ਜੀਓ' ਕਾਵਿ ਸੰਗ੍ਰਹਿ ਬਾਰੇ ਡਾ. ਬੱਦਨ ਨੇ ਇਸ ਨੂੰ ਪਰਮਾਤਮਾ ਅਤੇ ਆਤਮ ਦੇ ਬੌਧਿਕ ਸੰਕਟ ਦੀ ਕਵਿਤਾ ਕਿਹਾ ਹੈ ਜਿਸ ਵਿਚ ਕਵੀ ਨੇ ਦਾਰਸ਼ਨਿਕ ਸ਼ੈਲੀ ਵਿਚ ਹਕੀਕਤ ਦੀ ਪਛਾਣ ਕਰਨ ਅਤੇ ਜਾਗ੍ਰਿਤ ਅਵਸਥਾ ਵਿਚ ਵਿਚਰਨ ਬਾਰੇ ਕਾਵਿਕ ਸਿਰਜਣਾ ਪੇਸ਼ ਕੀਤੀ ਹੈ। ਸਮੁੱਚੇ ਰੂਪ ਵਿਚ ਡਾ. ਅਮਰ ਕੋਮਲ ਦੇ ਸਾਹਿਤਕ ਸੰਸਾਰ ਨੂੰ ਸਮਝਣ ਲਈ ਇਹ ਪੁਸਤਕ ਭਰਪੂਰ ਰੂਪ ਵਿਚ ਆਲੋਚਨਾਤਮਕ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ।



| | | | |
|---|---|---|---|
| ਪੁਸਤਕ : | ...ਡਾ. ਅਮਰ ਕੋਮਲ ਦੀ ਕਾਵਿ ਚੇਤਨਾ ਦੇ ਮਾਨਵੀ ਸਰੋਕਾਰ | ਪੰਨੇ : | 271 |
| ਲੇਖਕ : | ਡਾ. ਬਲਦੇਵ ਸਿੰਘ ਬੱਦਨ | ਮੁੱਲ : | 400/- |

ਗੁਰੂ ਗੋਬਿੰਦ ਸਿੰਘ ਜੀ ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤ ਸਨ ਜਿਨ੍ਹਾਂ ਨੇ ਸਿੱਖ ਧਰਮ ਅਤੇ ਹਿੰਦੁਸਤਾਨ ਦੇ ਇਤਿਹਾਸ ਵਿਚ ਗੁਰੂ ਰੂਪ, ਯੋਧੇ ਸੂਰਬੀਰ, ਦਾਨੀ ਦਾਇਆਵਾਨ ਅਤੇ ਇਕ ਬਹੁਤ ਵੱਡੇ ਸਾਹਿਤਕਾਰ ਦੇ ਰੂਪ ਵਿਚ ਉੱਚਤਮ ਅਤੇ ਮਹੱਤਵਪੂਰਨ ਸਥਾਨ ਪ੍ਰਾਪਤ ਕੀਤਾ ਹੈ। ਉਨ੍ਹਾਂ ਦੁਆਰਾ 42 ਸਾਲ ਦੀ ਛੋਟੀ ਜਿਹੀ ਉਮਰ ਵਿਚ ਕੀਤੇ ਕਾਰਜ ਇਤਿਹਾਸ ਨੂੰ ਖੋਜਣ ਵਾਚਣ ਵਾਲੇ ਵਿਦਵਾਨਾਂ ਨੂੰ ਹੈਰਾਨੀ ਵਿਚ ਪਾ ਦਿੰਦਾ ਹਨ ਕਿ ਇੰਨੀ ਛੋਟੀ ਉਮਰ ਵਿਚ ਇੰਨੇ ਵੱਡੇ ਕੰਮ ਉਨ੍ਹਾਂ ਨੇ ਸਾਰੀ ਜ਼ਿੰਦਗੀ ਬਗ਼ੈਰ ਰੁਕੇ ਜਾਂ ਆਰਾਮ ਕੀਤੇ ਕਿਵੇਂ ਕਰ ਵਿਖਾਏ ਪਰ ਇਹ ਉਨ੍ਹਾਂ ਦੀ ਅਗੰਮੀ ਸ਼ਖ਼ਸੀਅਤ ਦਾ ਪ੍ਰਮਾਣ ਹੈ ਕਿ ਉਹ ਦੁਨਿਆਵੀ ਅਤੇ ਪਰਮਾਰਥ ਦੇ ਖੇਤਰ ਵਿਚ ਬਰਾਬਰ ਵਿਚਰਦੇ ਰਹੇ।

ਡਾ. ਸਵਿੰਦਰ ਪਾਲ ਦੁਆਰਾ ਲਿਖੀ ਪੁਸਤਕ 'ਯੁੱਗ ਪਰਿਵਰਤਕ ਮਹਾਂਪੁਰਸ਼ ਗੁਰੂ ਗੋਬਿੰਦ ਸਿੰਘ' ਗੁਰੂ ਗੋਬਿੰਦ ਸਿੰਘ ਜੀ ਦੁਆਰਾ ਆਪਣੇ ਜੀਵਨ ਕਾਲ ਦੌਰਾਨ ਕੀਤੇ ਮਹਾਨ ਕਾਰਜਾਂ ਬਾਰੇ ਚਾਨਣਾ ਪਾਉਂਦੀ ਪੁਸਤਕ ਹੈ। ਭਾਵੇਂ ਕਿ ਬਹੁਤੇ ਪਾਠਕ ਗੁਰੂ ਗੋਬਿੰਦ ਸਿੰਘ ਦੀ ਸ਼ਖ਼ਸੀਅਤ ਤੇ ਕਾਰਜਾਂ ਤੋਂ ਪਹਿਲਾਂ ਹੀ ਵਾਕਿਫ਼ ਹਨ ਪਰ ਇਸ ਪੁਸਤਕ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਲੇਖਕ ਨੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਸ਼ੁਰੂ ਵਿਚ ਸਮੁੱਚਾ ਜੀਵਨ ਖਿਓਰਾ ਦੇਣ ਤੋਂ ਬਾਅਦ ਉਨ੍ਹਾਂ ਬਾਰੇ ਵੱਖ-ਵੱਖ ਸਿਰਲੇਖਾਂ ਤਹਿਤ ਵਿਸਥਾਰਤ ਵੇਰਵੇ ਦਿੱਤੇ ਹਨ। ਗਿਆਨ ਵਜੋਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲੜੀਆਂ ਲੜਾਈਆਂ/ਯੁੱਧਾਂ ਦਾ ਇਕੱਲਾ-ਇਕੱਲਾ ਵੇਰਵਾ ਦਰਜ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਉਨ੍ਹਾਂ ਦੁਆਰਾ ਰਚੀ ਬਾਣੀ ਬਾਰੇ ਵੀ ਵਿਸਥਾਰਤ ਰੂਪ ਵਿਚ ਚਰਚਾ ਕੀਤੀ ਹੈ ਅਤੇ ਬਾਣੀ ਦੇ ਰੂਪਕ ਪੱਖ ਬਾਰੇ ਵੀ ਚਾਨਣਾ ਪਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰਾਂ, 52 ਕਵੀਆਂ ਬਾਰੇ ਵੇਰਵੇ ਤੋਂ ਇਲਾਵਾ ਖ਼ਾਲਸਾ ਪੰਥ ਦੀ ਸਾਜਨਾ ਦਾ ਇਤਿਹਾਸ, ਗੁਰੂ ਗੋਬਿੰਦ ਸਿੰਘ ਜੀ ਦੇ 52 ਹੁਕਮ ਵੀ ਪੁਸਤਕ ਵਿਚ ਦਰਜ ਕੀਤੇ ਗਏ ਹਨ।

• ਡਾ. ਸਰਦੂਲ ਸਿੰਘ ਔਜਲਾ



| | | | |
|---|---|---|---|
| ਪੁਸਤਕ : | ਯੁੱਗ ਪਰਿਵਰਤਕ ਗੁਰੂ ਗੋਬਿੰਦ ਸਿੰਘ | ਪੰਨੇ : | 143 |
| ਲੇਖਿਕਾ : | ਡਾ. ਸਵਿੰਦਰਪਾਲ | ਮੁੱਲ : | 200/- |

ਰਾਜੇਸ਼ ਜੋਸ਼ੀ ਹਿੰਦੀ ਸਾਹਿਤ ਦਾ ਮੰਨਿਆ-ਪ੍ਰਮੰਨਿਆ ਹਸਤਾਖ਼ਰ ਹੈ। ਨਰਸਿੰਘਗੜ੍ਹ (ਮੱਧ ਪ੍ਰਦੇਸ਼) ਦੇ ਇਸ ਸ਼ਾਇਰ ਨੇ ਹਿੰਦੀ ਸਾਹਿਤ ਦੀ ਝੋਲੀ 'ਚ ਕਈ ਦਰਜਨਾਂ ਕਾਵਿ ਪੁਸਤਕਾਂ ਪਈਆਂ ਹਨ ਅਤੇ ਦਰਜਨਾਂ ਪੁਸਤਕਾਂ ਦੀ ਸੰਪਾਦਨਾ ਵੀ ਕੀਤੀ। ਕਵਿਤਾ ਤੋਂ ਇਲਾਵਾ ਉਸ ਨੇ ਕਹਾਣੀਆਂ ਅਤੇ ਨਾਟਕਾਂ ਦੀ ਰਚਨਾ ਵੀ ਕੀਤੀ ਹੈ। ਰਾਜੇਸ਼ ਜੋਸ਼ੀ ਦੀਆਂ ਪੁਸਤਕਾਂ ਦਾ ਅਨੁਵਾਦ ਭਾਰਤੀ ਭਾਸ਼ਾਵਾਂ 'ਚ ਹੀ ਨਹੀਂ ਅੰਗਰੇਜ਼ੀ, ਰੂਸੀ ਅਤੇ ਜਰਮਨੀ ਭਾਸ਼ਾ 'ਚ ਵੀ ਹੋਇਆ ਹੈ। 'ਮਾਰੇ ਜਾਣਗੇ' ਕਾਵਿ ਸੰਗ੍ਰਹਿ ਵੀ ਇਸੇ ਲੜੀ ਦਾ ਹਿੱਸਾ ਹੈ। ਇਸ ਪੁਸਤਕ ਨੂੰ ਪੰਜਾਬੀ ਦੇ ਬਹੁਤ ਹੀ ਸੁਹਿਰਦ ਤੇ ਸੁਲਝੇ ਅਨੁਵਾਦਕ ਸ਼ਾਇਰ ਅਮਰਜੀਤ ਕੌਂਕੇ ਨੇ ਅਨੁਵਾਦ ਕੀਤਾ ਹੈ।

ਇਸ ਕਾਵਿ ਸੰਗ੍ਰਹਿ 'ਚ ਰਾਜੇਸ਼ ਜੋਸ਼ੀ ਦੀਆਂ 50 ਛੋਟੀਆਂ-ਵੱਡੀਆਂ ਕਵਿਤਾਵਾਂ ਸ਼ਾਮਿਲ ਹਨ। ਇਹ ਕਵਿਤਾਵਾਂ ਸਮਾਜਿਕ ਤਾਣੇ-ਬਾਣੇ ਦੀਆਂ ਉਲਝਣਾਂ ਨੂੰ ਬਹੁਤ ਹੀ ਸਰਲ ਤੇ ਕਲਾਤਮਕਿ ਢੰਗ ਨਾਲ ਪੇਸ਼ ਕਰਦੀਆਂ ਹਨ। ਕਵੀ ਚੌਗਿਰਦੇ 'ਚ ਵਾਪਰ ਰਹੀ ਹਰ ਛੋਟੀ ਵੱਡੀ ਘਟਨਾ ਨੂੰ ਬਹੁਤ ਹੀ ਧਿਆਨ ਨਾਲ ਵਾਚਦਾ ਹੈ ਅਤੇ ਫਿਰ ਇਸ ਘਟਨਾ ਨੂੰ ਆਪਣੀ ਕਵਿਤਾ ਦੇ ਵਿਸ਼ਾ-ਵਸਤੂ ਦੇ ਤੌਰ 'ਤੇ ਇਸਤੇਮਾਲ ਕਰਦਾ ਹੈ। ਉਸ ਦੀ ਕਵਿਤਾ ਦਾ ਵਿਸ਼ਾ ਬਰਸਾਤ 'ਚ ਬਿਜਲੀ ਖ਼ਰਾਬ ਹੋਣ 'ਤੇ ਉਸ ਨੂੰ ਠੀਕ ਕਰਨ ਆਏ ਮੁਲਾਜ਼ਮ, ਮਸਤੀ ਕਰਦੀ ਚਿੜੀ, ਨਾਨੇ ਦੀ ਸਾਇਕਲ, ਬਜ਼ੁਰਗ ਬੰਦੇ ਦਾ ਕਾਰ ਚਲਾਉਣੀ ਸਿੱਖਣਾ, ਕਿਸੇ ਦੁਖਦਾਇਕ ਘਟਨਾ ਨੂੰ ਹੋਣ ਤੋਂ ਰੋਕਣ ਦੀ ਅਪੀਲ ਲਿਖਣਾ ਅਤੇ ਝਾੜੂ ਦੀ ਨੀਤੀ ਕਥਾ ਆਦਿ ਹਨ।

ਰਾਜੇਸ਼ ਜੋਸ਼ੀ ਦੀ ਕਵਿਤਾ 'ਚ ਅਥਾਹ ਰਵਾਨੀ ਹੈ। ਸੁਰਸੰਗੀਤਮਈ ਹੈ। ਦੇਖਣ ਨੂੰ ਸਧਾਰਨ ਪਰ ਪੜ੍ਹਨ 'ਤੇ ਅਰਥ ਸਮਝ ਆਉਣ ਵਿਚ ਅਤਿ ਦਰਜੇ ਦੀ ਸੂਖ਼ਮ ਤੇ ਭਾਵਨਾਵਾਂ ਨਾਲ ਜੁੜੀ ਕਵਿਤਾ ਸਾਡੇ ਸਾਹਮਣੇ ਆਉਂਦੀ ਹੈ। ਇਕ ਵਾਰੀ ਪੜ੍ਹਨਾ ਸ਼ੁਰੂ ਕਰਨ ਉਪਰੰਤ ਕਾਵਿ ਸੰਗ੍ਰਹਿ 'ਮਾਰੇ ਜਾਣਗੇ' ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਪੁਸਤਕ ਦਾ ਸਵਾਗਤ ਹੈ।



| | | | |
|---|---|---|---|
| ਪੁਸਤਕ : | ਮਾਰੇ ਜਾਣਗੇ | ਪੰਨੇ : | 96 |
| ਸ਼ਾਇਰ : | ਰਾਜੇਸ਼ ਜੋਸ਼ੀ | ਅਨੁਵਾਦਕ : | ਕੌਂਕੇ |

ਮਲਵਿੰਦਰ ਪੰਜਾਬੀ ਸਾਹਿਤ ਦਾ ਸਥਾਪਿਤ ਹਸਤਾਖ਼ਰ ਹੈ। ਹੱਥਲਾ ਸੰਗ੍ਰਹਿ 'ਸੁਪਨਿਆਂ ਦਾ ਪਿੱਛਾ ਕਰਦਿਆਂ' ਉਸ ਦਾ ਛੇਵਾਂ ਕਾਵਿ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ 'ਗ਼ੈਰਹਾਜ਼ਰ, ਕਾਇਆ ਦੇ ਹਰਫ਼, ਚਿੜੀਆਂ ਦਾ ਪਿੰਡ, ਬਿਨ ਸਿਰਲੇਖ, ਸਵਾਲ ਨਾ ਕਰ' ਨਾਲ ਪਾਠਕਾਂ ਦੇ ਸਨਮੁੱਖ ਹੋ ਚੁੱਕਾ ਹੈ। ਇਸ ਪੁਸਤਕ 'ਚ ਮਲਵਿੰਦਰ ਨੇ ਪਾਠਕਾਂ ਨੂੰ 85 ਛੋਟੀਆਂ-ਵੱਡੀਆਂ ਕਵਿਤਾਵਾਂ ਪਰੋਸੀਆਂ ਹਨ। ਇਨ੍ਹਾਂ ਕਵਿਤਾਵਾਂ 'ਚ ਦੇਸ਼ ਦੀ ਵਿਗੜ ਰਹੀ ਰਾਜਨੀਤਕ ਵਿਵਸਥਾ ਦੇ ਨਾਲ-ਨਾਲ ਰਾਜਸੀਆਂ ਪਾਰਟੀਆਂ ਦੇ ਨੁਮਾਇੰਦਿਆਂ ਵੱਲੋਂ ਲੋਕਾਂ ਦੇ ਭੋਲੇਪਨ ਦਾ ਫ਼ਾਇਦਾ ਉਠਾਉਣ ਦੀ ਬਾਖ਼ਬੀ ਵਿਆਖਿਆ ਕੀਤੀ ਗਈ। ਮਲਵਿੰਦਰ ਸਿੰਘ ਦੀ ਕਵਿਤਾ ਪੜ੍ਹਦਿਆਂ-ਪੜ੍ਹਦਿਆਂ ਰੁਕਣਾ ਤੇ ਸੋਚਣਾ ਪੈਂਦਾ ਹੈ। ਇਸ ਤਰ੍ਹਾਂ ਵੀ ਹੋ ਸਕਦਾ ਹੈ। ਮੇਰੇ ਇਸ ਕਥਨ ਦੀ ਸਾਦਗੀ ਉਸ ਦੀ ਕਵਿਤਾ ਰੋਗ (ਪੰਨਾ 63) ਭਰਦੀ ਹੈ। ਦੇਖੋ :

ਮੇਰਾ ਅਧਿਆਪਕ ਦੋਸਤ ਦੱਸਦਾ ਹੈ
ਮੈਂ ਸਾਰੀ ਉਮਰ ਸ਼ਬਦਾਂ 'ਤੇ
ਨਿਗਾਹ ਨਹੀਂ ਟਿਕਾਈ
ਉਪਰੀ ਜਿਹੀ ਨਜ਼ਰ ਨਾਲ ਹੀ
ਕੰਮ ਸਾਰਿਆ ਹੈ
ਤਾਂ ਹੀ ਅੱਖਾਂ ਕਾਇਮ ਨੇ
ਅਜੇ ਐਨਕ ਵੀ ਨਹੀਂ ਲੱਗੀ।

ਇਸੇ ਤਰ੍ਹਾਂ ਇਕ ਹੋਰ ਮਿਸਾਲ ਦੇਖੋ ਰਾਜਸੀ ਪਾਰਟੀਆਂ ਵੱਲੋਂ ਲੋਕਾਂ ਨੂੰ ਕਿੱਦਾਂ ਅਪਾਹਜ ਬਣਾਇਆ ਜਾਂਦਾ ਹੈ। ਉਸ ਦੀ ਵਿਆਖਿਆ ਕਰਦੀ ਕਵਿਤਾ

ਸੱਤਾ ਜਿਸ ਨੂੰ ਸਬਸਿਡੀ ਦਾ ਰਾਸ਼ਨ ਕਹਿੰਦੀ ਹੈ
ਪਾਵਰ ਵਾਲੇ ਜਾਣਦੇ ਉਨ੍ਹਾਂ ਨੂੰ ਅਪਾਹਜ ਕੀਤਾ ਜਾ ਰਿਹਾ ਹੈ।

ਮਲਵਿੰਦਰ ਦੀ ਕਵਿਤਾ ਲੋਕਈ ਮਸਲਿਆਂ ਦਾ ਦਰਦ ਹੈ। ਆਮ ਆਦਮੀ ਦੀ ਅਜੋਕੇ ਸਮੇਂ ਵਿਚ ਹੋ ਰਹੀ ਹੈ ਦੁਰਦਸ਼ਾ ਦੀ ਕਥਾ ਹੈ। ਉਹ ਲੜਨਾ ਲੋਚਦਾ ਹੈ ਪਰ ਆਪਣੇ ਆਂਢੀਆਂ ਗਵਾਂਢੀਆਂ ਨਾਲ ਨਹੀ ਵਿਸ਼ਵ ਪੱਧਰੀ ਫੈਲੀਆਂ ਬੁਰਾਈਆਂ ਨਾਲ। ਉਸ ਦਾ ਮਨ ਪ੍ਰੇਮ ਨਾਲ ਲਬਰੇਜ਼ ਹੈ। ਉਸ ਦੀ ਅੱਖ ਗ਼ਰੀਬੀ ਭੋਗਦੇ ਇਨਸਾਨ ਨੂੰ ਦੇਖਦੇ ਅੱਥਰੂ ਕੇਰਦੀ ਹੈ। ਚੋਂਦੀਆਂ ਛੱਤਾਂ ਦੇਖ ਕੇ ਉਸ ਦੇ ਦਿਲ 'ਚ ਖਲਬਲੀ ਹੁੰਦੀ ਹੈ। ਪੁਸਤਕ ਪੜ੍ਹਨ ਹੀ ਨਹੀਂ ਸਾਂਭਣਯੋਗ ਵੀ ਹੈ।

• ਜਸਵਿੰਦਰ ਦੂਹੜਾ



| | | | |
|---|---|---|---|
| ਪੁਸਤਕ : | ਸੁਪਨਿਆਂ ਦਾ ਪਿੱਛਾ ਕਰਦਿਆਂ | ਪੰਨੇ : | 132 |
| ਸ਼ਾਇਰ : | ਮਲਵਿੰਦਰ ਸਿੰਘ | ਮੁੱਲ : | 390/- |

# 'ਹਮਾਰੇ ਰਾਮ' ਨਾਟਕ ਦੀ ਪਟਿਆਲਾ ਦੀ ਲਾਅ ਯੂਨੀਵਰਸਿਟੀ ਵਿਖੇ ਦੋ ਦਿਨਾਂ ਪੇਸ਼ਕਾਰੀ ਅੱਜ ਤੋਂ : ਡਾ. ਬਲਬੀਰ ਸਿੰਘ



**ਪਟਿਆਲਾ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮੀਰ ਸੱਭਿਆਚਾਰਕ ਵਿਰਾਸਤ ਅਤੇ ਪਰੰਪਰਾਗਤ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਦੀ ਅਹਿਮਪਹਿਲਕਦਮੀ ਤਹਿਤ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪੂਰੇ ਸੂਬੇ 'ਚ ਹਮਾਰੇ ਰਾਮ ਨਾਟਕ ਦੀ ਕੀਤੀ ਜਾ ਰਹੀ ਵਿਆਪਕ ਪੇਸ਼ਕਾਰੀ ਦੌਰਾਨ 18 ਅਤੇ 19 ਸਤੰਬਰ ਨੂੰ ਪਟਿਆਲਾ ਦੀ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ, ਭਾਦਸੋਂ ਰੋਡ ਵਿਖੇ ਵੀ 4 ਸ਼ੋਅ ਕਰਵਾਏ ਜਾਣਗੇ। ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਅਤੇ ਪੰਜਾਬ ਹੈਰੀਟੇਜ਼ਅਤੇ ਸੈਰ-ਸਪਾਟਾ ਪ੍ਰਮੋਸ਼ਨ ਬੋਰਡ ਦੇ ਸਲਾਹਕਾਰ ਸ੍ਰੀ ਦੀਪਕ ਬਾਲੀ ਨੇ ਪਟਿਆਲਾ ਜ਼ਿਲ੍ਹੇ ਦੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹਇਸ ਨਾਟਕ ਦੀ ਪੇਸ਼ਕਾਰੀ ਦੇਖਣ ਲਈ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਅਤੇ ਮਰਿਆਦਾ ਪੁਰਸ਼ੋਤਮ ਭਗਵਾਨ ਰਾਮ ਦੇਜੀਵਨ, ਆਦਰਸ਼ਾਂ ਅਤੇ ਸਦੀਵੀ ਸੰਦੇਸ਼ 'ਤੇ ਅਧਾਰਤ ਇਸ ਸ਼ਾਨਦਾਰ ਪੇਸ਼ਕਾਰੀ ਦੇ ਗਵਾਹ ਬਣਨ।ਉਨ੍ਹਾਂ ਕਿਹਾ ਕਿ ਇਸ ਨਾਟਕ ਲਈ ਪਾਸ ਵਿਧਾਇਕ ਸਾਹਿਬਾਨ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਦਫ਼ਤਰਾਂ ਸਮੇਤ ਬੁੱਕ ਮਾਈ ਸ਼ੋਅ ਤੋਂ ਮੁਫ਼ਤ ਵਿੱਚ ਹਾਸਲ ਕੀਤੇ ਜਾ ਸਕਦੇ ਹਨ। ਪਟਿਆਲਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿਹਤ ਮੰਤਰੀ ਤੇ ਸ੍ਰੀ ਬਾਲੀ ਨੇ ਦੱਸਿਆ ਕਿ ਪੰਜਾਬਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰਾਮਾਇਣ ਦੇ ਇਤਿਹਾਸਕ ਮਹਾਂਕਾਵਿ ਰਾਹੀਂ ਸਨਾਤਨ ਦੇ ਸੰਦੇਸ਼ ਨੂੰਲੋਕਾਂ ਤੱਕ ਪਹੁੰਚਾ ਰਹੀ ਹੈ ਅਤੇ ਮਰਿਆਦਾ ਪਰਸ਼ੋਤਮ ਭਗਵਾਨ ਰਾਮ ਦੇ ਜੀਵਨ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਉਪਰਾਲਾ ਕੀਤਾ ਗਿਆ ਹੈ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਅਗਵਾਈ ਹੇਠ ਪੰਜਾਬਸਰਕਾਰ ਲੋਕਾਂ ਦੀਆਂ ਨਿੱਜੀ ਆਸਥਾਵਾਂ ਦਾ ਸਤਿਕਾਰ ਕਰਦੀ ਹੈ ਅਤੇ ਹਮੇਸ਼ਾ ਧਾਰਮਿਕ ਮਾਨਤਾਵਾਂ ਤੋਂ ਉੱਪਰ ਉੱਠ ਕੇ ਸ਼ਾਨਦਾਰਸਮਾਗਮ ਕਰਦੀ ਆ ਰਹੀ ਹੈ, ਇਸੇ ਤਹਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਉਣ ਸਮੇਤ ਸ੍ਰੀ ਗੁਰੂ ਰਵਿਦਾਸ ਜੀ ਦਾ 650 ਸਾਲਾ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ ਅਤੇ ਨਾਲ ਹੀ ਏਕ ਸ਼ਾਮ ਭਗਵਾਨ ਸ਼ਿਵ ਕੇ ਸੰਗ ਸਮੇਤ ਹਮਾਰੇ ਰਾਮ ਨਾਟਕ ਦਿਖਾ ਕੇ ਸਨਾਤਨ ਧਰਮ ਦਾ ਸਤਿਕਾਰ ਕੀਤਾ ਜਾ ਰਿਹਾ ਹੈ।

ਸਿਹਤ ਮੰਤਰੀ ਤੇ ਸ੍ਰੀ ਦੀਪਕ ਬਾਲੀ ਨੇ ਦੱਸਿਆ ਕਿ ਪੰਜਾਬ ਭਰ ਵਿੱਚ ਹਮਾਰੇ ਰਾਮ ਨਾਟਕ ਦੀਆਂ ਕੁੱਲ 41 ਪੇਸ਼ਕਾਰੀਆਂ ਹੋ ਰਹੀਆ ਹਨ ਤੇ 4 ਪੇਸ਼ਕਾਰੀਆਂ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ ਪਟਿਆਲਾ ਵਿਖੇ 18 ਅਤੇ 19 ਸਤੰਬਰ ਨੂੰ ਬਾਅਦ ਦੁਪਹਿਰ 2 ਵਜੇ ਤੇ ਸ਼ਾਮ 6 ਵਜੇ ਤੋਂ ਕਰਵਾਈਆਂ ਜਾ ਰਹੀਆਂ ਹਨ, ਇਸ ਸ਼ੋਅ ਦੀਸਕ੍ਰੀਨਿੰਗ ਦੌਰਾਨ ਲਾਈਟ ਅਤੇ ਸਾਊਂਡ ਦੇ ਪੁਖ਼ਤਾ ਪ੍ਰਬੰਧ ਮੁਕੰਮਲ ਹਨ।

ਸਿਹਤ ਮੰਤਰੀ ਨੇ ਦੱਸਿਆ ਕਿ ਫੈਲਿਸਿਟੀ ਥੀਏਟਰ ਦੁਆਰਾ ਤਿਆਰ ਕੀਤਾ ਗਿਆ ਹਮਾਰੇ ਰਾਮ ਇੱਕਵਿਆਪਕ ਹਿੰਦੀ ਸਟੇਜ ਪ੍ਰੋਗਰਾਮ ਹੈ ਜੋ ਮਨਮੋਹਕ ਦ੍ਰਿਸ਼ਾਂ, ਹਵਾਈ ਕਲਾਬਾਜ਼ੀਆਂ ਅਤੇ ਅਤਿ-ਆਧੁਨਿਕ ਸਟੇਜ ਪ੍ਰਬੰਧਾਂ ਰਾਹੀਂਮਹਾਂਕਾਵਿ ਰਾਮਾਇਣ ਨੂੰ ਜੀਵੰਤ ਰੂਪ ਵਿੱਚ ਦਰਸਾਉਂਦਾ ਕਰਦਾ ਹੈ। ਇਸ ਨਾਟਕ ਵਿੱਚ ਪ੍ਰਸਿੱਧ ਅਦਾਕਾਰ ਆਸ਼ੂਤੋਸ਼ ਰਾਣਾ ਰਾਵਣ ਦੇਰੂਪ ਵਿੱਚ ਅਤੇ ਰਾਹੁਲ ਆਰ. ਭੂਚਰ ਭਗਵਾਨ ਰਾਮ ਦੀ ਭੂਮਿਕਾ ਵਿੱਚ ਹਨ।

ਇਸ ਨਾਟਕ ਦੀ ਵਿਲੱਖਣਤਾ 'ਤੇ ਚਾਨਣਾ ਪਾਉਂਦਿਆਂ ਸੈਰ-ਸਪਾਟਾ ਸਲਾਹਕਾਰ ਸ੍ਰੀ ਬਾਲੀ ਨੇ ਕਿਹਾ ਕਿਪਰੰਪਰਾਗਤ ਦ੍ਰਿਸ਼ਾਂ ਦੇ ਉਲਟ, ਹਮਾਰੇ ਰਾਮ ਪ੍ਰੋਗਰਾਮ ਰਾਮਾਇਣ ਨੂੰ ਵਿਲੱਖਣ ਅਤੇ ਅਣਛੂਹੇ ਦ੍ਰਿਸ਼ਟੀਕੋਣਾਂ ਤੋਂ ਪੇਸ਼ ਕਰੇਗਾ। ਇਹਕਹਾਣੀ ਸੀਤਾ ਮਾਤਾ ਜੀ ਦੇ ਵਿਛੋੜੇ ਤੋਂ ਬਾਅਦ ਲਵ ਅਤੇ ਕੁਸ਼ ਦੁਆਰਾ ਭਗਵਾਨ ਰਾਮ ਦਾ ਸਾਹਮਣਾ ਕਰਨ ਨਾਲ ਸ਼ੁਰੂ ਹੁੰਦੀ ਹੈ ਅਤੇਸੂਰਜ ਦੇਵਤਾ ਦੇ ਅਲੌਕਿਕ ਦ੍ਰਿਸ਼ਟੀਕੋਣ ਰਾਹੀਂ ਪੇਸ਼ ਕੀਤੀ ਜਾਂਦੀ ਹੈ, ਜੋ ਦਰਸ਼ਕਾਂ ਨੂੰ ਇਸ ਸਤਿਕਾਰਯੋਗ ਮਹਾਂਕਾਵਿ ਦੀ ਇੱਕ ਨਵੀਂਵਿਆਖਿਆ ਪ੍ਰਦਾਨ ਕਰਦੀ ਹੈ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਨ੍ਹਾਂ ਪੇਸ਼ਕਾਰੀਆਂ ਦਾ ਉਦੇਸ਼ ਨੌਜਵਾਨ ਪੀੜ੍ਹੀ ਵਿੱਚ ਭਾਰਤ ਦੀ ਅਧਿਆਤਮਿਕ, ਸੱਭਿਆਚਾਰਕ ਅਤੇ ਨੈਤਿਕ ਵਿਰਾਸਤ ਨੂੰ ਉਤਸ਼ਾਹਿਤ ਕਰਨਾ ਹੈ, ਨਾਲ ਹੀ ਵਿਸ਼ਵ ਪੱਧਰੀ ਨਾਟਕ ਕਲਾ ਨੂੰ ਉਤਸ਼ਾਹਿਤ ਕਰਨ ਦੇਨਾਲ-ਨਾਲ ਉਸਦਾ ਪਾਸਾਰ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਹ ਵਿਆਪਕ ਨਾਟਕੀ ਪੇਸ਼ਕਾਰੀ ਸੰਗੀਤ, ਵਿਜ਼ੂਅਲ ਇਫੈਕਟਸ ਅਤੇਆਧੁਨਿਕ ਤਕਨਾਲੋਜੀ ਨੂੰ ਜੋੜ ਕੇ ਇੱਕ ਅਨੋਖਾ ਸੱਭਿਆਚਾਰਕ ਅਨੁਭਵ ਪੈਦਾ ਕਰਦੀ ਹੈ, ਜੋ ਸਮਾਜ ਦੇ ਸਾਰੇ ਵਰਗਾਂ ਦੇ ਦਰਸ਼ਕਾਂ ਨੂੰਪ੍ਰਭਾਵਿਤ ਕਰੇਗੀ।

ਇਸ ਮੌਕੇ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਤੇਜਿੰਦਰ ਮਹਿਤਾ, ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਹਰਪਾਲ ਸਿੰਘ ਵਿਰਕ, ਏਡੀਸੀ ਦਿਹਾਤੀ ਵਿਕਾਸ ਦਮਨਜੀਤ ਸਿੰਘ ਮਾਨ ਤੇ ਹੋਰ ਆਗੂ ਮੌਜੂਦ ਸਨ।

# 70ਵੀਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ 'ਚ ਤੀਸਰੇ ਦਿਨ ਬਾਕਸਿੰਗ ਦੇ ਫਾਈਨਲ ਮੁਕਾਬਲੇ ਕਰਵਾਏ ਗਏ




**ਪਟਿਆਲਾ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਿੱਖਿਆ ਅਫਸਰ ਸ਼ਾਲੂ ਮਹਿਰਾ ਦੀ ਯੋਗ ਅਗਵਾਈ ਤੇ ਉਪ ਜਿਲ੍ਹਾ ਸਿੱਖਿਆ ਅਫਸਰ ਡਾ ਰਵਿੰਦਰਪਾਲ ਸ਼ਰਮਾਂ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ.ਦਲਜੀਤ ਸਿੰਘ ਤੇ ਜ਼ਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ ਅੰਡਰ-17 ਲੜਕਿਆਂ ਦੇ ਬਾਕਸਿੰਗ ਦੇ ਮੁਕਾਬਲੇ ਪੀਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਲਟੀਪਰਪਜ਼ ਪਾਸੀ ਰੋਡ ਪਟਿਆਲਾ ਵਿਖੇ ਕਰਵਾਏ ਗਏ। ।ਜ਼ਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਪ੍ਰਿੰਸੀਪਲ ਜਸਪਾਲ ਸਿੰਘ ਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ.ਦਲਜੀਤ ਸਿੰਘ ਨੇ ਉਚੇਚੇ ਤੌਰ ਤੇ ਪਹੁੰਚ ਕੇ ਬਾਕਸਿੰਗ ਦੇ ਖਿਡਾਰੀਆਂ ਨੂੰ ਮੈਡਲ ਪਾ ਕੇ ਸਨਮਾਨਿਤ ਕੀਤਾ।

ਇਸ ਮੌਕੇ ਤੇ ਟੂਰਨਾਮੈਂਟ ਸੰਤੋਸ਼ ਦੱਤਾ ਸੈਕਟਰੀ ਪੰਜਾਬ ਬਾਕਸਿੰਗ ਐਸੋਸੀਏਸ਼ਨ, ਅਬਜਰਵਰ ਰਾਜੇਸ਼ ਕੁਮਾਰ, ਪ੍ਰਿੰਸੀਪਲ ਰਾਜ ਕੁਮਾਰ ਨੌਗਾਵਾਂ,ਡਾ ਰਾਜਿੰਦਰ ਸੈਣੀ ਸਟੇਟ ਅਵਾਰਡੀ,ਅਨਿਲ ਕੁਮਾਰ ਕੋਚ,ਗੁਰਵਿੰਦਰ ਸਿੰਘ ਸੰਧੂ ਕੋਚ,ਦਿਨੇਸ਼ ਕੁਮਾਰ ਕੋਚ, ਬਿਕਰਮਜੀਤ ਸਿੰਘ ਕੋਚ,ਦਿਆ ਸਿੰਘ,ਬਲਕਾਰ ਸਿੰਘ,ਸੁਨੀਲ ਕੁਮਾਰ,ਰਕੇਸ਼ ਕੁਮਾਰ,ਹਰਜੀਤ ਸਿੰਘ,ਜੈਤਸ਼ਾਹੂਦੀਪ ਸਿੰਘ ਗਰੇਵਾਲ ਤੇ ਪ੍ਰੈਸ ਇੰਚਾਰਜ ਜਸਵਿੰਦਰ ਸਿੰਘ ਹਾਜਰ ਸਨ।

# ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵਿਖੇ ਪੁਸਤਕ The Role of Haryana in India's Freedom Struggle ਦਾ ਲੋਕ ਅਰਪਣ



**ਪਟਿਆਲਾ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੇ ਰਾਜਨੀਤੀ ਸ਼ਾਸਤਰ ਵਿਭਾਗ ਦੀ ਸਹਾਇਕ ਪ੍ਰੋਫੈਸਰ ਡਾ. ਗੁਰਜੀਤ ਕੌਰ ਦੁਆਰਾ ਰਚਿਤ ਪੁਸਤਕ The Role of Haryana in IndiaÓs Freedom Struggle ਦਾ ਲੋਕ ਅਰਪਣ ਯੂਨੀਵਰਸਿਟੀ ਦੇ ਮਾਣਯੋਗ ਵਾਈਸ ਚਾਂਸਲਰ ਪ੍ਰੋ . (ਡਾ.) ਰਤਨ ਸਿੰਘ ਜੀ ਵੱਲੋਂ ਕੀਤਾ ਗਿਆ।

ਇਸ ਮੌਕੇ ਵਾਈਸ ਚਾਂਸਲਰ ਨੇ ਡਾ. ਗੁਰਜੀਤ ਕੌਰ ਨੂੰ ਇਸ ਮਹੱਤਵਪੂਰਨ ਖੋਜ-ਆਧਾਰਿਤ ਪੁਸਤਕ ਲਈ ਵਧਾਈ ਦਿੰਦਿਆਂ ਕਿਹਾ ਕਿ ਅਜਿਹੀਆਂ ਰਚਨਾਵਾਂ ਆਜ਼ਾਦੀ ਸੰਗਰਾਮ ਦੇ ਇਤਿਹਾਸ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਅਤੇ ਖੋਜ ਨੂੰ ਪ੍ਰੋਤਸਾਹਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

ਇਸ ਸਮਾਰੋਹ ਵਿੱਚ ਡਾਇਰੈਕਟਰ ਸੀਕਾ, ਯੂਨੀਵਰਸਿਟੀ ਦੇ ਰਜਿਸਟਰਾਰ, ਡੀਨ ਸਟੂਡੈਂਟ ਵੈਲਫੇਅਰ, ਰਾਜਨੀਤੀ ਸ਼ਾਸਤਰ ਵਿਭਾਗ ਦੇ ਮੁਖੀ ਅਤੇ ਵੱਖ-ਵੱਖ ਵਿਭਾਗਾਂ ਦੇ ਮੁਖੀ ਅਤੇ ਫੈਕਲਟੀ ਮੈਂਬਰ ਵੀ ਹਾਜ਼ਰ ਸਨ। ਸਮੂਹ ਹਾਜ਼ਰੀਨ ਨੇ ਡਾ. ਗੁਰਜੀਤ ਕੌਰ ਨੂੰ ਇਸ ਅਕਾਦਮਿਕ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਪੁਸਤਕ ਦੀ ਭਰਪੂਰ ਸਰਾਹਨਾ ਕੀਤੀ।

ਇਹ ਪੁਸਤਕ ਭਾਰਤ ਦੇ ਆਜ਼ਾਦੀ ਸੰਗਰਾਮ ਵਿੱਚ ਹਰਿਆਣਾ ਦੇ ਯੋਗਦਾਨ ਨੂੰ ਇਤਿਹਾਸਕ ਤੱਥਾਂ ਦੇ ਆਧਾਰ 'ਤੇ ਰੌਸ਼ਨ ਕਰਦੀ ਹੈ ਅਤੇ ਖੋਜਾਰਥੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਇੱਕ ਮਹੱਤਵਪੂਰਨ ਸੰਦਰਭ ਗ੍ਰੰਥ ਸਾਬਤ ਹੋਵੇਗੀ।

# ਸਾਬਕਾ ਮੁੱਖ ਮੰਤਰੀ ਚੰਨੀ ਵੱਲੋਂ ਮੋਰਿੰਡਾ ਬਲਾਕ ਦੇ ਵੱਖ-ਵੱਖ ਪਿੰਡਾਂ ਵਿੱਚ ਭਰਮੀਆਂ ਮੀਟਿੰਗਾਂ

**ਮੋਰਿੰਡਾ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਹਲਕਾ ਸ਼੍ਰੀ ਚਮਕੌਰ ਸਾਹਿਬ ਦੇ ਪਿੰਡਾਂ ਵਿੱਚ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ ਜਿਸ ਦੇ ਚਲਦਿਆਂ ਉਹਨਾਂ ਵੱਲੋਂ ਬਲਾਕ ਮੋਰਿੰਡਾ ਦੇ ਪਿੰਡ ਮੜੌਲੀ ਕਲਾਂ, ਰਤਨਗੜ੍ਹ, ਬਡਵਾਲੀ, ਡੂਮਛੇੜੀ, ਸੱਖੋਮਾਜਰਾ,ਰੌਣੀ ਕਲਾਂ, ਸਮਾਣਾ ਖੁਰਦ ਪਿੰਡ ਸਹੇੜੀ ਵਿਖੇ ਭਰਮੀਆਂ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆ ਆਮ ਆਦਮੀ ਪਾਰਟੀ ਦੀ ਸਰਕਾਰ ਤੇ ਸ਼ਬਦੀ ਹਮਲੇ ਕੀਤੇ ਅਤੇ ਆਮ ਲੋਕਾਂ ਦੀਆਂ ਮੁਸ਼ਕਿਲਾਂ ਵੀ ਸੁਣੀਆਂ।



ਇਸ ਮੌਕੇ ਸੰਬੋਧਨ ਕਰਦੇ ਆਂ।

ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਆਮ ਆਦਮੀ ਦੇ ਨਾਂ ਤੇ ਲੋਕਾਂ ਤੋਂ ਵੋਟਾਂ ਲੈ ਕੇ ਹੋਂਦ ਵਿੱਚ ਆਈ ਇਸ ਸਰਕਾਰ ਨੇ ਆਮ ਲੋਕਾਂ ਦਾ ਹੀ ਜੀਣਾ ਦੁਬਰ ਕੀਤਾ ਹੋਇਆ ਹੈ ਜਦਕਿ ਇਹਨਾਂ ਵੱਲੋਂ ਜਿੱਤੇ ਗਏ ਵਿਧਾਇਕ ਤੇ ਮੰਤਰੀ ਕਰੋੜਾਂ ਰੁਪਈਆਂ ਦੇ ਸੰਪਤੀ ਦੇ ਮਾਲਕ ਬਣ ਚੁੱਕੇ ਹਨ ਉਹਨਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਗਵੰਤ ਮਾਨ ਆਪਣੇ ਭਾਸ਼ਣਾ ਵਿੱਚ ਕਹਿੰਦਾ ਸੀ ਕਿ ਉਹ ਕਿਸਾਨ ਦਾ ਪੁੱਤ ਹੈ ਤਾਂ ਉਸ ਨੇ ਸਰਕਾਰ ਬਣਦੀ ਸਾਰੇ ਕਿਸਾਨ ਕੁੱਟੇ ਕਹਿੰਦਾ ਮੈਂ ਮਾਸਟਰ ਦਾ ਮੁੰਡਾ ਮਾਸਟਰ ਦੇ ਮਾਸਟਰ ਕੁੱਟੇ ਇਥੋਂ ਤੱਕ ਕਿ ਆਪਣੇ ਹੱਕਾਂ ਲਈ ਧਰਨਾ ਦੇਣ ਵਾਲੇ ਸਫਾਈ ਕਰਮਚਾਰੀਆਂ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ ਉਹਨਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਬਣਨ ਤੋਂ ਪਹਿਲਾਂ ਕਹਿੰਦਾ ਸੀ ਕਿ ਸਾਨੂੰ ਸਵਾਲ ਪੁੱਛਣੇ ਚਾਹੀਦੇ ਹਨ ਪਰੰਤੂ ਹੁਣ ਸਵਾਲ ਪੁੱਛਣ ਤੇ ਪੁਲਿਸ ਤੇ ਤਸੀਹੇ ਦਿੱਤੇ ਜਾਂਦੇ ਹਨ ਤਾਂ ਦੇਖ ਕਈਆਂ ਨੂੰ ਤਾਂ ਆਪਣੀ ਜਾਨ ਤੋਂ ਹੱਥ ਧੋਣੇ ਪੈ ਰਹੇ ਹਨ ਉਹਨਾਂ ਦੱਸਿਆ ਕਿ ਇਸ ਸਰਕਾਰ ਤੋਂ ਆਮ ਆਦਮੀ ਪਾਰਟੀ ਨਾਲ ਸੰਬੰਧਿਤ ਪੰਚਾਇਤਾਂ ਵੀ ਦੁਖੀ ਹਨ ਕਿਉਂਕਿ ਚਾਰ ਮਹੀਨਿਆਂ ਵਿੱਚ ਨਸ਼ਿਆਂ ਦਾ ਖਾਤਮਾ ਕਰਨ ਵਾਲੇ ਕੇਜਰੀਵਾਲ ਦੇ ਵਾਅਦੇ ਅਨੁਸਾਰ ਪੰਜਾਬ ਵਿੱਚੋਂ ਨਸ਼ਾ ਖਤਮ ਨਹੀਂ ਹੋਇਆ ਸਗੋਂ ਵਧਿਆ ਹੈ ਜਿਸ ਕਾਰਨ ਹੁਣ ਹਰ ਪਿੰਡ ਵਿੱਚ ਨਸ਼ੇ ਦੀ ਸਪਲਾਈ ਹੋ ਰਹੀ ਹੈ ਰਿੰਡਾ ਉਹਨੇ ਮਰਿੰਡਾ ਨੇੜਲੇ ਪਿੰਡ ਅਮਰਾਲੀ ਦੀ ਉਦਾਹਰਨ ਦਿੰਦੇ ਆ ਕਿਹਾ ਕਿ ਉੱਥੋਂ ਦੇ ਆਮ ਆਦਮੀ ਪਾਰਟੀ ਨਾਲ ਸੰਬੰਧਿਤ ਸਰਪੰਚ ਵੱਲੋਂ ਵੀ ਵੀਡੀਓ ਰਾਹੀਂ ਇਹ ਮੰਨਿਆ ਹੈ ਕਿ ਉਹਨਾਂ ਦੇ ਪਿੰਡ ਵਿੱਚ ਸ਼ਰੇਆਮ ਨਸ਼ਾ ਵਿਕਦਾ ਹੈ ਇਸ ਮੌਕੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਹੋਰ ਵੀ ਵੱਖ-ਵੱਖ ਮਸਲਿਆਂ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਕੇਂਦਰ ਦੀ ਭਾਜਪਾ ਸਰਕਾਰ ਵਿਰੁੱਧ ਤੇ ਸ਼ਬਦੀ ਹਮਲੇ ਕੀਤੇ ।

# ਪਿੰਡ ਹਰਦੋਖੁੰਦਪੁਰ ਦਾ ਪ੍ਰਸਿੱਧ ਛਿੰਝ ਮੇਲਾ ਅੱਜ ਨੂੰ

**ਮੁਕੇਰੀਆਂ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਹਰਦੋਖੁੰਦਪੁਰ ਦਾ ਪ੍ਰਸਿੱਧ ਛਿੰਝ ਮੇਲਾ ਸਮੂਹ ਪਿੰਡ ਵਾਸੀਆਂ ਅਤੇ ਐਨ.ਆਰ.ਆਈ ਵੀਰਾਂ ਦੇ ਸਹਿਯੋਗ ਨਾਲ ਅੱਜਨੂੰ ਬਾਬਾ ਮਸਤ ਪੀਰ ਤੇ ਬੜੀ ਧੂਮ ਧਾਮ ਨਾਲ ਕਰਵਾਇਆ ਜਾ ਰਿਹਾ ਹੈ।

ਇਸ ਮੌਕੇ ਜਾਣਕਾਰੀ ਦਿੰਦੇ ਹੋਏ ਛਿੰਝ ਕਮੇਟੀ ਦੇ ਪ੍ਰਧਾਨ ਨੰਬਰਦਾਰ ਮਹੇਸ਼ਵਰ ਸਿੰਘ ਨੇ ਕਿਹਾ ਕਿ ਛਿੰਝ ਮੇਲੇ ਵਿੱਚ ਪੰਜਾਬ, ਹਰਿਆਣਾ, ਦਿੱਲੀ ਅਤੇ ਹਿਮਾਚਲ ਪ੍ਰਦੇਸ਼ ਤੋਂ ਪਹਿਲਵਾਨ ਹਿੱਸਾ ਲੈ ਰਹੇ ਹਨ। ਵੱਡੀ ਰੁਮਾਲੀ ਦੀ ਕੁਸ਼ਤੀ ਪਹਿਲਵਾਨ ਦਿਨੇਸ਼ ਗੁਲੀਆ ਅਤੇ ਸ਼ੇਰਾ ਗੁਰਜਰ ਦੇ ਵਿਚਕਾਰ ਹੋਵੇਗੀ। ਉਹਨਾਂ ਕਿਹਾ ਕਿ ਸਰਵਣ ਕੁਮਾਰ ਵਲੋਂ ਲੰਗਰ ਵੀ ਲਗਾਇਆ ਜਾਵੇਗਾ।ਇਸ ਮੌਕੇ ਤੇ ਹੈਡ ਮਾਸਟਰ ਰਘੂਨੰਦਨ ਸਿੰਘ, ਮਲਕੀਤ ਸਿੰਘ ਪੱਪਾ ਫੌਜੀ, ਮਾਸਟਰ ਰਾਕੇਸ਼ ਕੁਮਾਰ, ਪੁਸ਼ਪਿੰਦਰ ਰਾਣਾ,ਰਜਤ ਮਹਾਜਨ, ਸੰਜੇ ਪਹਿਲਵਾਨ, ਸੂਬੇਦਾਰ ਵਰਿੰਦਰ ਸਿੰਘ, ਸੰਜੀਵ ਕੁਮਾਰ, ਕੈਪਟਨ ਰਾਜ ਕੁਮਾਰ,ਜਗਮੋਹਨ ਲਾਲ, ਭਾਨੂੰ ਰਾਣਾ, ਉਦੇ ਠਾਕੁਰ, ਸਿਧਾਰਥ ਅਜ਼ਾਦ, ਸੂਬੇਦਾਰ ਅਸ਼ਵਨੀ ਮਹਿਤਾ, ਸੰਪੂਰਨ ਸਿੰਘ ਫ਼ੌਜੀ, ਸੁਨੀਲ ਠਾਕੁਰ ਡਿੰਪੀ, ਸਰੂਪ ਸਿੰਘ ਰਾਣਾ, ਸ਼ਿਵ ਦਾਸ ਫੌਜੀ,ਵਿਨੋਦ ਕੁਮਾਰ, ਮਾਸਟਰ ਸ਼ਮਸ਼ੇਰ ਸਿੰਘ, ਰਾਕੇਸ਼ ਇੰਦੂ ਰਵਿੰਦਰ ਮਹਿਤਾ,ਥਾਣੇਦਾਰ ਜਤਿੰਦਰ ਰਾਣਾ ਅਤੇ ਸ਼ਾਂਤੀ ਸਰੂਪ ਆਦਿ ਹਾਜ਼ਰ ਸਨ।

# ਨਾਭਾ ਚ ਗੂੰਜੀ ਪੱਤਰਕਾਰਾਂ ਦੀ ਇੱਕਜੁਟ ਆਵਾਜ਼, ਨਵੇਂ ਮੀਡੀਆ ਕਲੱਬ ਦੀ ਹੋਈ ਸਥਾਪਨਾ

## ਪੱਤਰਕਾਰਾਂ ਦੇ ਹੱਕਾਂ ਨਾਲ ਖਿਲਵਾੜ ਤੇ ਦੁਰਵਿਵਹਾਰ ਬਰਦਾਸ਼ਤ ਨਹੀਂ: ਸੰਜੀਵ ਸ਼ਰਮਾ ਗੋਲਡੀ, ਜਗਨਾਰ ਸਿੰਘ ਦੁਲੱਦੀ

**ਨਾਭਾ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੱਤਰਕਾਰੀ ਦੇ ਖੇਤਰ ਦੇ ਨਾਲ ਜੁੜੇ ਹੋਏ ਪੱਤਰਕਾਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਨਾਭਾ ਦੇ ਨਿਜੀ ਹੋਟਲ ਵਿਖੇ ਕੀਤੀ ਗਈ। ਜਿਸ ਵਿੱਚ ਜਿੱਥੇ ਪੱਤਰਕਾਰਾਂ ਨੂੰ ਕੰਮ ਕਰਦੇ ਹੋਏ ਪੇਸ਼ ਆ ਰਹੀਆਂ ਸਮੱਸਿਆ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਉੱਥੇ ਪੱਤਰਕਾਰਾਂ ਦੇ ਹਿੱਤਾਂ ਦੇ ਲਈ ਨਵੇਂ ਨਾਭਾ ਮੀਡਿਆ ਕਲੱਬ ਨਾਭਾ ਦੀ ਸਥਾਪਨਾ ਕੀਤੀ ਗਈ। ਜਿਸ ਵਿੱਚ ਸੰਜੀਵ ਕੁਮਾਰ ਸ਼ਰਮਾ ਨੂੰ ਸੰਵਿਧਾਨਿਕ ਵਿਧੀ ਰਾਹੀ ਪ੍ਰਧਾਨ ਚੁਣਿਆ ਗਿਆ। ਇਸ ਤੋਂ ਇਲਾਵਾ ਕਲੱਬ ਵੱਲੋਂ ਸਾਰੇ ਅਹੁਦੇਦਾਰਾਂ ਦੀ ਚੋਣ ਸਰਬ ਸਹਿਮਤੀ ਦੇ ਨਾਲ ਕੀਤੀ ਗਈ। ਜਿਸ ਵਿੱਚ ਚੇਅਰਮੈਨ ਜਗਨਾਰ ਸਿੰਘ ਦੁਲੱਦੀ, ਸਰਪ੍ਰਸਤ ਸਤੀਸ਼ ਬਾਤਿਸ਼ ਅਤੇ ਬਲਜਿੰਦਰ ਸਿੰਘ ਮਾਨ, ਸੀਨੀਅਰ ਵਾਈਸ ਪ੍ਰਧਾਨ ਵਿਕਾਸ ਗੋਇਲ, ਵਾਈਸ ਪ੍ਰਧਾਨ ਗੌਰਵ ਢੀਂਗੀ , ਜਨਰਲ ਸਕੱਤਰ ਪ੍ਰਦੀਪ ਬਾਂਗਾ, ਕੈਸ਼ੀਅਰ ਅਮਰਦੀਪ ਅਹੂਜਾ, ਪ੍ਰੈਸ ਸਕੱਤਰ ਵਰਿੰਦਰ ਵਰਮਾ, ਲੀਗਲ ਐਡਵਾਈਜਰ ਤਰੁਣ ਸ਼ਰਮਾ, ਜੁਆਇੰਟ ਸਕੱਤਰ ਅਸ਼ੋਕ ਸੌਂਫਤ, ਸਲਾਹਕਾਰ ਪੁਨੀਤ ਭਾਰਦਵਾਜ ਅਤੇ ਤਰੁਣ ਮਹਿਤਾ, ਕਾਰਜਕਾਰਨੀ ਮੈਂਬਰ ਵਿਸ਼ਵ ਦੀਪਕ ਸੋਗੀ, ਦਿਨੇਸ਼ ਬਾਂਗਾ, ਹੈਪੀ ਢਿੰਗੀ, ਅਮਨ ਗਰਗ, ਅਵਤਾਰ ਸਿੰਘ ਧਰਮਸੋਤ, ਜਤਿੰਦਰ ਜੋਨੀ, ਗੁਰਸੇਵਕ ਸਿੰਘ, ਰਕੇਸ਼ ਜਿੰਦਲ ਸ਼ਾਮਿਲ ਹਨ। ਇਸ ਮੌਕੇ ਸਮੂਹ ਮੈਂਬਰਾਂ ਨੇ ਭਵਿੱਖ ਵਿੱਚ ਪੱਤਰਕਾਰਾਂ ਨੂੰ ਕੋਈ ਸਮੱਸਿਆ ਨਾ ਆਵੇ ਇਸ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।



# ਬੀਆਰਐਸ ਨਗਰ ਵਿੱਚ ਪਵਨ ਦੀਵਾਨ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ




**ਲੁਧਿਆਣਾ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੱਛਮੀ ਹਲਕੇ ਦੀਆਂ ਸਮੱਸਿਆਵਾਂ ਨੂੰ ਲੈ ਕੇ ਪੰਜਾਬ ਕਾਂਗਰਸ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਅਤੇ ਸਾਬਕਾ ਚੇਅਰਮੈਨ ਪਵਨ ਦੀਵਾਨ ਨੇ ਸਾਥੀਆਂ ਸਮੇਤ ਬੀਆਰਐਸ ਨਗਰ ਦੇ ਜੇ-ਬਲਾਕ ਵਾਸੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਦਾ ਆਯੋਜਨ ਕੁਲਬੀਰ ਨੀਟਾ ਵੱਲੋਂ ਕੀਤਾ ਗਿਆ।

ਇਸ ਮੌਕੇ ਇਲਾਕਾ ਵਾਸੀਆਂ ਨੇ ਬਿਜਲੀ ਦੇ ਲੰਮੇ ਕੱਟਾਂ ਅਤੇ ਖਰਾਬ ਸੜਕਾਂ ਦੀਆਂ ਸਮੱਸਿਆਵਾਂ ਤੋਂ ਦੀਵਾਨ ਨੂੰ ਜਾਣੂ ਕਰਵਾਇਆ। ਲੋਕਾਂ ਨੇ ਦੱਸਿਆ ਕਿ ਕਈ ਘੰਟਿਆਂ ਦੇ ਬਿਜਲੀ ਕੱਟਾਂ ਕਾਰਨ ਰੋਜ਼ਾਨਾ ਦੇ ਕੰਮ ਪ੍ਰਭਾਵਿਤ ਹੋ ਰਹੇ ਹਨ, ਜਦਕਿ ਕਈ ਥਾਵਾਂ 'ਤੇ ਸੜਕਾਂ ਵਿੱਚ ਪਏ ਖੱਡਿਆਂ ਕਾਰਨ ਹਾਦਸਿਆਂ ਦਾ ਖਤਰਾ ਬਣਿਆ ਹੋਇਆ ਹੈ।

ਦੀਵਾਨ ਨੇ ਕਿਹਾ ਕਿ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਦੇ ਦਾਅਵਿਆਂ ਦੇ ਉਲਟ ਜ਼ਮੀਨੀ ਪੱਧਰ 'ਤੇ ਲੋਕ ਬੁਨਿਆਦੀ ਸਮੱਸਿਆਵਾਂ ਨਾਲ ਜੂਝ ਰਹੇ ਹਨ। ਉਨ੍ਹਾਂ ਸਰਕਾਰ ਨੂੰ ਇਸ਼ਤਿਹਾਰਬਾਜ਼ੀ ਦੀ ਬਜਾਏ ਬਿਜਲੀ, ਸੜਕਾਂ ਅਤੇ ਹੋਰ ਲੋਕ ਸਮੱਸਿਆਵਾਂ ਦੇ ਹੱਲ ਵੱਲ ਧਿਆਨ ਦੇਣ ਦੀ ਅਪੀਲ ਕੀਤੀ।

ਇਸ ਮੌਕੇ ਇੰਦਰਜੀਤ ਕਪੂਰ, ਰੋਹਿਤ ਪਾਹਵਾ, ਬ੍ਰਿਜ ਮੋਹਨ ਸ਼ਰਮਾ, ਬ੍ਰਿਜ ਮੋਹਨ ਕਾਲੀਆ, ਦਿਨੇਸ਼ ਸ਼ਰਮਾ, ਕਾਲੀ ਨਈਅਰ, ਬਾਲ ਕ੍ਰਿਸ਼ਨ ਸ਼ਰਮਾ, ਜਸਵੰਤ ਸਿੰਘ ਕਲਸੀ, ਰਾਜੇਸ਼ ਸ਼ਰਮਾ, ਸੁਨੀਲ ਸ਼ਰਮਾ, ਰਾਹੁਲ ਵਿਗ, ਰਮਨ ਸ਼ਰਮਾ, ਰਾਜੇਸ਼ ਅਗਰਵਾਲ ਅਤੇ ਰਾਜੀਵ ਕਪੂਰ ਸਮੇਤ ਹੋਰ ਹਾਜ਼ਰ ਸਨ।

# ਬਲੈਰੋ ਗੱਡੀ ਅਤੇ ਮੋਟਰਸਾਈਕਲ ਦੀ ਟੱਕਰ ਵਿੱਚ ਨੌਜਵਾਨ ਦੀ ਮੌਤ

**ਮਾਛੀਵਾੜਾ ਸਾਹਿਬ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਪੜ ਰੋਡ 'ਤੇ ਪਿੰਡ ਸ਼ੇਰਪੁਰ ਨੇੜੇ ਅੱਜ ਸਵੇਰੇ ਵਾਪਰੇ ਦਰਦਨਾਕ ਸੜਕ ਹਾਦਸੇ 'ਚ ਮੋਟਰਸਾਈਕਲ ਸਵਾਰ ਨੌਜਵਾਨ ਦੀ ਮਨਜਿੰਦਰ ਸਿੰਘ ਹਨੀ (21) ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਮਨਜਿੰਦਰ ਸਿੰਘ ਨੇੜਲੇ ਪਿੰਡ ਹੰਬੋਵਾਲ ਬੇਟ ਵਿਖੇ ਇੱਕ ਪੈਟਰੋਲ ਪੰਪ 'ਤੇ ਕਰਮਚਾਰੀ ਵਜੋਂ ਡਿਊਟੀ ਨਿਭਾਉਂਦਾ ਸੀ ਅਤੇ ਰੋਜ਼ਾਨਾ ਦੀ ਤਰ੍ਹਾਂ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਆਪਣੇ ਪਿੰਡ ਸ਼ੇਰਪੁਰ ਤੋਂ ਨਿਕਲਿਆ। ਉਹ ਘਰ ਤੋਂ ਕੁੱਝ ਹੀ ਦੂਰੀ 'ਤੇ ਗਿਆ ਸੀ ਕਿ ਸ਼ੇਰਪੁਰ ਫਲਾਹੀ ਚੌਂਕ ਨੇੜੇ ਸਾਹਮਣੇ ਤੋਂ ਆ ਰਹੀ ਬਲੈਰੋ ਗੱਡੀ ਨੇ ਉਸਨੂੰ ਜ਼ਬਰਦਸਤ ਟੱਕਰ ਮਾਰ ਦਿੱਤੀ।

ਮੌਕੇ 'ਤੇ ਮੌਜੂਦ ਲੋਕਾਂ ਦੇ ਦੱਸਣ ਅਨੁਸਾਰ ਬਲੈਰੋ ਗੱਡੀ ਮੋਟਰਸਾਈਕਲ ਸਵਾਰ ਨੌਜਵਾਨ ਨੂੰ ਦੂਰ ਤੱਕ ਘੜੀਸਦੀ ਲੈ ਗਈ, ਜਿਸ ਕਾਰਨ ਮਨਜਿੰਦਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਬਲੈਰੋ ਕਾਰ ਸਵਾਰ ਨੌਜਵਾਨ ਆਪਣੀ ਗੱਡੀ ਛੱਡ ਮੌਕੇ ਤੋਂ ਫ਼ਰਾਰ ਹੋ ਗਏ। ਘਟਨਾ ਦੀ ਸੂਚਨਾ ਮਿਲਦੇ ਹੀ ਮਾਛੀਵਾੜਾ ਪੁਲਸ ਵੀ ਮੌਕੇ 'ਤੇ ਪਹੁੰਚ ਗਈ, ਜਿਨ੍ਹਾਂ ਵਲੋਂ ਲਾਸ਼ ਨੂੰ ਕਬਜ਼ੇ 'ਚ ਕਰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਪੁਲਸ ਵਲੋਂ ਮ੍ਰਿਤਕ ਦੇ ਭਰਾ ਇੰਦਰ ਪ੍ਰਤਾਪ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਬਲੈਰੋ ਗੱਡੀ ਚਾਲਕ ਖ਼ਿਲਾਫ਼ ਮਾਮਲਾ ਦਰਜ ਕੀਤਾ ਜਾ ਰਿਹਾ ਹੈ। ਮ੍ਰਿਤਕ ਮਨਜਿੰਦਰ ਸਿੰਘ ਹਨੀ ਗਰੀਬ ਪਰਿਵਾਰ ਨਾਲ ਸਬੰਧ ਰੱਖਦਾ ਸੀ, ਜੋ ਅਜੇ ਕੁਆਰਾ ਸੀ। ਉਸਦੀ ਮੌਤ ਨਾਲ ਪਿੰਡ ਵਿਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ।

# ਡੇਅਰੀ ਫਾਰਮਰਾਂ ਨੂੰ ਪਸ਼ੂਆਂ ਦੀ ਸਾਂਭ-ਸੰਭਾਲ ਤੇ ਸੰਤੁਲਿਤ ਖੁਰਾਕ ਬਾਰੇ ਕੀਤਾ ਜਾਗਰੂਕ

**ਲੁਧਿਆਣਾ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਸੁਰਿੰਦਰ ਸਿੰਘ ਦੀ ਅਗਵਾਈ ਹੇਠ ਪਿੰਡ ਜਰਗ ਵਿਖੇ ਇੱਕ ਦਿਨਾ ਦੁੱਧ ਉਤਪਾਦਕ ਜਾਗਰੂਕਤਾ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਡੇਅਰੀ ਫਾਰਮਰਾਂ ਨੂੰ ਪਸ਼ੂਆਂ ਦੀਆਂ ਬਿਮਾਰੀਆਂ ਤੋਂ ਬਚਾਅ, ਸਾਂਭ-ਸੰਭਾਲ ਅਤੇ ਸੰਤੁਲਿਤ ਖੁਰਾਕ ਸਬੰਧੀ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਡੇਅਰੀ ਵਿਕਾਸ ਵਿਭਾਗ ਦੀਆਂ ਵੱਖ-ਵੱਖ ਸਕੀਮਾਂ, ਕੈਟਲ ਸ਼ੈਡ, ਮਿਲਕਿੰਗ ਮਸ਼ੀਨ ਅਤੇ ਡੇਅਰੀ ਕਰਜ਼ਾ ਕੇਸਾਂ ਸਬੰਧੀ ਵੀ ਜਾਣਕਾਰੀ ਸਾਂਝੀ ਕੀਤੀ ਗਈ।

ਰਿਟਾਇਰਡ ਸੀਨੀਅਰ ਵੈਟਰਨਰੀ ਅਫਸਰ ਡਾ. ਗੁਲਜ਼ਾਰ, ਰਿਟਾਇਰਡ ਚੀਫ਼ ਐਗਰੀਕਲਚਰ ਅਫਸਰ ਡਾ. ਬਲਦੇਵ ਸਿੰਘ ਅਤੇ ਐਡਵਾਂਟਾ ਕੰਪਨੀ ਤੋਂ ਰਾਸ਼ਿਦ ਸਮੇਤ ਵਿਭਾਗੀ ਅਧਿਕਾਰੀ ਹਾਜ਼ਰ ਰਹੇ।

ਪਿੰਡ ਦੇ ਸਰਪੰਚ ਸਾਹਿਬ ਨੇ ਵੀ ਕੈਂਪ ਦਾ ਦੌਰਾ ਕਰਕੇ ਕਿਸਾਨਾਂ ਨਾਲ ਗੱਲਬਾਤ ਕੀਤੀ ਅਤੇ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਤੇ ਸਕੀਮਾਂ ਬਾਰੇ ਜਾਣਕਾਰੀ ਹਾਸਲ ਕੀਤੀ।

# ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਪੰਜਾਬ ਟਰੇਡਰਜ਼ ਕਮਿਸ਼ਨ ਦੀ ਹ.ਫਤਾਵਾਰੀ ਰਿਵਿਊ ਮੀਟਿੰਗ ਆਯੋਜਿਤ




**ਮਲੇਰਕੋਟਲਾ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਪਾਰੀਆਂ ਨਾਲ ਸਿੱਧਾ ਸੰਪਰਕ ਕਾਇਮ ਰੱਖਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਤੁਰੰਤ ਅਤੇ ਪ੍ਰਭਾਵਸ਼ਾਲੀ ਨਿਪਟਾਰੇ ਨੂੰ ਯਕੀਨੀ ਬਣਾਉਣ ਲਈ ਪੰਜਾਬ ਟਰੇਡਰਜ਼ ਕਮਿਸ਼ਨ ਨਾਲ ਸਬੰਧਤ ਹਫ਼ਤਾਵਾਰੀ ਰਿਵਿਊ ਮੀਟਿੰਗ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੀ ਅਗਵਾਈ ਹੇਠ ਆਯੋਜਿਤ ਕੀਤੀ ਗਈ। ਮੀਟਿੰਗ ਦੌਰਾਨ ਵਪਾਰੀਆਂ ਵੱਲੋਂ ਉਠਾਏ ਵੱਖ-ਵੱਖ ਮਸਲਿਆਂ ਅਤੇ ਲੰਬਿਤ ਸ਼ਿਕਾਇਤਾਂ ਦੀ ਪ੍ਰਗਤੀ ਦਾ ਵਿਭਾਗਵਾਰ ਜਾਇਜ਼ਾ ਲਿਆ ਗਿਆ। ਡਿਪਟੀ ਕਮਿਸ਼ਨਰ ਨੇ ਵਪਾਰੀਆਂ ਨਾਲ ਸਬੰਧਤ ਬਿਜਲੀ ਅਤੇ ਨਗਰ ਕੌਂਸਲ ਦੇ ਮਾਮਲਿਆਂ 'ਤੇ ਪੀ.ਐਸ.ਪੀ.ਸੀ.ਐਲ. ਦੇ ਅਧਿਕਾਰੀਆਂ ਅਤੇ ਕਾਰਜ ਸਾਧਕ ਅਫ਼ਸਰ ਨੂੰ ਹਦਾਇਤ ਕੀਤੀ ਕਿ ਹਰੇਕ ਜਾਇਜ਼ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਨਿਯਮਾਂ ਅਨੁਸਾਰ ਸਮਾਂਬੱਧ ਨਿਪਟਾਰਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਲੰਬਿਤ ਮਾਮਲਿਆਂ ਦੀ ਨਿਯਮਤ ਸਮੀਖਿਆ ਕੀਤੀ ਜਾਵੇ ਅਤੇ ਜਿੱਥੇ ਇੱਕ ਤੋਂ ਵੱਧ ਵਿਭਾਗਾਂ ਦੀ ਕਾਰਵਾਈ ਲੋੜੀਂਦੀ ਹੋਵੇ, ਉੱਥੇ ਆਪਸੀ ਤਾਲਮੇਲ ਨਾਲ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਪਾਰਕ ਗਤੀਵਿਧੀਆਂ ਨੂੰ ਸੁਚਾਰੂ ਬਣਾਉਣ ਅਤੇ ਵਪਾਰੀ ਵਰਗ ਨੂੰ ਦਰਪੇਸ਼ ਪ੍ਰਸ਼ਾਸਨਿਕ ਮੁਸ਼ਕਲਾਂ ਦੇ ਹੱਲ ਲਈ ਪੂਰੀ ਵਚਨਬੱਧਤਾ ਨਾਲ ਕੰਮ ਕਰ ਰਿਹਾ ਹੈ। ਇਸ ਮੌਕੇ ਟਰੇਡਰਜ਼ ਕਮਿਸ਼ਨ ਜ਼ਿਲ੍ਹਾ ਮਾਲੇਰਕੋਟਲਾ ਦੇ ਚੇਅਰਮੈਨ ਆਜਮ ਦਾਰਾ ਅਤੇ ਵਿਧਾਨ ਸਭਾ ਹਲਕਾ ਮਾਲੇਰਕੋਟਲਾ ਦੇ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਇਮਤਿਆਜ਼ ਅਲੀ ਬਾਬੂ ਨੇ ਕਿਹਾ ਕਿ ਹਫ਼ਤਾਵਾਰੀ ਰਿਵਿਊ ਮੀਟਿੰਗਾਂ ਨਾਲ ਵਪਾਰੀਆਂ ਅਤੇ ਪ੍ਰਸ਼ਾਸਨ ਦਰਮਿਆਨ ਸਿੱਧਾ ਸੰਵਾਦ ਹੋਰ ਮਜ਼ਬੂਤ ਹੋਇਆ ਹੈ।

ਉਨ੍ਹਾਂ ਕਿਹਾ ਕਿ ਵਪਾਰੀਆਂ ਵੱਲੋਂ ਉਠਾਏ ਮਸਲਿਆਂ ਦੀ ਨਿਯਮਤ ਸਮੀਖਿਆ ਅਤੇ ਸਬੰਧਤ ਵਿਭਾਗਾਂ ਨੂੰ ਮੌਕੇ 'ਤੇ ਦਿਸ਼ਾ-ਨਿਰਦੇਸ਼ ਜਾਰੀ ਹੋਣ ਨਾਲ ਉਨ੍ਹਾਂ ਦੇ ਨਿਪਟਾਰੇ ਦੀ ਪ੍ਰਕਿਰਿਆ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਵਿੱਚ ਮਦਦ ਮਿਲ ਰਹੀ ਹੈ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਰਾਜਦੀਪ ਸਿੰਘ ਬਰਾੜ, ਸਹਾਇਕ ਕਮਿਸ਼ਨਰ ਮਨਦੀਪ ਕੌਰ, ਕਾਰਜ ਸਾਧਕ ਅਫ਼ਸਰ ਚੰਦਰ ਪ੍ਰਕਾਸ ਵਧਵਾ , ਐਸ.ਡੀ.ਓ ਪੀ.ਐਸ.ਪੀ.ਸੀ.ਐਲ ਇੰਜ.ਬਲਵਿੰਦਰ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਮੁੱਖ ਮੰਤਰੀ ਤੀਰਥ ਯਾਤਰਾ ਦੌਰਾਨ ਫਤਿਹਗੜ੍ਹ ਗੁੱਜਰਾਂ ਦਾ ਬਜ਼ੁਰਗ ਲਾਪਤਾ; ਪਰਿਵਾਰ ਵੱਲੋਂ ਭਾਲ ਜਾਰੀ

**ਮਾਛੀਵਾੜਾ ਸਾਹਿਬ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵਲੋਂ ਪਿਛਲੇ ਕਾਫ਼ੀ ਸਮੇਂ ਤੋਂ ਚਲਾਈ ਜਾ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਦੀ ਇਕ ਬੱਸ, ਜੋ ਕਿ 11 ਸਤੰਬਰ ਨੂੰ ਯਾਤਰੀ ਲੈ ਕੇ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਰਵਾਨਾ ਹੋਈ, ਜਿਸ ਵਿੱਚ ਨਜ਼ਦੀਕੀ ਪਿੰਡ ਫਤਿਹਗੜ੍ਹ ਗੁਜਰਾਂ ਤੋਂ ਵੀ ਯਾਤਰਾ ਲਈ ਸੰਗਤ ਬੱਸ ਰਾਹੀਂ ਦਰਸ਼ਨਾਂ ਲਈ ਗਈ ,ਪਰ ਹੈਰਾਨੀ ਉਦੋਂ ਹੋ ਗਈ ਜਦੋਂ ਇਸ ਬੱਸ ਰਾਹੀਂ ਯਾਤਰਾ ਲਈ ਗਿਆ ਫਤਿਹਗੜ੍ਹ ਵਾਸੀ ਬਜ਼ੁਰਗ ਯਾਤਰੀ ਚਮਨ ਲਾਲ (70 ਸਾਲ ) 11 ਸਤੰਬਰ ਨੂੰ ਸੰਗਤ ਦੇ ਨਾਲ ਸੀ ਜਦਕਿ 12 ਸਤੰਬਰ ਨੂੰ ਉਹ ਸੰਗਤ ਤੋਂ ਅਲੱਗ ਹੋ ਗਿਆ ਤੇ ਉਸ ਤੋਂ ਬਾਅਦ ਉਹ ਸੰਗਤ ਨੂੰ ਕਿਧਰੇ ਵੀ ਨਹੀਂ ਮਿਲਿਆ ਤੇ ਅਚਾਨਕ ਉੱਥੋਂ ਲਾਪਤਾ ਹੋ ਗਿਆ।

ਕੂੰਮਕਲਾ ਬਲਾਕ ਅਧੀਨ ਪੈਂਦੇ ਪਿੰਡ ਫਤਿਹਗੜ ਗੁੱਜਰਾਂ ਦੇ ਵਸਨੀਕ ਇਸ ਯਾਤਰੀ ਦੇ ਲਾਪਤਾ ਹੋਣ ਦੀ ਜਾਣਕਾਰੀ ਦਿੰਦੇ ਹੋਏ ਪਰਿਵਾਰ ਦੇ ਨਜ਼ਦੀਕੀ ਬਲਾਕ ਸੰਮਤੀ ਮੈਂਬਰ ਬਿੰਦਰ ਫਤਿਹਗੜ੍ਹ ਨੇ ਦੱਸਿਆ ਕਿ ਪਿਛਲੇ ਦਿਨਾਂ ਤੋਂ ਬਜ਼ੁਰਗ ਦੀ ਭਾਲ ਕੀਤੀ ਜਾ ਰਹੀ ਹੈ ਪਰ ਅਜੇ ਤੱਕ ਉਸ ਦੀ ਕੋਈ ਜਾਣਕਾਰੀ ਨਹੀਂ ਮਿਲੀ । ਪਰਿਵਾਰਿਕ ਮੈਂਬਰਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਤੀਰਥ ਸਥਾਨਾਂ ਤੇ ਵੀ ਭਾਲ ਕੀਤੀ ਜਾ ਰਹੀ ਹੈ।

ਪਰਿਵਾਰ ਵੱਲੋਂ ਤਾਂ ਕਰਕੇ ਸੰਗਤਾਂ ਨੂੰ ਅਪੀਲ ਵੀ ਕੀਤੀ ਗਈ ਹੈ ਕਿ ਜੇਕਰ ਚਮਨ ਲਾਲ ਵਾਸੀ ਫਤਿਹਗੜ੍ਹ ਗੁੱਜਰਾਂ ਦੀ ਕਿਸੇ ਨੂੰ ਕੋਈ ਸੂਹ ਮਿਲੇ ਤਾਂ ਉਹ ਪਰਿਵਾਰ ਨਾਲ ਰਾਬਤਾ ਕਰਕੇ ਫੋਨ ਨੰਬਰ 99157-19483---99153-81591 ਤੇ ਦੱਸਣ ਦੀ ਕਿਰਪਾਲਤਾ ਜਰੂਰ ਕਰਨ।

# ਪੀ ਆਰ ਟੀ ਸੀ ਦੇ ਪੈਨਸ਼ਨਰਾਂ ਨੇ ਘੇਰਿਆ ਮੁੱਖ ਦਫਤਰ; ਪੰਜਾਬ ਸਰਕਾਰ ਅਤੇ ਮੈਨੇਜਮੈਂਟ ਦਾ ਕੀਤਾ ਪਿੱਟ ਸਿਆਪਾ

**ਪਟਿਆਲਾ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ ਆਰ ਟੀ ਸੀ ਦੇ ਪੈਨਸ਼ਨਰਾਂ ਨੇ ਰਹਿੰਦੀ ਪੈਨਸ਼ਨ ਅਤੇ ਬਕਾਇਆਂ ਨੂੰ ਲੈ ਕੇ ਮਾਸਿਕ ਮੀਟਿੰਗ ਨੂੰ ਧਰਨੇ ਦੇ ਰੂਪ ਵਿੱਚ ਪੀ ਆਰ ਟੀ ਸੀ ਦੇ ਮੁੱਖ ਦਫਤਰ ਵਿਖੇ ਭਾਰੀ ਗਿਣਤੀ ਵਿੱਚ ਇਕੱਠੇ ਹੋ ਕੇ ਪੰਜਾਬ ਸਰਕਾਰ ਅਤੇ ਪੀ ਆਰ ਟੀ ਸੀ ਦੀ ਮੈਨੇਜਮੈਂਟ ਦਾ ਖੂਬ ਪਿੱਟ ਸਿਆਪਾ ਕੀਤਾ। ਪੀ ਆਰ ਟੀ ਸੀ ਪੈਨਸ਼ਨਰਜ ਐਸੋਸੀਏਸ਼ਨ ਦੀ ਕੇਂਦਰੀ ਬਾਡੀ ਦੇ ਚੇਅਰਮੈਨ ਮੁਕੰਦ ਸਿੰਘ ਅਤੇ ਸੂਬਾ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ ਦੀ ਅਗਵਾਈ ਹੇਠ ਵੱਖ-ਵੱਖ ਡਿੱਪੂਆਂ ਤੋਂ ਭਾਰੀ ਗਿਣਤੀ ਵਿੱਚ ਪੈਨਸ਼ਨਰਾਂ ਨੇ ਸ਼ਮੂਲੀਅਤ ਕੀਤੀ। ਹਰ ਡਿੱਪੂ ਨਾਲ ਸਬੰਧਤ ਬੁਲਾਰੇ ਨੇ ,ਮੈਨੇਜਮੈਂਟ ਵਲੋਂ ਮਾਸਿਕ ਪੈਨਸ਼ਨ ਪੂਰੀ ਨਾ ਪਾ ਕੇ ਕੇਵਲ 33% ਪਾਉਣ ਦੀ ਮੈਨੇਜਮੈਂਟ ਦੀ ਨਿਖੇਧੀ ਕਰਦਿਆਂ ਰਹਿੰਦੀ ਪੈਨਸ਼ਨ ਤੁਰੰਤ ਦੇਣ,2016 ਦੇ ਗਰੇਡਾਂ ਦੇ ਬਕਾਏ ਦੇਣ, ਡੇਢ ਸਾਲ ਤੋਂ ਲੰਬਤ ਮੈਡੀਕਲ ਬਿਲਾਂ ਦੀ ਅਦਾਇਗੀ ਕਰਨ ਅਤੇ ਨਵੇਂ ਰਿਟਾਰੀਆਂ ਦੇ ਬਕਾਏ ਦੇਣ ਦੀ ਮੰਗ ਕੀਤੀ। ਸੂਬਾ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਜਦ ਵੀ ਮੈਨੇਜਮੈਂਟ ਕੋਲ ਗਏ ਸਾਨੂੰ ਇਹ ਹੀ ਭਰੋਸਾ ਦਿਵਾਇਆ ਗਿਆ ਕਿ ਇਸ ਪੈਨਸ਼ਨ ਦੇ ਨਾਲ ਤੁਹਾਡੇ ਗਰੇਡਾਂ ਦੀ ਕਿਸ਼ਤ ਜ਼ਰੂਰ ਲਗਾ ਦਿੱਤੀ ਜਾਵੇਗੀ। ਇਹਨਾਂ ਹੀ ਲਾਰਿਆਂ ਨਾਲ ਲਗ -ਭਗ ਡੇਢ ਸਾਲ ਲੰਘ ਗਿਆ ਪ੍ਰੰਤੂ 2016 ਦੇ ਗਰੇਡਾਂ ਦੀ ਇੱਕ ਵੀ ਕਿਸ਼ਤ ਅਜੇ ਤਕ ਨਹੀਂ ਲਾਈ ਗਈ, ਜਦੋਂ ਕਿ ਪੰਜਾਬ ਸਰਕਾਰ ਦੇ ਬਾਕੀ ਅਦਾਰਿਆਂ ਵਿੱਚ ਲਗਾਤਾਰ ਦਿੱਤੀ ਜਾ ਰਹੀ ਹੈ। ਸਾਨੂੰ ਤਾਂ ਇਸ ਮਹੀਨੇ ਪੈਨਸ਼ਨ ਵੀ 33% ਹੀ ਮਿਲੀ ਹੈ ਉਹਨਾਂ ਨੇ ਹਾਜਰੀਨ ਨੂੰ ਕਿਹਾ ਸਾਥੀਓ ਤਿੱਖੇ ਸੰਘਰਸ਼ ਲਈ ਤਿਆਰ ਰਹੋ। ਸਕੱਤਰ ਜਨਰਲ ਹਰੀ ਸਿੰਘ ਚਮਕ ਨੇ ਕਿਹਾ ਕਿ ਮੈਨੇਜਮੈਂਟ ਵੱਲੋਂ ਅਦਾਇਗੀਆਂ ਸਬੰਧੀ ਦਿੱਤੇ ਭਰੋਸੇ ਸਾਰੇ ਹਵਾ ਵਿੱਚ ਹੀ ਲਟਕ ਕੇ ਰਹਿ ਗਏ ਹਨ ।ਪੀ ਆਰ ਟੀ ਸੀ ਦੇ ਲਗਭਗ 250 ਪੈਨਸ਼ਨਰਜ ਮੀਆਂ ਬੀਵੀ ਦੋਵੇਂ ਰੱਬ ਨੂੰ ਪਿਆਰੇ ਹੋ ਚੁੱਕੇ ਹਨ ਕੀ ਉਹਨਾਂ ਦੇ ਗਰੇਡਾਂ ਦੇ ਬਕਾਇਆ ਦੀ, ਮੈਨੇਜਮੈਂਟ ਰੱਬ ਨੂੰ ਕੋਰੀਅਰ ਕਰੇਗੀ ? ਬਜ਼ੁਰਗ ਪੈਨਸ਼ਨਰਜ ਮੰਜਿਆਂ 'ਤੇ ਪਏ ਤੜਫ ਰਹੇ ਨੇ ਪਿਛਲੇ ਡੇਢ ਸਾਲ ਤੋਂ ਮੈਡੀਕਲ ਬਿਲਾਂ ਦੀ ਅਦਾਇਗੀ ਨਹੀਂ ਹੋਈ, ਨਵੇਂ ਰਿਟਾਰੀਆਂ ਨੂੰ ਕੋਈ ਬਕਾਇਆ ਨਹੀਂ ਮਿਲਿਆ ਅਸੀਂ ਵਾਰ-ਵਾਰ ਮੈਨੇਜਮੈਂਟ ਦਾ ਦਰਵਾਜ਼ਾ ਖੜਕਾਇਆ ਪ੍ਰੰਤੂ ਮੈਨੇਜਮੈਂਟ ਨੇ ਝੂਠੇ ਵਾਅਦੇ ਕਰਕੇ ਸਾਨੂੰ ਹਮੇਸ਼ਾ ਹੀ ਗੁਮਰਾਹ ਕੀਤਾ ਹੈ, ਜਿਸ ਕਾਰਨ ਸਾਨੂੰ ਇਹ ਇਕੱਠ ਮੁਖ ਦਫਤਰ ਵਿਖੇ ਕਰਨਾ ਪਿਆ ਤਾਂ ਕਿ ਸ਼ਾਇਦ ਬੋਲੀ ਮਨੇਜਮੈਂਟ ਦੇ ਕੰਨਾਂ ਤੱਕ ਸਾਡੀ ਆਵਾਜ਼ ਪਹੁੰਚ ਸਕੇ। ਉਹਨਾਂ ਕਿਹਾ ਕੇ ਅੱਜ ਇਹ ਮੈਨੇਜਮੈਂਟ ਨੂੰ ਇਕ ਚਿਤਾਵਨੀ ਹੈ । ਅਗਰ ਹੁਣ ਵੀ ਮੈਨੇਜਮੈਂਟ ਨੇ ਸਾਡੀਆਂ ਅਦਾਇਗੀਆਂ ਨਾ ਕੀਤੀਆਂ ਤਾਂ ਛੇਤੀ ਹੀ ਸੰਘਰਸ਼ ਦਾ ਬਿਗਲ ਬਜਾਇਆ ਜਾਵੇਗਾ। ਚੇਅਰਮੈਨ ਮੁਕੰਦ ਸਿੰਘ ਨੇ ਆਪਣੇ ਧੰਨਵਾਦੀ ਭਾਸ਼ਣ ਵਿੱਚ ਮੈਨੇਜਮੈਂਟ ਦੀ ਲਾਰੇ ਲਾਊ ਨੀਤੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਰਹਿੰਦੀ ਪੈਨਸ਼ਨ ਤੁਰੰਤ ਜਾਰੀ ਕੀਤੀ ਜਾਵੇ, ਹਰ ਮਹੀਨੇ ਦੀ 10 ਤਰੀਕ ਤੱਕ ਪੈਨਸ਼ਨ ਪਾਉਣੀ ਯਕੀਨੀ ਬਣਾਈ ਜਾਵੇ, ਪੇ- ਕਮਿਸ਼ਨ ਦੀਆਂ ਕਿਸ਼ਤਾਂ ਤੁਰੰਤ ਪੈਨਸ਼ਨ ਨਾਲ ਲਾਉਣੀਆਂ ਸ਼ੁਰੂ ਕੀਤੀਆਂ ਜਾਣ ,ਡੇਢ ਸਾਲ ਤੋਂ ਪੈਂਡਿੰਗ ਪਏ ਮੈਡੀਕਲ ਬਿਲਾਂ ਦੀ ਅਦਾਇਗੀ ਤੁਰੰਤ ਕੀਤੀ ਜਾਵੇ,ਨਵੇਂ ਰਿਟਾਇਰੀਆਂ ਦੀਆਂ ਅਦਾਇਗੀਆਂ ਅਤੇ ਫੁਟਕਲ ਅਦਾਇਗੀਆਂ ਤੁਰੰਤ ਕੀਤੀਆ ਜਾਣ ।ਉਹਨਾਂ ਨੇ ਅੱਗੇ ਕਿਹਾ ਕਿ ਅਸੀਂ ਸਾਰੀ ਉਮਰ ਅਦਾਰੇ ਦੀ ਸੇਵਾ ਕਰਦਿਆਂ ਲੰਘਾ ਦਿੱਤੀ ਹੈ ਹੁਣ ਆਰਾਮ ਕਰਨ ਦੀ ਉਮਰ ਵਿੱਚ ਸਾਨੂੰ, ਸਰਕਾਰ ਅਤੇ ਮੈਨੇਜਮੈਂਟ ਸੜਕਾਂ 'ਤੇ ਰੁਲਣ ਲਈ ਮਜਬੂਰ ਕਰ ਰਹੀ ਹੈ। ਮੈਨੇਜਮੈਂਟ ਨੂੰ ਚਿਤਾਵਨੀ ਦਿੰਦਿਆਂ ਉਹਨਾਂ ਕਿਹਾ ਕਿ ਅਗਰ ਮੈਨੇਜਮੈਂਟ ਨੇ ਸਾਡੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਨਾ ਕੀਤਾ ਤਾਂ ਸਾਨੂੰ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਵੇਗਾ ,ਉਹ ਭਾਵੇਂ ਕਿਸੇ ਵੀ ਰੂਪ ਵਿੱਚ ਹੋਵੇ। ਇਸ ਲਈ ਮੈਨੇਜਮੈਂਟ ਖੁਦ ਜਿੰਮੇਵਾਰ ਹੋਵੇਗੀ। ਉਹਨਾਂ ਨੇ ਹਾਜ਼ਰ ਪੈਨਸ਼ਨਰਾਂ ਨੂੰ ਅਗਲੇ ਸੰਘਰਸ਼ ਲਈ ਤਿਆਰ ਰਹਿਣ ਲਈ ਵੀ ਕਿਹਾ। ਉਪਰੋਕਤ ਤੋਂ ਇਲਾਵਾ ਇਸ ਮੀਟਿੰਗ ਨੂੰ ਸਰਵਸ੍ਰੀ ਬਚਿੱਤਰ ਸਿੰਘ ਵਾਈਸ ਚੇਅਰਮੈਨ, ਹਰਭਜਨ ਸਿੰਘ ਚੰਡੀਗੜ੍ਹ, ਜਲੌਰ ਸਿੰਘ ਫਰੀਦਕੋਟ, ਬਚਨ ਸਿੰਘ ਅਰੋੜਾ ਜਨਰਲ ਸਕੱਤਰ ਕੇਂਦਰੀ ਬਾਡੀ, ਗੁਰਮੀਤ ਸਿੰਘ ਕਪੂਰਥਲਾ, ਸੁਖਜੀਤ ਸਿੰਘ ਬਠਿੰਡਾ, ਹਾਕਮ ਸਿੰਘ ਬੁਢਲਾਡਾ, ਮਦਨ ਮੋਹਨ ਸ਼ਰਮਾ ਬਰਨਾਲਾ, ਜੋਗਿੰਦਰ ਸਿੰਘ ਪਟਿਆਲਾ, ਬਲਵੰਤ ਸਿੰਘ ਜੋਗਾ ਸੰਗਰੂਰ ਅਤੇ ਪ੍ਰੀਤਮ ਸਿੰਘ ਬਰਾੜ ਬਠਿੰਡਾ ਨੇ ਵੀ ਸੰਬੋਧਨ ਕੀਤਾ। ਇਸ ਪ੍ਰੋਗਰਾਮ ਨੂੰ ਸਫਲ ਬਨਾਉਣ ਲਈ ਸਰਵ ਸ਼੍ਰੀ ਬਖਸ਼ੀਸ਼ ਸਿੰਘ ਦਫਤਰ ਸਕੱਤਰ, ਬਲਵੀਰ ਸਿੰਘ ਬੁੱਟਰ,ਨਿਰਪਾਲ ਸਿੰਘ, ਬਲਵੰਤ ਸਿੰਘ, ਸੂਰਜ ਭਾਨ, ਗੁਰਦੀਪ ਸਿੰਘ, ਰਮੇਸ਼ਵਰ ਦਿਆਲ, ਸੰਤੋਸ਼ ਕ੍ਰਿਸ਼ਨ ਚਪੜ, ਘੋਲਾ ਸਿੰਘ ਡੰਡੋਆ ਅਤੇ ਬਲਵੀਰ ਸਿੰਘ ਗਲੌਂਡਰ ਨੇ ਵੀ ਭਰਪੂਰ ਯੋਗਦਾਨ ਪਾਇਆ।




ਸਟੇਜ ਦੀ ਜਿੰਮੇਵਾਰੀ ਬਚਨ ਸਿੰਘ ਅਰੋੜਾ ਨੇ ਬਾਖੂਬੀ ਨਿਭਾਈ।

ਕੌਮੀ ਪੱਤ੍ਰਿਕਾ

# ਸਟਾਰਬਕਸ ਭਾਰਤ 'ਚ ਖੋਲ੍ਹੇਗੀ ਗਲੋਬਲ ਟੈਕ ਸੈਂਟਰ; 800 ਨੌਕਰੀਆਂ ਹੋਣਗੀਆਂ ਪੈਦਾ

## ਚੇਨੱਈ 'ਚ ਸਥਾਪਤ ਹੋਵੇਗਾ 'ਗਲੋਬਲ ਕੈਪੇਬਿਲਟੀ ਸੈਂਟਰ'; ਫਾਈਨਾਂਸ, ਸਾਫ਼ਟਵੇਅਰ ਤੇ ਰਿਸਰਚ ਖੇਤਰ ਨੂੰ ਮਿਲੇਗਾ ਹੁੰਗਾਰਾ



**ਚੇਨੱਈ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਕਾਫ਼ੀ ਚੇਨ ਸਟਾਰਬਕਸ ਨੇ ਦੱਖਣੀ ਭਾਰਤੀ ਸ਼ਹਿਰ ਚੇਨੱਈ ਵਿੱਚ ਗਲੋਬਲ ਕੈਪੇਬਿਲਟੀ ਸੈਂਟਰ (733) ਸਥਾਪਤ ਕਰਨ ਲਈ ਇੱਕ ਸਮਝੌਤੇ 'ਤੇ ਦਸਤਖਤ ਕੀਤੇ ਹਨ, ਜਿਸ ਨਾਲ ਲਗਪਗ 800 ਤਕਨਾਲੋਜੀ ਨੌਕਰੀਆਂ ਪੈਦਾ ਹੋਣਗੀਆਂ। ਇਹ ਜਾਣਕਾਰੀ ਤਾਮਿਲਨਾਡੂ ਰਾਜ ਸਰਕਾਰ ਨੇ ਸੋਮਵਾਰ ਨੂੰ ਦਿੱਤੀ।

ਟਾਟਾ ਕੰਜ਼ਿਊਮਰ ਪ੍ਰੋਡਕਟਸ ਨਾਲ ਆਪਣੇ ਸਾਂਝੇ ਉੱਦਮ (ਜੁਆਇੰਟ ਵੈਂਚਰ) ਰਾਹੀਂ ਭਾਰਤ ਵਿੱਚ ਲਗਪਗ 500 ਕੈਫ਼ੇ ਚਲਾਉਣ ਵਾਲੀ ਕੰਪਨੀ ਸਟਾਰਬਕਸ ਨੇ ਦਫ਼ਤਰੀ ਸਮੇਂ ਤੋਂ ਬਾਅਦ ਰਾਈਟਰਜ਼ ਵੱਲੋਂ ਟਿੱਪਣੀ ਲਈ ਕੀਤੀ ਬੇਨਤੀ ਦਾ ਤੁਰੰਤ ਕੋਈ ਜਵਾਬ ਨਹੀਂ ਦਿੱਤਾ।

ਇਹ ਕਦਮ ਅਮਰੀਕੀ ਫਾਰਮੇਸੀ ਚੇਨ ਵਾਲਗ੍ਰੀਨਜ਼ ਵੱਲੋਂ ਰਾਜ ਦੀ ਰਾਜਧਾਨੀ ਵਿੱਚ ਇੱਕ ਜੀ.ਸੀ.ਸੀ. (733) ਸਥਾਪਤ ਕਰਨ ਲਈ ਤਾਮਿਲਨਾਡੂ ਸਰਕਾਰ ਨਾਲ ਸਮਝੌਤਾ ਕਰਨ ਤੋਂ ਕੁਝ ਦਿਨ ਬਾਅਦ ਸਾਹਮਣੇ ਆਇਆ ਹੈ। ਇਹ ਸ਼ਹਿਰ ਪਹਿਲਾਂ ਹੀ ਸਿਟੀ, ਬਾਰਕਲੇਜ਼ ਅਤੇ ਅਮੈਰਿਕਨ ਐਕਸਪ੍ਰੈਸ ਵਰਗੀਆਂ ਗਲੋਬਲ ਕਾਰਪੋਰੇਟ ਕੰਪਨੀਆਂ ਦੇ ਤਕਨਾਲੋਜੀ ਕੇਂਦਰਾਂ ਦਾ ਗੜ੍ਹ ਹੈ।

ਜੀ.ਸੀ.ਸੀ. ਹੁਣ ਸਿਰਫ਼ ਘੱਟ ਲਾਗਤ ਵਾਲੇ ਬੈਕ-ਆਫ਼ਿਸ ਸਹਾਰੇ ਤੱਕ ਸੀਮਤ ਨਹੀਂ ਰਹੇ ਹਨ, ਸਗੋਂ ਗਲੋਬਲ ਕਾਰੋਬਾਰੀ ਸਮੂਹ ਵਿੱਤ (ਫਾਈਨਾਂਸ) ਅਤੇ ਸਾਫ਼ਟਵੇਅਰ ਵਿਕਾਸ ਦੇ ਨਾਲ-ਨਾਲ ਖੋਜ ਅਤੇ ਵਿਕਾਸ (R&D) ਵਰਗੇ ਉੱਚੇ-ਮੁੱਲ ਵਾਲੇ ਕਾਰਜਾਂ ਰਾਹੀਂ ਆਪਣੇ ਮੁੱਖ ਦਫ਼ਤਰਾਂ ਨੂੰ ਸਹਿਯੋਗ ਦੇਣ ਲਈ ਇਹਨਾਂ ਕੇਂਦਰਾਂ ਦੀ ਵਰਤੋਂ ਕਰ ਰਹੇ ਹਨ।

# ਮੁਅੱਤਲ ਡੀ.ਆਈ.ਜੀ. ਐਚ.ਐਸ. ਭੁੱਲਰ ਖ਼ਿਲਾਫ਼ ਸ਼ਿਕਾਇਤਕਰਤਾ ਆਕਾਸ਼ ਬੱਟਾ ਗਵਾਹੀ ਲਈ ਤਲਬ

## CBI ਅਦਾਲਤ ਨੇ ਸ਼ਿਕਾਇਤਕਰਤਾ ਆਕਾਸ਼ ਬੱਟਾ ਨੂੰ ਅਗਲੇ ਸਰਕਾਰੀ ਗਵਾਹ ਵਜੋਂ ਤਲਬ ਕਰਨ ਦੀ ਸੀਬੀਆਈ ਦੀ ਅਰਜ਼ੀ ਕੀਤੀ ਮਨਜ਼ੂਰ

**ਚੰਡੀਗੜ੍ਹ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲੀਸ ਦੇ ਮੁਅੱਤਲ ਡੀਆਈਜੀ ਐਚ.ਐਸ. ਭੁੱਲਰ ਨਾਲ ਸਬੰਧਤ ਭ੍ਰਿਸ਼ਟਾਚਾਰ ਮਾਮਲੇ ਵਿੱਚ ਸ਼ਿਕਾਇਤਕਰਤਾ ਆਕਾਸ਼ ਬੱਟਾ ਨੂੰ ਅਗਲੇ ਸਰਕਾਰੀ ਗਵਾਹ ਵਜੋਂ ਤਲਬ ਕਰਨ ਦੀ ਸੀਬੀਆਈ ਦੀ ਅਰਜ਼ੀ ਨੂੰ ਮਨਜ਼ੂਰ ਮਿਲ ਗਈ ਹੈ। ਵਿਸ਼ੇਸ਼ ਜੱਜ ਭਾਵਨਾ ਜੈਨ ਦੀ ਚੰਡੀਗੜ੍ਹ ਸਥਿਤ ਸੀਬੀਆਈ ਅਦਾਲਤ ਨੇ ਇਹ ਮਨਜ਼ੂਰੀ ਦਿੱਤੀ ਹੈ।

ਸੀਬੀਆਈ ਨੇ ਪਬਲਿਕ ਪ੍ਰੌਸੀਕਿਊਟਰ ਨਰਿੰਦਰ ਸਿੰਘ ਰਾਹੀਂ ਦਾਇਰ ਅਰਜ਼ੀ ਵਿੱਚ ਕਿਹਾ ਕਿ ਕਥਿਤ ਭ੍ਰਿਸ਼ਟਾਚਾਰ ਦਾ ਇਹ ਮਾਮਲਾ ਇਸ ਅਦਾਲਤ ਸਾਹਮਣੇ ਵਿਚਾਰਅਧੀਨ ਹੈ ਅਤੇ ਕਾਨੂੰਨ ਅਨੁਸਾਰ ਸਰਕਾਰੀ ਗਵਾਹਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਇਸ ਮਕਸਦ ਲਈ ਬਰਾਮਦਗੀ ਦੇ ਗਵਾਹ ਰਾਜਕੁਮਾਰ ਨੂੰ 24 ਸਤੰਬਰ, 2026 ਲਈ ਪਹਿਲਾਂ ਹੀ ਤਲਬ ਕੀਤਾ ਜਾ ਚੁੱਕਾ ਹੈ।

ਉਨ੍ਹਾਂ ਕਿਹਾ ਕਿ ਸ਼ਿਕਾਇਤਕਰਤਾ ਆਕਾਸ਼ ਬੱਟਾ ਇਸ ਮਾਮਲੇ ਦਾ ਮੁੱਖ ਗਵਾਹ ਹੈ ਅਤੇ ਮੌਜੂਦਾ ਕੇਸ ਦੇ ਸਹੀ ਨਿਪਟਾਰੇ ਲਈ ਉਸ ਦੀ ਗਵਾਹੀ ਬਹੁਤ ਜ਼ਰੂਰੀ ਹੈ। ਸਰਕਾਰੀ ਪੱਖ (ਪ੍ਰੌਸੀਕਿਊਸ਼ਨ) ਨੇ ਇਸ ਅਦਾਲਤ ਵਿੱਚ ਦਾਇਰ ਦੋਸ਼-ਪੱਤਰ (ਚਾਰਜਸ਼ੀਟ) ਵਿੱਚ ਆਕਾਸ਼ ਬੱਟਾ ਨੂੰ ਪਹਿਲਾਂ ਹੀ ਗਵਾਹ ਵਜੋਂ ਨਾਮਜ਼ਦ ਕੀਤਾ ਹੋਇਆ ਹੈ।

ਇਸ ਲਈ, ਸ਼ਿਕਾਇਤ ਤੱਕ ਪਹੁੰਚਣ ਦੇ ਹਾਲਾਤ, ਰਿਸ਼ਵਤ ਦੀ ਮੰਗ, ਪੜਤਾਲੀਆ ਕਾਰਵਾਈ, ਟਰੈਪ (ਜਾਲ) ਲਗਾਉਣ ਤੋਂ ਪਹਿਲਾਂ ਦੀ ਕਾਰਵਾਈ, ਟਰੈਪ ਦੀ ਕਾਰਵਾਈ ਅਤੇ ਰਿਸ਼ਵਤ ਦੀ ਰਕਮ ਦੀ ਪ੍ਰਾਪਤੀ ਤੇ ਬਰਾਮਦਗੀ ਸਮੇਤ ਕੇਸ ਦੇ ਮਹੱਤਵਪੂਰਨ ਤੱਥਾਂ ਨੂੰ ਸਾਬਤ ਕਰਨ ਲਈ ਉਸ ਦੀ ਪੁੱਛਗਿੱਛ ਜ਼ਰੂਰੀ ਹੈ।



ਸੀਬੀਆਈ ਨੇ ਦੱਸਿਆ ਕਿ ਮੁਲਜ਼ਮ ਐਚ.ਐਸ. ਭੁੱਲਰ ਦੀ ਜ਼ਮਾਨਤ ਦਾ ਮਾਮਲਾ ਵੀ ਭਾਰਤ ਦੀ ਸੁਪਰੀਮ ਕੋਰਟ ਵਿੱਚ ਐਸ.ਐਲ.ਪੀ. ਹੇਠ ਵਿਚਾਰਅਧੀਨ ਹੈ। ਸੁਪਰੀਮ ਕੋਰਟ ਵਿੱਚ 15 ਸਤੰਬਰ, 2026 ਨੂੰ ਜ਼ਮਾਨਤ ਮਾਮਲੇ ਦੀ ਅੰਸ਼ਕ ਸੁਣਵਾਈ ਹੋਈ ਸੀ ਅਤੇ ਇਸ ਨੂੰ 27 ਅਕਤੂਬਰ, 2026 ਨੂੰ ਸੂਚੀਬੱਧ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ। ਸੁਪਰੀਮ ਕੋਰਟ ਵਿੱਚ ਸੁਣਵਾਈ ਦੌਰਾਨ ਸੀਬੀਆਈ ਵੱਲੋਂ ਪੇਸ਼ ਹੋਏ ਵਕੀਲ ਨੂੰ ਜ਼ਬਾਨੀ ਹਦਾਇਤ ਕੀਤੀ ਗਈ ਸੀ ਕਿ ਉਹ ਰਾਜ ਕੁਮਾਰ (ਬਰਾਮਦਗੀ ਦੇ ਗਵਾਹ) ਦੀ ਪੁੱਛਗਿੱਛ ਤੋਂ ਪਹਿਲਾਂ 24 ਸਤੰਬਰ, 2026 ਦੀ ਨਿਰਧਾਰਤ ਤਰੀਕ ਨੂੰ ਸ਼ਿਕਾਇਤਕਰਤਾ ਆਕਾਸ਼ ਬੱਟਾ ਦੀ ਪੁੱਛਗਿੱਛ ਪੂਰੀ ਕਰਵਾਉਣਾ ਯਕੀਨੀ ਬਣਾਉਣ।

ਉਪਰੋਕਤ ਨਿਰਦੇਸ਼ਾਂ ਅਤੇ ਇਸ ਤੱਥ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ ਇਹ ਮਾਮਲਾ 27 ਅਕਤੂਬਰ, 2026 ਨੂੰ ਸੁਪਰੀਮ ਕੋਰਟ ਸਾਹਮਣੇ ਵਿਚਾਰਿਆ ਜਾਣਾ ਹੈ, ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਸ਼ਿਕਾਇਤਕਰਤਾ ਆਕਾਸ਼ ਬੱਟਾ ਨੂੰ ਤਲਬ ਕੀਤਾ ਜਾਵੇ ਅਤੇ ਉਸ ਦੀ ਪੁੱਛਗਿੱਛ ਪਹਿਲਾਂ ਤੋਂ ਨਿਰਧਾਰਤ ਤਰੀਕ 24 ਸਤੰਬਰ, 2026 ਨੂੰ ਹੀ ਕੀਤੀ ਜਾਵੇ।

ਮੁਲਜ਼ਮ ਦੇ ਵਕੀਲ ਐਸ.ਪੀ.ਐਸ. ਭੁੱਲਰ ਨੇ ਇਸ ਅਰਜ਼ੀ 'ਤੇ ਕੋਈ ਇਤਰਾਜ਼ ਨਹੀਂ ਜਤਾਇਆ। ਬਹਿਸ ਸੁਣਨ ਤੋਂ ਬਾਅਦ ਸੀਬੀਆਈ ਅਦਾਲਤ ਨੇ ਸੀਬੀਆਈ ਦੀ ਇਸ ਅਰਜ਼ੀ ਨੂੰ ਪ੍ਰਵਾਨ ਕਰਦਿਆਂ ਸ਼ਿਕਾਇਤਕਰਤਾ ਆਕਾਸ਼ ਬੱਟਾ ਨੂੰ ਅਗਲੇ ਸਰਕਾਰੀ ਗਵਾਹ ਵਜੋਂ ਤਲਬ ਕਰਨ ਦੀ ਇਜਾਜ਼ਤ ਦੇ ਦਿੱਤੀ। ਇਸ ਮਾਮਲੇ ਵਿੱਚ ਐਫ.ਆਈ.ਆਰ. ਆਕਾਸ਼ ਬੱਟਾ ਨਾਮ ਦੇ ਵਿਅਕਤੀ ਦੀ ਸ਼ਿਕਾਇਤ 'ਤੇ ਦਰਜ ਕੀਤੀ ਗਈ ਸੀ, ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਪੰਜਾਬ ਪੁਲੀਸ ਦੇ ਤਤਕਾਲੀ ਡੀਆਈਜੀ ਰੋਪੜ ਰੇਂਜ ਵਜੋਂ ਤਾਇਨਾਤ ਭੁੱਲਰ ਨੇ ਥਾਣਾ ਸਰਹਿੰਦ ਵਿੱਚ ਦਰਜ ਐਫ.ਆਈ.ਆਰ. ਵਿੱਚ ਰਾਹਤ ਦੇਣ ਅਤੇ ਸ਼ਿਕਾਇਤਕਰਤਾ ਦੇ ਕਾਰੋਬਾਰ ਖ਼ਿਲਾਫ਼ ਕੋਈ ਸਖ਼ਤ ਕਾਰਵਾਈ ਨਾ ਹੋਣ ਦੇਣ ਦੇ ਬਦਲੇ ਇੱਕ ਵਿਚੋਲੇ ਕ੍ਰਿਸ਼ਾਨੂ ਸ਼ਾਰਦਾ ਰਾਹੀਂ ਰਿਸ਼ਵਤ ਦੀ ਮੰਗ ਕੀਤੀ ਸੀ।

ਸ਼ਿਕਾਇਤ ਮਿਲਣ ਤੋਂ ਬਾਅਦ ਜਾਲ ਵਿਛਾਇਆ ਗਿਆ ਅਤੇ ਭੁੱਲਰ ਦੇ ਕਥਿਤ ਸਾਥੀ ਕ੍ਰਿਸ਼ਾਨੂ ਸ਼ਾਰਦਾ ਨੂੰ 16 ਅਕਤੂਬਰ, 2025 ਨੂੰ ਸ਼ਿਕਾਇਤਕਰਤਾ ਤੋਂ ਮੰਗੀ ਗਈ ਰਿਸ਼ਵਤ ਦੀ ਕਿਸ਼ਤ ਵਜੋਂ 5,00,000 ਰੁਪਏ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ ਸੀ। ਭੁੱਲਰ ਨੂੰ ਵੀ ਉਸੇ ਦਿਨ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ 03 ਦਸੰਬਰ, 2025 ਨੂੰ ਬੀ.ਐਨ.ਐਸ.ਐਸ. (BNSS) ਦੀ ਧਾਰਾ 193 ਤਹਿਤ ਚਾਰਜਸ਼ੀਟ ਦਾਇਰ ਕੀਤੀ ਗਈ ਸੀ। ਰਿਸ਼ਵਤਖੋਰੀ ਦੇ ਇਸ ਮਾਮਲੇ ਵਿੱਚ ਭੁੱਲਰ ਵਿਰੁੱਧ ਦੋਸ਼ ਤੈਅ ਕੀਤੇ ਜਾ ਚੁੱਕੇ ਹਨ।

# ਭਾਜਪਾ ਸਰਕਾਰ ਆਉਣ 'ਤੇ ਛੇ ਮਹੀਨਿਆਂ 'ਚ ਤੋੜਾਂਗੇ ਪੰਜਾਬ ਦਾ ਨਸ਼ਾ ਨੈੱਟਵਰਕ; ਤਲਵੰਡੀ ਸਾਬੋ ਤੋਂ ਚੌਥੀ 'ਨਸ਼ਾ ਮੁਕਤ ਪੰਜਾਬ ਯਾਤਰਾ' ਨੂੰ ਦਿਖਾਈ ਹਰੀ ਝੰਡੀ

**ਬਠਿੰਡਾ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਬਠਿੰਡਾ ਜ਼ਿਲ੍ਹੇ ਦੇ ਤਲਵੰਡੀ ਸਾਬੋ ਤੋਂ ਭਾਜਪਾ ਦੀ ਚੌਥੀ 'ਨਸ਼ਾ ਮੁਕਤ ਪੰਜਾਬ ਯਾਤਰਾ' ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਜਨਸਭਾ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਐਲਾਨ ਕੀਤਾ ਕਿ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨ ਦੇ ਛੇ ਮਹੀਨਿਆਂ ਦੇ ਅੰਦਰ-ਅੰਦਰ ਸੂਬੇ ਵਿੱਚੋਂ ਨਸ਼ਿਆਂ ਦੀ ਸਪਲਾਈ ਚੇਨ, ਇਸ ਦੇ ਨੈੱਟਵਰਕ ਅਤੇ ਤਸਕਰਾਂ ਦੀਆਂ ਜਾਇਦਾਦਾਂ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਜਾਵੇਗਾ ਅਤੇ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਇਹ ਸਿੱਧਾ ਸੁਨੇਹਾ ਲੈ ਕੇ ਪੰਜਾਬ ਆਏ ਹਨ।



ਯਾਤਰਾ ਦੀ ਸ਼ੁਰੂਆਤ ਤੋਂ ਪਹਿਲਾਂ ਕੇਂਦਰੀ ਮੰਤਰੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਮੱਥਾ ਟੇਕਿਆ। ਇਸ ਤੋਂ ਬਾਅਦ ਤਲਵੰਡੀ ਸਾਬੋ ਦੀ ਦਾਣਾ ਮੰਡੀ 'ਚ ਕਰਵਾਈ ਰੈਲੀ ਦੌਰਾਨ ਉਨ੍ਹਾਂ ਰੈਲੀ ਰੋਕਣ ਦੇ ਕਥਿਤ ਯਤਨਾਂ ਲਈ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੱਖੇ ਨਿਸ਼ਾਨੇ ਸੇਧੇ। ਚੌਹਾਨ ਨੇ ਚੁਣੌਤੀ ਦਿੰਦਿਆਂ ਕਿਹਾ, ਮੈਂ ਪੰਜਾਬ ਵਾਰ-ਵਾਰ ਆਵਾਂਗਾ, ਜੇਕਰ ਹਿੰਮਤ ਹੈ ਤਾਂ ਮੈਨੂੰ ਰੋਕ ਕੇ ਦਿਖਾਓ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸ਼ਹੀਦ ਭਗਤ ਸਿੰਘ ਦੀ ਲਾਸਾਨੀ ਵਿਰਾਸਤ ਨੂੰ ਯਾਦ ਕਰਦਿਆਂ ਉਨ੍ਹਾਂ ਸੂਬੇ ਦੀ ਵਿਗੜ ਰਹੀ ਕਾਨੂੰਨ ਵਿਵਸਥਾ 'ਤੇ ਚਿੰਤਾ ਪ੍ਰਗਟਾਈ ਅਤੇ ਕਿਹਾ ਕਿ 18 ਤੋਂ 27 ਸਾਲ ਦੇ ਨੌਜਵਾਨ ਨਸ਼ਿਆਂ ਦੀ ਬਲੀ ਚੜ੍ਹ ਰਹੇ ਹਨ ਅਤੇ ਪੁਲੀਸ ਅਧਿਕਾਰੀ ਵੀ ਸੁਰੱਖਿਅਤ ਨਹੀਂ ਹਨ। ਉਨ੍ਹਾਂ ਉੱਤਰ ਪ੍ਰਦੇਸ਼ 'ਚ ਯੋਗੀ ਅੱਦਿਤਿਆਨਾਥ ਸਰਕਾਰ ਦੀ ਮਿਸਾਲ ਦਿੰਦਿਆਂ ਕਿਹਾ ਕਿ ਭਾਜਪਾ ਜੋ ਵਾਅਦਾ ਕਰਦੀ ਹੈ, ਉਸ 'ਤੇ ਸਖ਼ਤ ਕਾਰਵਾਈ ਕਰਕੇ ਦਿਖਾਉਂਦੀ ਹੈ।

ਇਸ ਰੈਲੀ ਦੌਰਾਨ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ, ਰਾਸ਼ਟਰੀ ਉਪ-ਪ੍ਰਧਾਨ ਮਨਪ੍ਰੀਤ ਸਿੰਘ ਬਾਦਲ, ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ ਅਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਸਮੇਤ ਸੀਨੀਅਰ ਲੀਡਰਸ਼ਿਪ ਨੇ ਵੀ ਸੰਬੋਧਨ ਕੀਤਾ। ਸਾਰੇ ਬੁਲਾਰਿਆਂ ਨੇ ਸੰਗਰੂਰ ਜ਼ਿਲ੍ਹੇ ਦੇ ਮੋਹਨਜੀਤ ਸਿੰਘ ਸ਼ੇਰੋਂ ਅਤੇ ਗੁਲਜ਼ਾਰ ਸਿੰਘ ਦੇ ਮੁੱਦੇ ਚੁੱਕਦਿਆਂ ਦੋਸ਼ ਲਾਇਆ ਕਿ ਨਸ਼ਾ ਮਾਫ਼ੀਆ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਲਿਆਂ ਨੂੰ ਪੁਲੀਸਵੱਲੋਂ ਤੰਗ-ਪਰੇਸ਼ਾਨ ਕੀਤਾ ਜਾ ਰਿਹਾ ਹੈ।

# 23 ਅਤੇ 24 ਸਤੰਬਰ ਨੂੰ ਜ਼ਿਲ੍ਹਾ ਰੂਪਨਗਰ ਵਿੱਚ ਪਹੁੰਚੇਗੀ ਭਾਜਪਾ ਦੀ 'ਨਸ਼ਾ ਮੁਕਤ ਯਾਤਰਾ': ਅਜੈਵੀਰ ਸਿੰਘ ਲਾਲਪੁਰਾ

**ਰੂਪਨਗਰ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਨੂੰ ਨਸ਼ਿਆਂ ਦੀ ਗੰਭੀਰ ਅਤੇ ਨਾਮੁਰਾਦ ਬਿਮਾਰੀ ਤੋਂ ਮੁਕਤ ਕਰਵਾਉਣ ਅਤੇ ਸੂਬੇ ਦੀ ਨੌਜਵਾਨ ਪੀੜ੍ਹੀ ਨੂੰ ਇੱਕ ਸਿਹਤਮੰਦ ਅਤੇ ਸੁਰੱਖਿਅਤ ਭਵਿੱਖ ਵੱਲ ਪ੍ਰੇਰਿਤ ਕਰਨ ਦੇ ਮੁੱਖ ਉਦੇਸ਼ ਨਾਲ ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ ਸ਼ੁਰੂ ਕੀਤੀ ਗਈ 'ਨਸ਼ਾ ਮੁਕਤ ਯਾਤਰਾ' 23 ਅਤੇ 24 ਸਤੰਬਰ ਨੂੰ ਜ਼ਿਲ੍ਹਾ ਰੂਪਨਗਰ ਦੇ ਵੱਖ-ਵੱਖ ਇਲਾਕਿਆਂ ਵਿੱਚ ਪਹੁੰਚੇਗੀ।

ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਭਾਜਪਾ ਜ਼ਿਲ੍ਹਾ ਰੂਪਨਗਰ ਦੇ ਪ੍ਰਧਾਨ ਸ. ਅਜੈਵੀਰ ਸਿੰਘ ਲਾਲਪੁਰਾ ਨੇ ਦੱਸਿਆ ਕਿ ਇਸ ਯਾਤਰਾ ਦਾ ਮਕਸਦ ਨਸ਼ਿਆਂ ਵਿਰੁੱਧ ਜ਼ਮੀਨੀ ਪੱਧਰ 'ਤੇ ਜਨ-ਜਾਗਰੂਕਤਾ ਪੈਦਾ ਕਰਨਾ ਅਤੇ ਸਮਾਜ ਦੇ ਹਰ ਵਰਗ ਨੂੰ ਇਸ ਮੁਹਿੰਮ ਨਾਲ ਜੋੜਨਾ ਹੈ। ਉਨ੍ਹਾਂ ਦੱਸਿਆ ਕਿ ਇਲਾਕੇ ਦੇ ਲੋਕਾਂ ਵੱਲੋਂ ਵੀ ਇਸ ਉਪਰਾਲੇ ਨੂੰ ਭਰਵਾਂ ਹੁੰਗਾਰਾ ਅਤੇ ਉਤਸ਼ਾਹਪੂਰਵਕ ਸਹਿਯੋਗ ਦਿੱਤਾ ਜਾ ਰਿਹਾ ਹੈ।



ਸ. ਲਾਲਪੁਰਾ ਨੇ ਅੱਗੇ ਦੱਸਿਆ ਕਿ ਯਾਤਰਾ ਦੀ ਅਗਵਾਈ ਕਰਨ ਅਤੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਸੀਨੀਅਰ ਕੇਂਦਰੀ ਆਗੂ ਸ੍ਰੀ ਅਨੁਰਾਗ ਠਾਕੁਰ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ। ਉਨ੍ਹਾਂ ਦੇ ਨਾਲ ਪੰਜਾਬ ਭਾਜਪਾ ਦੇ ਪ੍ਰਧਾਨ ਸ. ਕੇਵਲ ਸਿੰਘ ਢਿੱਲੋਂ, ਸੀਨੀਅਰ ਆਗੂ ਸ. ਇਕਬਾਲ ਸਿੰਘ ਲਾਲਪੁਰਾ ਸਮੇਤ ਪੰਜਾਬ ਭਾਜਪਾ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਵੀ ਇਸ ਯਾਤਰਾ ਵਿੱਚ ਉਚੇਚੇ ਤੌਰ 'ਤੇ ਸ਼ਮੂਲੀਅਤ ਕਰੇਗੀ।

ਜ਼ਿਲ੍ਹਾ ਰੂਪਨਗਰ ਵਿੱਚ ਯਾਤਰਾ ਦਾ ਰੂਟ ਅਤੇ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋਵੇਗਾ:

23 ਸਤੰਬਰ (ਯਾਤਰਾ ਦਾ ਪਹਿਲਾ ਦਿਨ):

ਸਵੇਰੇ 10:00 ਵਜੇ: ਯਾਤਰਾ ਦੀ ਸ਼ਾਨਦਾਰ ਸ਼ੁਰੂਆਤ ਪਵਿੱਤਰ ਧਰਤੀ ਸ੍ਰੀ ਚਮਕੌਰ ਸਾਹਿਬ ਵਿਖੇ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਤੋਂ ਹੋਵੇਗੀ।

ਦੁਪਹਿਰ 12:00 ਵਜੇ: ਯਾਤਰਾ ਗਗਨ ਰਿਜ਼ੋਰਟ, ਮੋਰਿੰਡਾ ਵਿਖੇ ਪਹੁੰਚੇਗੀ।

ਦੁਪਹਿਰ 1:00 ਵਜੇ: ਮੋਰਿੰਡਾ ਤੋਂ ਰਵਾਨਾ ਹੋ ਕੇ ਯਾਤਰਾ ਰੂਪਨਗਰ ਸ਼ਹਿਰ ਦੇ ਜੀ.ਐਸ. ਅਸਟੇਟ ਵਿਖੇ ਪਹੁੰਚੇਗੀ, ਜਿੱਥੇ ਪੰਜਾਬ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਯਾਤਰਾ ਦਾ ਵਿਸ਼ਾਲ ਸਵਾਗਤ ਕੀਤਾ ਜਾਵੇਗਾ।

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਤੰਜ 'ਆਪ' ਸਰਕਾਰ ਨੂੰ ਤਜਰਬਾ ਹੋ ਗਿਆ ਹੈ - ਨਸ਼ਾ ਵਧਾਉਣ, ਭ੍ਰਿਸ਼ਟਾਚਾਰ ਕਰਨ ਅਤੇ ਜਨਤਾ ਨੂੰ ਗੁਮਰਾਹ ਕਰਨ ਦਾ

**ਚੰਡੀਗੜ੍ਹ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਨੂੰ ਜਨਤਾ ਨਾਲ ਕੀਤੇ ਵਾਅਦੇ ਪੂਰੇ ਨਾ ਕਰਨ 'ਤੇ ਘੇਰਦਿਆਂ ਕਿਹਾ ਕਿ 'ਆਪ' ਪਾਰਟੀ ਨੇ ਪੰਜਾਬ ਦੀ ਜਨਤਾ ਨਾਲ ਨਸ਼ਾ ਖ਼ਤਮ ਕਰਨ, ਨੌਜਵਾਨਾਂ ਨੂੰ ਰੁਜ਼ਗਾਰ ਦੇਣ, ਕਿਸਾਨਾਂ ਦੀ ਫ਼ਸਲ ਖ਼ਰੀਦਣ ਅਤੇ ਔਰਤਾਂ ਨੂੰ ਆਰਥਿਕ ਸਹਾਇਤਾ ਦੇਣ ਦੇ ਵੱਡੇ-ਵੱਡੇ ਵਾਅਦੇ ਕੀਤੇ ਸਨ, ਪਰ 5 ਸਾਲ ਹੋਣ ਦੇ ਬਾਵਜੂਦ ਇਨ੍ਹਾਂ ਨੇ ਵਾਅਦੇ ਪੂਰੇ ਨਹੀਂ ਕੀਤੇ। 'ਆਪ' ਪਾਰਟੀ ਨੇ ਔਰਤਾਂ, ਕਿਸਾਨਾਂ ਅਤੇ ਗ਼ਰੀਬਾਂ ਨਾਲ ਧੋਖਾ ਕੀਤਾ ਹੈ, ਇਹ ਧੋਖੇਬਾਜ਼ ਸਰਕਾਰ ਹੈ।





ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਸੋਮਵਾਰ ਨੂੰ ਪੰਜਾਬ 'ਚ ਫ਼ਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਸੀਤੋ ਵਿਖੇ ਆਯੋਜਿਤ ਨਸ਼ਾ ਵਿਰੋਧੀ ਯਤਰਾ - ਨਸ਼ਾ ਮੁਕਤ ਪੰਜਾਬ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਵੱਡੇ-ਵੱਡੇ ਵਾਦੇ ਕੀਤੇ ਸਨ ਕਿ ਨਸ਼ੇ ਨੂੰ ਖ਼ਤਮ ਕਰਾਂਗੇ, ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਕੰਮ ਕਰਾਂਗੇ ਅਤੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਵਾਂਗੇ। ਪਰ ਬਹੁਤ ਦੁੱਖ ਦੀ ਗੱਲ ਹੈ ਕਿ ਇਹ ਸਿਰਫ਼ ਵੋਟਾਂ ਲੈਣ ਲਈ ਕਹੀਆਂ ਗਈਆਂ ਗੱਲਾਂ ਸਨ। ਅੱਜ ਪੰਜਾਬ ਦੀ ਜਨਤਾ ਦੱਸੇ ਕਿ ਪੰਜਾਬ ਵਿੱਚ ਨਸ਼ਾ ਵਧਿਆ ਹੈ ਜਾਂ ਘਟਿਆ ਹੈ। ਅਸਲੀਅਤ ਇਹ ਹੈ ਕਿ ਪੰਜਾਬ ਵਿੱਚ ਚਾਰ ਗੁਣਾ ਨਸ਼ਾ ਵਧ ਗਿਆ ਹੈ ਅਤੇ ਚਾਰ ਗੁਣਾ ਪੰਜਾਬ 'ਤੇ ਕਰਜ਼ਾ ਵਧ ਗਿਆ ਹੈ, ਇਹ ਸੋਚਣ ਵਾਲੀ ਗੱਲ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਹ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਦੇਖ ਰਹੇ ਸਨ, ਜਿਸ ਵਿੱਚ ਭਗਵੰਤ ਮਾਨ ਕਹਿ ਰਹੇ ਸਨ ਕਿ ਪਹਿਲਾਂ ਕੁਝ ਲੋਕ ਕਹਿੰਦੇ ਸਨ ਕਿ ਇਨ੍ਹਾਂ ਨੂੰ ਕੰਮ ਦਾ ਤਜਰਬਾ ਨਹੀਂ ਹੈ, ਪਰ ਹੁਣ ਸਾਨੂੰ ਤਜਰਬਾ ਹੋ ਗਿਆ ਹੈ। ਸ੍ਰੀ ਨਾਇਬ ਸਿੰਘ ਸੈਣੀ ਨੇ ਭਗਵੰਤ ਮਾਨ 'ਤੇ ਤੰਜ ਕੱਸਦਿਆਂ ਕਿਹਾ ਕਿ ਮਾਨ ਸਾਹਿਬ, ਤੁਹਾਨੂੰ ਨਸ਼ਾ ਵਧਾਉਣ, ਨੌਜਵਾਨਾਂ ਨੂੰ ਨਸ਼ੇ ਵਿੱਚ ਫਸਾਉਣ, ਸੂਬੇ ਵਿੱਚ ਭ੍ਰਿਸ਼ਟਾਚਾਰ ਵਧਾਉਣ, ਪੈਸਾ ਕਿਵੇਂ ਲੁੱਟਣਾ ਹੈ, ਕਿੱਥੋਂ ਲੁੱਟਣਾ ਹੈ ਅਤੇ ਫਿਰੌਤੀਆਂ ਦਾ ਪੈਸਾ ਕੌਣ ਮੰਗਦਾ ਹੈ, ਇਸ ਗੱਲ ਦਾ ਤਜਰਬਾ 'ਆਪ' ਪਾਰਟੀ ਦੀ ਸਰਕਾਰ ਨੂੰ ਹੋ ਗਿਆ ਹੈ।

**ਰਾਜ ਸਰਕਾਰ ਦੀ ਨਾਕਾਮੀ ਨੇ ਪੰਜਾਬ ਨੂੰ ਨਸ਼ੇ ਦੀ ਅੱਗ ਵਿੱਚ ਧੱਕਣ ਦਾ ਕੰਮ ਕੀਤਾ**

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਨੌਜਵਾਨਾਂ ਨੂੰ ਬਚਾਉਣਾ ਅਤੇ ਉਨ੍ਹਾਂ ਨੂੰ ਸੰਭਾਲਣਾ ਇੱਕ ਚੁਣੌਤੀ ਹੈ। ਪੰਜਾਬ, ਜੋ ਕਦੇ ਆਪਣੇ ਸੂਰਬੀਰਾਂ ਅਤੇ ਕੁਸ਼ਤੀ-ਕਬੱਡੀ ਲਈ ਪੂਰੇ ਦੇਸ਼ ਦਾ ਮਾਣ ਹੁੰਦਾ ਸੀ, ਉਸ ਨੂੰ ਇੱਕ ਡੂੰਘੀ ਸਾਜ਼ਿਸ਼ ਅਤੇ ਰਾਜ ਸਰਕਾਰ ਦੀ ਨਾਕਾਮੀ ਕਾਰਨ ਨਸ਼ੇ ਦੀ ਅੱਗ ਵਿੱਚ ਧੱਕਣ ਦਾ ਕੰਮ ਕੀਤਾ ਗਿਆ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨਾਲ ਮਜ਼ਾਕ ਕੀਤਾ ਹੈ। ਇਹ ਸਰਕਾਰ ਮੁਆਫ਼ ਕਰਨ ਯੋਗ ਨਹੀਂ ਹੈ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਾਂਗਰਸ ਨੇ ਵੀ ਇਹ ਕਿਹਾ ਸੀ ਕਿ ਨਸ਼ੇ ਨੂੰ ਖ਼ਤਮ ਕਰਾਂਗੇ, ਭ੍ਰਿਸ਼ਟਾਚਾਰ ਨੂੰ ਖ਼ਤਮ ਕਰਾਂਗੇ ਅਤੇ ਰੁਜ਼ਗਾਰ ਦੇਵਾਂਗੇ, ਪਰ ਕਾਂਗਰਸ ਰਾਜ ਵਿੱਚ ਵੀ ਪੰਜਾਬ ਵਿੱਚ ਨਸ਼ਾ ਵਧਿਆ ਅਤੇ ਨੌਕਰੀਆਂ ਵੀ ਨਹੀਂ ਲੱਗੀਆਂ। ਕਾਂਗਰਸ ਨੇ ਜੋ ਗੱਲਾਂ ਕਹੀਆਂ ਸਨ, ਉਨ੍ਹਾਂ ਨੂੰ ਕਦੇ ਪੂਰਾ ਨਹੀਂ ਕੀਤਾ। ਦੂਜੇ ਪਾਸੇ, ਚੋਣਾਂ ਤੋਂ ਪਹਿਲਾਂ ਅਰਵਿੰਦ ਕੇਜਰੀਵਾਲ ਮੰਚ ਤੋਂ ਕਹਿੰਦੇ ਸਨ ਕਿ ਅਸੀਂ ਇਮਾਨਦਾਰ ਹਾਂ, ਸਾਡੀ ਪਾਰਟੀ ਕੱਟੜ ਇਮਾਨਦਾਰ ਹੈ। 3 ਤੋਂ 6 ਮਹੀਨਿਆਂ ਵਿੱਚ ਨਸ਼ਾ ਖ਼ਤਮ ਕਰਾਂਗੇ, ਨੌਜਵਾਨਾਂ ਨੂੰ ਰੁਜ਼ਗਾਰ ਦੇਵਾਂਗੇ ਅਤੇ ਕਿਸਾਨਾਂ ਦੀ ਫ਼ਸਲ ਨੂੰ ਘੱਟੋ-ਘੱਟ ਸਮਰਥਨ ਮੁੱਲ 'ਤੇ ਖ਼ਰੀਦਣ ਦਾ ਕੰਮ ਕਰਾਂਗੇ, 3 ਲੱਖ ਰੁਜ਼ਗਾਰ ਦੇਣ ਦਾ ਕੰਮ ਕਰਾਂਗੇ। ਪਰ ਹਕੀਕਤ ਤੋਂ ਸਭ ਜਾਣੂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਨਾਲ ਮੰਚ 'ਤੇ ਬੈਠ ਕੇ ਪੰਜਾਬ ਦੇ ਨੌਜਵਾਨਾਂ ਨੂੰ ਇਹ ਦੱਸਣ ਕਿ ਕਿੰਨੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਕੰਮ ਕੀਤਾ ਅਤੇ ਨਸ਼ੇ ਨੂੰ ਖ਼ਤਮ ਕਰਨ ਲਈ ਕੀ ਕੀਤਾ? ਪਰ ਇਹ ਲੋਕ ਸਿਰਫ਼ ਚੁਟਕਲੇ ਮਾਰਨਾ ਹੀ ਜਾਣਦੇ ਹਨ, ਇਹ ਕੰਮ ਨਹੀਂ ਕਰਦੇ।

ਪੰਜਾਬ ਦੇ ਲੋਕਾਂ ਸਾਹਮਣੇ ਝੂਠ ਬੋਲ ਕੇ, ਆਪਣੀਆਂ ਕਮੀਆਂ ਨੂੰ ਛੁਪਾ ਕੇ ਫਿਰ ਤੋਂ ਵੋਟਾਂ ਲੈਣ ਦੀ ਫ਼ਿਰਾਕ ਵਿੱਚ ਹਨ ਭਗਵੰਤ ਮਾਨ

ਮੁੱਖ ਮੰਤਰੀ ਨੇ ਕਿਹਾ ਕਿ ਭਗਵੰਤ ਮਾਨ ਨੇ ਤਾਰੀਖ਼ਾਂ ਉੱਤੇ ਤਾਰੀਖ਼ਾਂ ਦਿੱਤੀਆਂ ਕਿ ਅਸੀਂ ਨਸ਼ਾ ਖ਼ਤਮ ਕਰ ਦੇਵਾਂਗੇ, ਪਰ ਕੁਝ ਨਹੀਂ ਕੀਤਾ। ਹੁਣ ਇੱਕ ਨਵਾਂ ਡਰਾਮਾ ਖੜ੍ਹਾ ਕਰਕੇ ਕਹਿਣ ਲੱਗੇ ਹਨ ਕਿ ਯੁੱਧ ਨਸ਼ੇ ਵਿਰੁੱਧ।

# ਗ੍ਰਿੱਡ ਦੇ ਪ੍ਰਿੰਸੀਪਲ ਨੂੰ 'ਵੈਸ਼ਵਿਕ ਸ਼ਿਕਸ਼ਕ ਰਤਨ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ

**ਨਵੀਂ ਦਿੱਲੀ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਿਤ 'ਗਵਰਨਮੈਂਟ ਰੀਹੈਬਿਲਿਟੇਸ਼ਨ ਇੰਸਟੀਟਿਊਟ ਫੌਰ ਇੰਟੈਲੈਕਚੁਅਲ ਡਿਸਏਬਿਲਿਟੀਜ਼' (ਗ੍ਰਿੱਡ), ਸੈਕਟਰ-31, ਚੰਡੀਗੜ੍ਹ ਦੇ ਪ੍ਰਿੰਸੀਪਲ ਸ੍ਰੀ ਅਨਿਲ ਕੁਮਾਰ ਨੂੰ ਨਵੀਂ ਦਿੱਲੀ ਸਥਿਤ 'ਇੰਡੀਅਨ ਸੋਸਾਇਟੀ ਆਵ? ਇੰਟਰਨੈਸ਼ਨਲ ਲਾਅ', ਸੁਪਰੀਮ ਕੋਰਟ ਕੰਪਲੈਕਸ ਵਿਖੇ ਆਯੋਜਿਤ ਸਮਾਰੋਹ ਦੌਰਾਨ 'ਵੈਸ਼ਵਿਕ ਸ਼ਿਕਸ਼ਕ ਰਤਨ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ।



ਉਨ੍ਹਾਂ ਨੂੰ ਇਹ ਅਵਾਰਡ ਵਿਸ਼ੇਸ਼ ਸਿੱਖਿਆ ਅਤੇ ਬੌਧਿਕ ਦਿੱਵਯਾਂਗਜਨਾਂ ਦੇ ਪੁਨਰਵਾਸ, ਸਮਾਵੇਸ਼ਨ ਅਤੇ ਸਸ਼ਕਤੀਕਰਣ ਦੇ ਖੇਤਰ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਪ੍ਰਦਾਨ ਕੀਤਾ ਗਿਆ। 'ਅੰਤਰਰਾਸ਼ਟਰੀਯ ਸਮਰਸਤਾ ਮੰਚ' ਵੱਲੋਂ ਆਯੋਜਿਤ ਇਸ ਸਮਾਰੋਹ ਵਿੱਚ ਵਿਭਿੰਨ ਉੱਘੀਆਂ ਸ਼ਖ਼ਸੀਅਤਾਂ, ਸਿੱਖਿਆ ਸ਼ਾਸਤਰੀਆਂ ਅਤੇ ਸਹਿਭਾਗੀ ਦੇਸ਼ਾਂ ਨਾਲ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਇਸ ਅਵਸਰ 'ਤੇ ਦੇਸ਼ ਦੇ ਵਿਭਿੰਨ ਰਾਜਾਂ ਦੇ ਕੁੱਲ 51 ਅਧਿਆਪਕਾਂ ਨੂੰ 'ਵੈਸ਼ਵਿਕ ਸ਼ਿਕਸ਼ਕ ਰਤਨ ਅਵਾਰਡ' ਅਤੇ 'ਸ਼ਿਕਸ਼ਕ ਗੌਰਵ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਸ੍ਰੀ ਅਨਿਲ ਕੁਮਾਰ ਨੇ ਆਯੋਜਕਾਂ ਦਾ ਆਭਾਰ ਵਿਅਕਤ ਕਰਦੇ ਹੋਏ ਕਿਹਾ ਕਿ ਇਹ ਸਨਮਾਨ ਉਨ੍ਹਾਂ ਨੂੰ ਬੌਧਿਕ ਦਿੱਵਯਾਂਗਜਨਾਂ ਦੀ ਸਿੱਖਿਆ ਅਤੇ ਸਸ਼ਕਤੀਕਰਣ ਲਈ ਨਿਰੰਤਰ ਕਾਰਜ ਕਰਨ ਦੀ ਪ੍ਰੇਰਣਾ ਦੇਵੇਗਾ। ਉਨ੍ਹਾਂ ਨੇ ਇਸ ਉਪਲਬਧੀ ਦਾ ਕ੍ਰੈਡਿਟ ਨੂੰ ਗ੍ਰਿੱਡ ਦੀ ਪੂਰੀ ਟੀਮ, ਚੰਡੀਗੜ੍ਹ ਪ੍ਰਸ਼ਾਸਨ ਅਤੇ ਦਿੱਵਯਾਂਗਜਨਾਂ ਦੇ ਕਲਿਆਣ ਲਈ ਕਾਰਜਰਤ ਸਾਰੇ ਹਿਤਧਾਰਕਾਂ ਨੂੰ ਦਿੱਤਾ।

# ਇਨਵੈਸਟ ਪੰਜਾਬ ਤਹਿਤ ਮੌਰਗਨ ਕਰਾਸਿੰਗ ਵਿਖੇ ਅਮਰੀਕਨ ਫਾਸਟ-ਫੂਡ ਰੈਸਟੋਰੈਂਟ ਦਾ ਉਦਘਾਟਨ

## ਸੈਂਕੜਿਆਂ ਨੌਜਵਾਨਾਂ ਨੂੰ ਮਿਲੇਗਾ ਰੋਜ਼ਗਾਰ ਦਾ ਮੌਕਾ: ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ



**ਲੁਧਿਆਣਾ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਸਾਊਥ ਬਾਈਪਾਸ, ਕਨਾਲ ਰੋਡ ਸਥਿਤ ਮੌਰਗਨ ਕਰਾਸਿੰਗ ਵਿਖੇ ਵਿਸ਼ਵ ਪ੍ਰਸਿੱਧ ਅਮਰੀਕਨ ਫਾਸਟ-ਫੂਡ ਰੈਸਟੋਰੈਂਟ ਦਾ ਰਸਮੀ ਉਦਘਾਟਨ ਕੀਤਾ। ਇਸ ਮੌਕੇ ਮੌਰਗਨ ਕਰਾਸਿੰਗ ਦੇ ਮਾਲਕ ਰਿਟਾਇਰਡ ਕਰਨਲ ਹਰਬੰਤ ਸਿੰਘ ਕਾਹਲੋਂ ਅਤੇ ਰਿੰਕੀ ਕਾਹਲੋਂ ਵੀ ਮੌਜੂਦ ਸਨ।

ਮੰਤਰੀ ਖੁੱਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ 'ਇਨਵੈਸਟ ਪੰਜਾਬ' ਤਹਿਤ ਪੰਜਾਬ ਵਿੱਚ ਨਿਵੇਸ਼ ਅਤੇ ਉਦਯੋਗ ਨੂੰ ਉਤਸ਼ਾਹਿਤ ਕਰਨ ਲਈ ਨਾਮੀ ਕੰਪਨੀਆਂ ਨਾਲ ਲਗਾਤਾਰ ਰਾਬਤਾ ਕੀਤਾ ਜਾ ਰਿਹਾ ਹੈ।

ਮੌਰਗਨ ਕਰਾਸਿੰਗ ਵਿਖੇ ਇਸ ਕਮਰਸ਼ੀਅਲ ਪ੍ਰੋਜੈਕਟ ਨਾਲ ਸੈਂਕੜਿਆਂ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ।

ਉਨ੍ਹਾਂ ਦੱਸਿਆ ਕਿ ਦਸੰਬਰ 2023 ਵਿੱਚ ਕਾਹਲੋਂ ਡਿਵੈਲਪਰਜ਼ ਵੱਲੋਂ ਸਿੱਧਵਾਂ ਨਹਿਰ 'ਤੇ ਮੌਰਗਨ ਕਰਾਸਿੰਗ ਲਈ ਨਵੇਂ ਪੁੱਲ ਦਾ ਨਿਰਮਾਣ ਸ਼ੁਰੂ ਕੀਤਾ ਗਿਆ ਸੀ, ਜਿਸ 'ਤੇ ਕਰੀਬ ਢਾਈ ਕਰੋੜ ਰੁਪਏ ਖਰਚ ਕੀਤੇ ਗਏ।

ਰਿਟਾਇਰਡ ਕਰਨਲ ਹਰਬੰਤ ਸਿੰਘ ਕਾਹਲੋਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਰਾਈਟ ਟੂ ਬਿਜ਼ਨਸ ਐਕਟ ਦੇ ਲਾਗੂ ਹੋਣ ਨਾਲ ਸੂਬੇ ਵਿੱਚ ਨਵੇਂ ਉਦਯੋਗ ਸਥਾਪਤ ਕਰਨ ਦੀ ਪ੍ਰਕਿਰਿਆ ਸੁਖਾਲੀ ਹੋਈ ਹੈ ਅਤੇ ਉਦਯੋਗ ਨਾਲ ਸਬੰਧਤ ਐਨ.ਓ.ਸੀ. ਤੇ ਹੋਰ ਪ੍ਰਕਿਰਿਆਵਾਂ ਸਮੇਂ ਸਿਰ ਇੱਕ ਛੱਤ ਹੇਠ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

# 5 ਤਰਜੀਹਾਂ, ਇੱਕ ਮਿਸ਼ਨ: ਪੰਜਾਬ ਨੂੰ ਨਸ਼ਾ-ਮੁਕਤ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ 'ਬਿਗ 5' ਮੁਹਿੰਮ

**ਚੰਡੀਗੜ੍ਹ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ, ਪੰਜਾਬ ਵਿੱਚ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਹੁਣ ਸਿਰਫ਼ ਰਵਾਇਤੀ ਪੁਲਿਸ ਕਾਰਵਾਈ ਤੱਕ ਸੀਮਤ ਨਹੀਂ ਰਹੀ, ਸਗੋਂ ਨਸ਼ਿਆਂ ਖ਼ਿਲਾਫ਼ ਪੰਜ-ਸੂਤਰੀ ਵਿਆਪਕ ਰਣਨੀਤੀ ਵਜੋਂ ਅੱਗੇ ਵੱਧ ਰਹੀ ਹੈ। ਇਸ ਤਹਿਤ ਪੁਲਿਸ, ਅਧਿਆਪਕ, ਭਾਈਚਾਰਕ ਵਲੰਟੀਅਰ, ਨੌਜਵਾਨ ਅਤੇ ਸਿਹਤ ਕਰਮਚਾਰੀ ਮਿਲ ਕੇ ਨਸ਼ਿਆਂ ਦੀ ਸਪਲਾਈ ਦੇ ਨੈੱਟਵਰਕ 'ਤੇ ਕਾਰਵਾਈ ਕਰਨ, ਨਸ਼ਿਆਂ ਦੀ ਰੋਕਥਾਮ ਕਰਨ, ਰਿਪੋਰਟਿੰਗ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਨਸ਼ਿਆਂ ਦੀ ਸਮੱਸਿਆ ਨਾਲ ਜੂਝ ਰਹੇ ਲੋਕਾਂ ਨੂੰ ਸਮੇਂ ਸਿਰ ਇਲਾਜ ਮੁਹੱਈਆ ਕਰਵਾਉਣ ਲਈ ਕੰਮ ਕਰ ਰਹੇ ਹਨ।

ਸੁਨੇਹਾ ਸਪੱਸ਼ਟ ਹੈ: ਪੰਜਾਬ ਨਸ਼ਿਆਂ ਖ਼ਿਲਾਫ਼ ਲੜਾਈ ਸਿਰਫ਼ ਥਾਣਿਆਂ ਤੋਂ ਨਹੀਂ ਲੜੇਗਾ। ਇਹ ਲੜਾਈ ਹੁਣ ਪਿੰਡਾਂ, ਸਕੂਲਾਂ, ਕਾਲਜਾਂ, ਭਾਈਚਾਰਿਆਂ ਅਤੇ ਸਿਹਤ ਕੇਂਦਰਾਂ ਤੱਕ ਪਹੁੰਚ ਰਹੀ ਹੈ। ਜਿੱਥੇ ਪੁਲਿਸ ਨਸ਼ਿਆਂ ਦੀ ਸਪਲਾਈ ਦੇ ਨੈੱਟਵਰਕ ਨੂੰ ਤੋੜਨ ਅਤੇ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਕਰਨ ਵਿੱਚ ਜੁਟੀ ਹੋਈ ਹੈ, ਉੱਥੇ ਭਾਈਚਾਰਕ ਨੁਮਾਇੰਦੇ ਜ਼ਮੀਨੀ ਪੱਧਰ 'ਤੇ ਨਿਗਰਾਨੀ ਨੂੰ ਮਜ਼ਬੂਤ ਕਰ ਰਹੇ ਹਨ। ਅਧਿਆਪਕ ਨੌਜਵਾਨਾਂ ਦੇ ਨਸ਼ਿਆਂ ਦੀ ਗ੍ਰਿਫ਼ਤ ਵਿੱਚ ਆਉਣ ਤੋਂ ਪਹਿਲਾਂ ਹੀ ਖ਼ਤਰੇ ਦੇ ਸੰਕੇਤਾਂ ਦੀ ਪਛਾਣ ਕਰਨ ਵਿੱਚ ਮਦਦ ਕਰ ਰਹੇ ਹਨ, ਜਦਕਿ ਨੌਜਵਾਨਾਂ ਵੱਲੋਂ ਕਿਸ਼ੋਰਾਂ ਅਤੇ ਨੌਜਵਾਨਾਂ ਵਿੱਚ ਨਸ਼ਿਆਂ ਖ਼ਿਲਾਫ਼ ਜਾਗਰੂਕਤਾ, ਮਾਨਸਿਕ ਸਿਹਤ ਅਤੇ ਸਿਹਤਮੰਦ ਜੀਵਨ-ਸ਼ੈਲੀ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਸਿਹਤ ਕਰਮਚਾਰੀ ਨਸ਼ਿਆਂ ਦੀ ਸਮੱਸਿਆ ਨਾਲ ਜੂਝ ਰਹੇ ਲੋਕਾਂ ਨੂੰ ਇਲਾਜ ਅਤੇ ਸੁਧਾਰ ਵੱਲ ਜਾਣ ਦਾ ਰਾਹ ਮੁਹੱਈਆ ਕਰਵਾ ਰਹੇ ਹਨ।

ਇਸ ਪਹਿਲ ਦਾ ਉਦੇਸ਼ ਨਸ਼ੇ ਵੇਚਣਾ ਮੁਸ਼ਕਲ ਬਣਾਉਣਾ, ਨਸ਼ਾ ਤਸਕਰੀ ਦੀ ਸੂਚਨਾ ਦੇਣਾ ਆਸਾਨ ਕਰਨਾ, ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਫਸਣ ਤੋਂ ਰੋਕਣਾ ਅਤੇ ਨਸ਼ਿਆਂ ਦੀ ਲਤ ਨਾਲ ਜੂਝ ਰਹੇ ਲੋਕਾਂ ਲਈ ਇਲਾਜ ਹਾਸਲ ਕਰਨਾ ਆਸਾਨ ਬਣਾਉਣਾ ਹੈ। ਇਹ ਪੰਜ-ਸੂਤਰੀ ਰਣਨੀਤੀ ਇਨਫੋਰਸਮੈਂਟ ਅਤੇ ਰੋਕਥਾਮ ਦੇ ਨਾਲ-ਨਾਲ ਮੁੜ ਵਸੇਬੇ ਨੂੰ ਵੀ ਬਰਾਬਰ ਮਹੱਤਵ ਦਿੰਦੀ ਹੈ ਅਤੇ ਇਹ ਦਰਸਾਉਂਦੀ ਹੈ ਕਿ ਨਸ਼ਿਆਂ ਖ਼ਿਲਾਫ਼ ਲਗਾਤਾਰ ਜੰਗ ਲਈ ਸਮਾਜ ਦੇ ਹਰ ਪੱਧਰ ਦੀ ਭਾਗੀਦਾਰੀ ਜ਼ਰੂਰੀ ਹੈ।

**ਪੁਲਿਸ ਕਾਰਵਾਈ: ਨਸ਼ਿਆਂ ਦੀ ਸਪਲਾਈ ਚੇਨ ਨੂੰ ਤੋੜਨਾ**

'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਵਿੱਚ ਪੁਲਿਸ ਦੀ ਅਹਿਮ ਭੂਮਿਕਾ ਹੈ। ਮਾਰਚ 2025 ਤੋਂ ਸਤੰਬਰ 2026 ਤੱਕ ਪੰਜਾਬ ਦੀ ਐਂਟੀ-ਨਾਰਕੋਟਿਕਸ ਟਾਸਕ ਫੋਰਸ (ਏਐਨਟੀਐਫ) ਨੇ 61,824 ਐਫਆਈਆਰ ਦਰਜ ਕੀਤੀਆਂ ਅਤੇ 81,433 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ।

ਇਸ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ, ਇਨ੍ਹਾਂ ਵਿੱਚ 3918 ਕਿਲੋਗ੍ਰਾਮ ਹੈਰੋਇਨ,991 ਕਿਲੋਗ੍ਰਾਮ ਅਫ਼ੀਮ, 47 ਟਨ ਭੁੱਕੀ, 1416 ਕਿਲੋਗ੍ਰਾਮ ਗਾਂਜਾ ਅਤੇ 65 ਲੱਖ ਗੋਲੀਆਂ ਤੇ ਕੈਪਸੂਲ ਸ਼ਾਮਲ ਹਨ। ਇਸੇ ਸਮੇਂ ਦੌਰਾਨ, ਪੰਜਾਬ ਪੁਲਿਸ ਵੱਲੋਂ 79,293 ਜਨਤਕ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਰਾਹੀਂ ਨਸ਼ਿਆਂ ਖ਼ਿਲਾਫ਼ ਮੁਹਿੰਮ ਨੂੰ ਸਿੱਧੇ ਤੌਰ 'ਤੇ ਭਾਈਚਾਰਿਆਂ ਤੱਕ ਪਹੁੰਚਾਇਆ ਗਿਆ ਅਤੇ ਨਸ਼ਿਆਂ ਖ਼ਿਲਾਫ਼ ਲੜਾਈ ਵਿੱਚ ਆਮ ਲੋਕਾਂ ਦੀ ਭਾਗੀਦਾਰੀ ਨੂੰ ਮਜ਼ਬੂਤ ਕੀਤਾ ਗਿਆ।

**ਅਧਿਆਪਕ: ਨਸ਼ਿਆਂ ਦੀ ਲਤ ਲੱਗਣ ਤੋਂ ਪਹਿਲਾਂ ਹੀ ਰੋਕਥਾਮ**

'ਬਿਗ 5' ਦਾ ਦੂਜਾ ਥੰਮ੍ਹ ਰੋਕਥਾਮ 'ਤੇ ਕੇਂਦਰਿਤ ਹੈ, ਕਿਉਂਕਿ ਨਸ਼ਿਆਂ ਖ਼ਿਲਾਫ਼ ਲੜਾਈ ਉਸ ਸਮੇਂ ਸ਼ੁਰੂ ਨਹੀਂ ਹੋ ਸਕਦੀ ਜਦੋਂ ਕੋਈ ਨੌਜਵਾਨ ਪਹਿਲਾਂ ਹੀ ਨਸ਼ਿਆਂ ਦੀ ਲਤ ਦਾ ਸ਼ਿਕਾਰ ਹੋ ਚੁੱਕਾ ਹੋਵੇ। ਸਿਖਲਾਈ ਪ੍ਰਾਪਤ ਅਧਿਆਪਕਾਂ ਵੱਲੋਂ 3,600 ਸਕੂਲਾਂ ਵਿੱਚ 7.5 ਲੱਖ ਵਿਦਿਆਰਥੀਆਂ ਨੂੰ 14 ਹਫ਼ਤਿਆਂ ਦਾ ਨਸ਼ਾ-ਵਿਰੋਧੀ ਪਾਠਕ੍ਰਮ ਪੜ੍ਹਾਇਆ ਜਾ ਰਿਹਾ ਹੈ। ਸਰਕਾਰ ਵੱਲੋਂ ਸਾਰੇ ਹਾਈ ਸਕੂਲ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਨੂੰ ਪੜਾਅਵਾਰ ਢੰਗ ਨਾਲ ਜਾਗਰੂਕ ਵੀ ਕੀਤਾ ਜਾ ਰਿਹਾ ਹੈ, ਤਾਂ ਜੋ ਮਾਨਸਿਕ ਸਿਹਤ ਨਾਲ ਜੁੜੀਆਂ ਸਮੱਸਿਆਵਾਂ, ਨਸ਼ਿਆਂ ਵੱਲ ਵਧਣ ਦੇ ਖ਼ਤਰੇ ਅਤੇ ਸਮੇਂ ਸਿਰ ਦਖ਼ਲ ਦੇ ਤਰੀਕਿਆਂ ਦੇ ਸ਼ੁਰੂਆਤੀ ਸੰਕੇਤਾਂ ਦੀ ਪਛਾਣ ਕੀਤੀ ਜਾ ਸਕੇ।

ਪਹਿਲੇ ਪੜਾਅ ਵਿੱਚ 13 ਜ਼ਿਲ੍ਹਿਆਂ ਦੇ ਲਗਭਗ 25,000 ਅਧਿਆਪਕਾਂ ਨੂੰ ਸਿਖਲਾਈ ਦੇਣ ਦੀ ਯੋਜਨਾ ਹੈ। ਅੰਮ੍ਰਿਤਸਰ, ਤਰਨਤਾਰਨ ਅਤੇ ਫ਼ਾਜ਼ਿਲਕਾ ਵਿੱਚ 7,000 ਅਧਿਆਪਕਾਂ ਨੂੰ ਪਹਿਲਾਂ ਹੀ ਜਾਗਰੂਕ ਕੀਤਾ ਜਾ ਚੁੱਕਾ ਹੈ। ਇਸ ਪਹਿਲ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਅਧਿਆਪਕ ਸਿਰਫ਼ ਕਲਾਸਰੂਮ ਤੱਕ ਸੀਮਤ ਨਾ ਰਹਿਣ, ਸਗੋਂ ਨਸ਼ਿਆਂ ਖ਼ਿਲਾਫ਼ ਇੱਕ ਵਾਧੂ ਸੁਰੱਖਿਆ ਕੜੀ ਵਜੋਂ ਵੀ ਕੰਮ ਕਰਨ, ਉਹ ਦੇ ਸ਼ੁਰੂਆਤੀ ਲੱਛਣਾਂ ਦੀ ਪਛਾਣ ਕਰਨ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਯੋਗ ਸਹਾਇਤਾ ਨਾਲ ਜੋੜਨ ਦੇ ਸਮਰੱਥ ਹੋਣ। ਨੌਜਵਾਨ ਅਤੇ ਸਾਥੀ ਨੈੱਟਵਰਕ: ਨਸ਼ਿਆਂ ਦੇ ਆਲੇ-ਦੁਆਲੇ ਦੇ ਸਮਾਜਿਕ ਮਾਹੌਲ ਵਿੱਚ ਬਦਲਾਅ

ਤੀਜਾ ਥੰਮ੍ਹ ਨਸ਼ੇ ਦੀ ਵਰਤੋਂ ਦੇ ਸਭ ਤੋਂ ਔਖੇ ਪਹਿਲੂ ਸਾਥੀਆਂ ਦੇ ਪ੍ਰਭਾਵ ਅਤੇ ਸਮਾਜਿਕ ਪ੍ਰਵਾਨਗੀ 'ਤੇ ਕੇਂਦਰਿਤ ਹੈ। ਇਸ ਪਹਿਲ ਤਹਿਤ ਸਕੂਲਾਂ ਅਤੇ ਕਾਲਜਾਂ ਦੇ ਪ੍ਰੋਗਰਾਮਾਂ ਵਿੱਚ ਸਾਥੀ ਭਾਗੀਦਾਰੀ, ਨਸ਼ਿਆਂ ਦੀ ਲਤ ਤੋਂ ਉੱਭਰ ਚੁੱਕੇ ਲੋਕਾਂ ਦੀ ਸ਼ਮੂਲੀਅਤ ਅਤੇ ਨੌਜਵਾਨਾਂ ਦੀ ਅਗਵਾਈ ਵਾਲੀਆਂ ਗਤੀਵਿਧੀਆਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਤਾਂ ਜੋ ਨੌਜਵਾਨਾਂ ਲਈ ਨਸ਼ਿਆਂ ਨੂੰ 'ਨਾ' ਕਰਨਾ ਸਮਾਜਿਕ ਤੌਰ 'ਤੇ ਆਸਾਨ ਬਣਾਇਆ ਜਾ ਸਕੇ ਅਤੇ ਇਸ ਸੁਧਾਰ ਨੂੰ ਕਲੰਕ ਨਾ ਮੰਨਿਆ ਜਾਵੇ।

# ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਨੇ ਦੂਜੇ ਪੜਾਅ ਦੀਆਂ ਤਿਆਰੀਆਂ ਸਬੰਧੀ ਮੁੱਖ ਜਨਗਣਨਾ ਅਧਿਕਾਰੀਆਂ ਦੀ ਸੂਬਾ-ਪੱਧਰੀ ਕਾਨਫਰੰਸ ਦੀ ਕੀਤੀ ਪ੍ਰਧਾਨਗੀ

**ਚੰਡੀਗੜ੍ਹ, 22 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਨਗਣਨਾ -2027 ਦੇ ਦੂਜੇ ਪੜਾਅ ਸਬੰਧੀ ਤਿਆਰੀਆਂ ਅਤੇ ਕਾਰਜ ਸਥਿਤੀ ਦਾ ਜਾਇਜ਼ਾ ਲੈਣ ਲਈ ਅੱਜ ਚੰਡੀਗੜ੍ਹ ਵਿਖੇ ਪੰਜਾਬ ਦੇ ਮੁੱਖ ਸਕੱਤਰ ਸ੍ਰੀ ਕੇ.ਏ.ਪੀ. ਸਿਨਹਾ ਦੀ ਪ੍ਰਧਾਨਗੀ ਹੇਠ ਪ੍ਰਮੁੱਖ ਜਨਗਣਨਾ ਅਧਿਕਾਰੀਆਂ (ਪੀ.ਸੀ.ਓਜ਼) ਲਈ ਇੱਕ-ਰੋਜ਼ਾ ਕਾਨਫਰੰਸ ਕਰਵਾਈ ਗਈ।

ਇਸ ਕਾਨਫਰੰਸ ਵਿੱਚ ਸੂਬਾ ਪੱਧਰੀ ਜਨਗਣਨਾ ਤਾਲਮੇਲ ਕਮੇਟੀ (ਐਸ.ਐਲ.ਸੀ.ਸੀ.ਸੀ.) ਦੇ ਮੈਂਬਰਾਂ, ਡਿਵੀਜ਼ਨਲ ਕਮਿਸ਼ਨਰਾਂ ਅਤੇ ਸਾਰੇ ਪ੍ਰਮੁੱਖ ਜਨਗਣਨਾ ਅਧਿਕਾਰੀਆਂ, ਜਿਨ੍ਹਾਂ ਵਿੱਚ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਅਤੇ ਨਗਰ ਨਿਗਮਾਂ ਦੇ ਕਮਿਸ਼ਨਰ ਸ਼ਾਮਲ ਸਨ, ਨੇ ਹਿੱਸਾ ਲਿਆ।

ਮੀਟਿੰਗ ਦੇ ਸ਼ੁਰੂ ਵਿੱਚ, ਪੰਜਾਬ ਦੇ ਜਨਗਣਨਾ ਕਾਰਜਾਂ ਦੀ ਡਾਇਰੈਕਟਰ ਡਾ. ਨਵਜੋਤ ਖੋਸਾ ਨੇ ਮੁੱਖ ਸਕੱਤਰ, ਐਸ.ਐਲ.ਸੀ.ਸੀ.ਸੀ. ਦੇ ਮੈਂਬਰਾਂ, ਡਿਵੀਜ਼ਨਲ ਕਮਿਸ਼ਨਰਾਂ ਅਤੇ ਸਾਰੇ ਪ੍ਰਮੁੱਖ ਜਨਗਣਨਾ ਅਧਿਕਾਰੀਆਂ ਦਾ ਸਵਾਗਤ ਕੀਤਾ।

ਇਸ ਕਾਨਫਰੰਸ ਵਿੱਚ ਜਨਗਣਨਾ 2027 ਦੇ ਦੂਜੇ ਪੜਾਅ ਦੇ ਮੁੱਖ ਪਹਿਲੂਆਂ ਬਾਰੇ ਵਿਆਪਕ ਜਾਣਕਾਰੀ ਦਿੱਤੀ ਗਈ, ਜਿਸ ਵਿੱਚ ਆਬਾਦੀ ਦੀ ਗਣਨਾ ਲਈ ਤਿਆਰੀ, ਗਣਨਾ ਬਲਾਕ (ਈ.ਬੀ.) ਦੀ ਅੰਤਿਮ ਰੂਪ-ਰੇਖਾ, ਮਨੁੱਖੀ ਸਰੋਤਾਂ ਦੀ ਯੋਜਨਾਬੰਦੀ, ਸਿਖਲਾਈ ਅਤੇ ਤਾਇਨਾਤੀ, ਪੀ.ਈ. ਪ੍ਰਸ਼ਨਾਵਲੀ, ਡਿਜੀਟਲ ਸਾਧਨ, ਸਵੈ-ਗਿਣਤੀ, ਮੀਡੀਆ ਅਤੇ ਪ੍ਰਚਾਰ, ਖੇਤਰੀ ਪੱਧਰ 'ਤੇ ਤਿਆਰੀ ਅਤੇ ਪ੍ਰਸ਼ਾਸਨਿਕ ਜ਼ਿੰਮੇਵਾਰੀਆਂ ਸ਼ਾਮਲ ਸਨ।

ਜਨਗਣਨਾ ਨੂੰ ਨਿਰਧਾਰਤ ਸਮੇਂ ਦੇ ਅੰਦਰ ਸੁਚਾਰੂ, ਸਮੇਂ ਸਿਰ ਅਤੇ ਸਹੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਕਾਰਜਸ਼ੀਲ ਅਤੇ ਤਕਨੀਕੀ ਪਹਿਲੂਆਂ 'ਤੇ ਵਿਸਥਾਰਤ ਪੇਸ਼ਕਾਰੀਆਂ ਦਿੱਤੀਆਂ ਗਈਆਂ। ਮੁੱਖ ਸਕੱਤਰ ਨੇ ਜਨਗਣਨਾ ਨੂੰ ਇੱਕ ਕੌਮੀ ਅਭਿਆਸ ਵਜੋਂ ਦਰਸਾਉਂਦਿਆਂ ਕਿਹਾ ਕਿ ਜਨਗਣਨਾ ਦੇਸ਼ ਦੁਆਰਾ ਕੀਤੇ ਗਏ ਸਭ ਤੋਂ ਮਹੱਤਵਪੂਰਨ ਕੌਮੀ ਅਭਿਆਸਾਂ ਵਿੱਚੋਂ ਇੱਕ ਹੈ ਅਤੇ ਸ਼ਾਸਨ, ਯੋਜਨਾਬੰਦੀ, ਨੀਤੀ ਨਿਰਮਾਣ ਅਤੇ ਜਨਤਕ ਸੇਵਾਵਾਂ ਦੀ ਸਪੁਰਦਗੀ ਵਿੱਚ ਵਰਤੀ ਜਾਣ ਵਾਲੀ ਜਨਸੰਖਿਆਕ ਅਤੇ ਸਮਾਜਿਕ-ਆਰਥਿਕ ਜਾਣਕਾਰੀ ਦਾ ਇੱਕ ਅਹਿਮ ਆਧਾਰ ਹੈ।

ਉਨ੍ਹਾਂ ਅੱਗੇ ਕਿਹਾ ਕਿ ਜਨਗਣਨਾ ਦੀ ਸਫ਼ਲਤਾ ਲਈ ਨਾ ਸਿਰਫ਼ ਸੁਚੱਜੀ ਪ੍ਰਸ਼ਾਸਕੀ ਤਿਆਰੀ ਦੀ ਲੋੜ ਹੁੰਦੀ ਹੈ, ਸਗੋਂ ਹਰ ਪੱਧਰ 'ਤੇ ਵਚਨਬੱਧਤਾ, ਤਾਲਮੇਲ ਅਤੇ ਜ਼ਿੰਮੇਵਾਰੀ ਦੀ ਮਜ਼ਬੂਤ ਭਾਵਨਾ ਦੀ ਵੀ ਲੋੜ ਹੁੰਦੀ ਹੈ।

ਉਨ੍ਹਾਂ ਸਾਰੇ ਪ੍ਰਮੁੱਖ ਜਨਗਣਨਾ ਅਧਿਕਾਰੀਆਂ ਨੂੰ ਇਸ ਅਭਿਆਸ ਨੂੰ ਸਭ ਤੋਂ ਵੱਧ ਤਰਜੀਹ ਦੇਣ ਅਤੇ ਪੂਰੀ ਸਮਰਪਣ ਅਤੇ ਜਵਾਬਦੇਹੀ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਕਿਹਾ।

ਮੁੱਖ ਸਕੱਤਰ ਨੇ ਅੱਗੇ ਕਿਹਾ ਕਿ ਜਨਗਣਨਾ ਪ੍ਰਕਿਰਿਆ ਦੇ ਹਰ ਪੜਾਅ ਨੂੰ ਧਿਆਨ ਨਾਲ ਯੋਜਨਾਬੱਧ, ਨੇੜਿਓਂ ਨਿਗਰਾਨੀ ਅਤੇ ਨਿਰਧਾਰਤ ਸਮਾਂ-ਸੀਮਾਵਾਂ ਦੇ ਅੰਦਰ ਪੂਰਾ ਕੀਤਾ ਜਾਣਾ ਚਾਹੀਦਾ ਹੈ।

ਮਿਨੀ ਕਹਾਣੀ

# ਆਸ



• ਸੰਗੀਤਾ ਭੰਡਾਰੀ
97790-39977

ਪਿਛਲੇ ਚਾਰ ਮਹੀਨੇ ਤੋਂ ਉਹ ਹਰ ਰੋਜ਼ ਠਾਣੇ ਦੇ ਚੱਕਰ ਲਾ ਰਿਹਾ ਸੀ। ਉਹ ਮੁਨਸ਼ੀ ਨੂੰ ਆ ਕੇ ਇੱਕੋ ਹੀ ਸਵਾਲ ਪੁੱਛਦਾ, 'ਕੀ ਦੀਪ ਸਿੰਘ ਨਾਂ ਦੇ ਕਿਸੇ ਬੰਦੇ ਨੇ ਕੋਈ ਰਿਪੋਰਟ ਲਿਖਵਾਈ ਹੈ?' ਮੁਨਸ਼ੀ ਦੇ ਮਨ੍ਹਾਂ ਕਰਨ 'ਤੇ ਉਹ ਵਾਪਿਸ ਪਰਤ ਜਾਂਦਾ।

ਦੂਰ ਬੈਠਾ ਥਾਣੇਦਾਰ ਇਹ ਸਭ ਦੇਖ ਦਾ ਤਾਂ ਉਸ ਨੂੰ ਬੜੀ ਹੈਰਾਨੀ ਜਿਹੀ ਹੁੰਦੀ। ਅੱਜ ਜਦੋਂ ਉਸ ਨੇ ਆ ਕੇ ਫੇਰ ਮੁਨਸ਼ੀ ਨੂੰ ਓਹੀ ਸਵਾਲ ਪੁੱਛਿਆ ਤਾਂ ਥਾਣੇਦਾਰ ਤੋਂ ਰਿਹਾ ਨਾ ਗਿਆ ਤੇ ਉਹ ਆਪਣੀ ਸੀਟ ਤੋਂ ਉੱਠ ਕੇ ਉਸ ਕੋਲ ਆਇਆ ਤੇ ਬੜੀ ਨਿਮਰਤਾ ਨਾਲ ਪੁੱਛਿਆ, 'ਬਾਬਾ ਜੀ, ਇਹ ਦੀਪ ਸਿੰਘ ਕੌਣ ਹੈ। ਕੀ ਤੁਹਾਡੀ ਇਸ ਨਾਲ ਕੋਈ ਲੜਾਈ ਹੋਈ ਹੈ। ਮੈਨੂੰ ਦੱਸੋ ਤਾਂ ਜੋ ਮੈਂ ਤੁਹਾਡੀ ਕੋਈ ਮਦਦ ਕਰ ਸਕਾ?' 'ਨਹੀਂ ਪੁੱਤ ਮੇਰੀ ਕਿਸੇ ਨਾਲ ਕੋਈ ਲੜਾਈ ਨਹੀਂ ਹੋਈ।' ਬਾਬੇ ਨੇ ਕਿਹਾ।

'ਫੇਰ ਬਾਬਾ ਜੀ ਤੁਸੀਂ ਰੋਜ਼ ਦੀਪ ਸਿੰਘ ਦੀ ਕੰਪਲੈਂਟ ਬਾਰੇ ਕਿਉਂ ਪੁੱਛਦੇ ਹੋ?' ਥਾਣੇਦਾਰ ਨੇ ਬਾਬੇ ਤੋਂ ਪੁੱਛਿਆ। ਬਾਬੇ ਨੇ ਨਿਰਾਸ਼ ਜਿਹੇ ਲਹਿਜ਼ੇ ਨਾਲ ਕਿਹਾ, 'ਦੀਪ ਸਿੰਘ ਮੇਰਾ ਇਕਲੌਤਾ ਪੁੱਤਰ ਹੈ, ਸ਼ਾਇਦ ਉਸ ਨੇ ਮੈਨੂੰ ਲੱਭਣ ਲਈ ਠਾਣੇ ਵਿਚ ਰਿਪੋਰਟ ਲਿਖਾਵੀਂ ਹੋਵੇ, ਬਸ ਤਾਹੀਂ ਪੁੱਛਣ ਆਉਂਦਾ ਮੈਂ।' ਇਸ ਤੋਂ ਪਹਿਲਾਂ ਥਾਣੇਦਾਰ ਕੁਝ ਹੋਰ ਪੁੱਛਦਾ ਬਾਬਾ ਠਾਣੇ 'ਚੋਂ ਬਾਹਰ ਚਲਾ ਗਿਆ ਤੇ ਜਲਦੀ ਹੀ ਥਾਣੇਦਾਰ ਦੀਆਂ ਅੱਖਾਂ ਤੋਂ ਓਝਲ ਹੋ ਗਿਆ ਤੇ ਮੁੜ ਫੇਰ ਨਾ ਆਇਆ। •

# ਬਹੁਪਸਾਰੀ ਸ਼ਖ਼ਸੀਅਤ ਬਲਵੰਤ ਗਾਰਗੀ



• ਪ੍ਰੋ. ਜਤਿੰਦਰ ਬੀਰ ਸਿੰਘ ਨੰਦਾ
98152-55295

ਬਲਵੰਤ ਗਾਰਗੀ ਪੰਜਾਬੀ ਦਾ ਉਹ ਮਹਾਨ ਨਾਟਕਕਾਰ ਸੀ, ਜਿਸ ਦੀ ਸਾਹਿਤਕ ਸ਼ਖ਼ਸੀਅਤ ਬਹੁਪਸਾਰੀ ਸੀ। ਨਾਟਕਕਾਰ ਦੇ ਰੂਪ ਵਿਚ ਉਹ ਆਪਣੇ ਸਮਕਾਲੀਆਂ ਨਾਲੋਂ ਵੱਖ ਖਲੋਤਾ ਨਜ਼ਰ ਆਉਂਦਾ ਹੈ। ਈਸ਼ਵਰ ਚੰਦਰ ਨੰਦਾ ਨੂੰ ਚਾਹੇ ਅਸੀਂ ਪੰਜਾਬੀ ਨਾਟਕ ਦਾ ਮੋਢੀ ਪਰਵਾਨ ਕਰਦੇ ਹਾਂ ਪਰ ਜੋ ਆਧੁਨਿਕਤਾ ਗਾਰਗੀ ਵਿਚ ਮਿਲਦੀ ਹੈ ਉਹ ਹੋਰ ਕਿਸੇ ਵਿਚ ਪ੍ਰਾਪਤ ਨਹੀਂ ਹੁੰਦੀ। ਉਹ ਕੁਸ਼ਲ ਨਿਰਦੇਸ਼ਕ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦਾ ਹੈ ਤੇ ਅਸੀਂ ਉਸ ਦੇ ਨਾਟਕਾਂ ਵਿਚ ਪੱਛਮੀ ਨਾਟਕ ਸ਼ੈਲੀ ਦਾ ਪ੍ਰਭਾਵ ਵੀ ਦੇਖਦੇ ਹਾਂ। ਬਲਵੰਤ ਗਾਰਗੀ ਕੇਵਲ ਨਾਟਕਾਂ ਤਕ ਹੀ ਸੀਮਤ ਨਹੀਂ ਰਿਹਾ ਸਗੋਂ ਕੁਝ ਪਾਠਕਾਂ ਦੀ ਨਜ਼ਰ ਵਿਚ ਉਹ ਪੰਜਾਬੀ ਦਾ ਸਭ ਤੋਂ ਰੋਚਿਕ ਇਕ ਰੇਖਾ ਚਿੱਤਰ ਲਿਖਣ ਵਾਲਾ ਲੇਖਕ ਹੋਣ ਕਰਕੇ ਜੋ ਪ੍ਰਸਿੱਧੀ ਗਾਰਗੀ ਨੇ ਪਾਈ ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਈ। ਜਦੋਂ ਉਸ ਦੀ ਪਹਿਲੀ ਰੇਖਾ ਚਿੱਤਰਾਂ ਦੀ ਪੁਸਤਕ 'ਨਿੰਮ ਦੇ ਪੱਤੇ' ਆਈ ਤਾਂ ਪਾਠਕਾਂ ਵੱਲੋਂ ਇਸ ਨੂੰ ਭਰਪੂਰ ਹੁੰਗਾਰਾ ਮਿਲਿਆ। ਇਸ ਤੋਂ ਬਾਅਦ ਉਸ ਨੇ 'ਕੌਡੀਆਂ ਵਾਲਾ ਸੱਪ' ਤੇ 'ਸੁਰਮੇ ਵਾਲੀ ਅੱਖ' ਰੇਖਾ ਚਿੱਤਰਾਂ ਦੀਆਂ ਪੁਸਤਕਾਂ ਲਿਖੀਆਂ। ਲੋਕ ਇਨ੍ਹਾਂ ਰੇਖਾ ਚਿੱਤਰਾਂ ਨੂੰ ਬਹੁਤ ਸ਼ੌਕ ਨਾਲ ਪੜ੍ਹਦੇ। ਇਨ੍ਹਾਂ ਰੇਖਾ ਚਿੱਤਰਾਂ ਨੂੰ ਪੜ੍ਹਕੇ ਈਸ਼ਵਰ ਚੰਦਰ ਨੰਦਾ ਵਰਗੇ ਲੇਖਕ ਨਾਰਾਜ਼ ਵੀ ਹੋਏ ਤੇ ਕੋਰਟ ਵਿਚ ਜਾਣ ਦੀ ਧਮਕੀ ਦੇਣ ਲੱਗੇ। ਗਾਰਗੀ ਫਿਰ ਵੀ ਲਿਖਦਾ ਰਿਹਾ, ਸਮੇਂ ਦੇ ਬੀਤਣ ਨਾਲ ਸਭ ਗੁੱਸੇ ਗਿਲੇ ਦੂਰ ਹੋ ਗਏ। ਗਾਰਗੀ ਫਿਰ ਇਕ ਸਫ਼ਰਨਾਮਾ ਲਿਖਣ ਵਾਲਾ ਵੀ ਬਣਿਆ ਤੇ ਉਸ ਦੀ ਕਲਮ ਵਿੱਚੋਂ ਬਹੁਤ ਹੀ ਰੋਚਿਕ 'ਅਮਰੀਕਾ ਦੀ ਯਾਤਰਾ' ਤੇ 'ਪਾਤਾਲ ਦੀ ਧਰਤੀ' ਆਦਿ ਸਫ਼ਰਨਾਮੇਂ ਹੋਂਦ ਵਿਚ ਆਏ।

ਗਾਰਗੀ ਦੀ ਬਹੁਪਸਾਰੀ ਪ੍ਰਤਿਭਾ ਵਿੱਚੋਂ ਭਾਰਤੀ ਨਾਟਕਾਂ ਦੇ ਇਤਿਹਾਸ ਬਾਰੇ ਲਿਖੀ ਪੁਸਤਕ 'ਰੰਗ-ਮੰਚ' ਖੋਜਆਰਥੀਆਂ ਲਈ ਬਹੁਤ ਪ੍ਰਮਾਣਿਕ ਪੁਸਤਕ ਸਾਬਤ ਹੋਈ ਤੇ ਉਹ ਇਕ ਨਾਟਕ ਦਾ ਇਤਿਹਾਸ ਲਿਖਣ ਵਾਲਾ ਲੇਖਕ ਬਣ ਗਿਆ। ਇਸ ਬਾਰੇ ਇਕ ਦਿਲਚਸਪ ਗੱਲ ਇਹ ਹੈ ਕਿ ਚਾਹੇ ਅਸੀਂ ਗਾਰਗੀ ਨੂੰ ਮੁੱਖ ਤੌਰ 'ਤੇ ਪ੍ਰਤਿਭਾਸ਼ੀਲ ਨਾਟਕਕਾਰ ਸਵੀਕਾਰ ਕਰਦੇ ਹਾਂ ਪਰ ਸਾਹਿਤ ਵਿਚ ਸਭ ਤੋਂ ਵੱਕਾਰੀ ਇਨਾਮ, ਸਾਹਿਤ ਅਕਾਦਮੀ ਇਨਾਮ ਉਸ ਨੂੰ ਇਕ ਆਲੋਚਨਾ ਦੀ ਪੁਸਤਕ 'ਰੰਗ-ਮੰਚ' ਪੁਸਤਕ 'ਤੇ ਹੀ ਮਿਲਿਆ। ਇਸ ਤਰ੍ਹਾਂ ਉਸ ਦੀ ਬਹੁਪਸਾਰੀ ਲੇਖਣੀ ਕਈ ਰੂਪਾਂ ਵਿਚ ਸਾਹਮਣੇ ਆਉਂਦੀ ਹੈ।

ਉਸ ਦੀਆਂ ਵਿਸ਼ੇਸ਼ਤਾਵਾਂ ਦਾ ਖ਼ਾਸ ਜ਼ਿਕਰ ਕੀਤਾ ਜਾਵੇ ਤਾਂ ਉਸ ਨੇ ਰਵਾਇਤੀ ਨਾਟਕਾਂ ਦੀ ਲੀਹ ਤੋਂ ਉੱਪਰ ਹੋ ਕੇ ਕਹਾਣੀ ਤੇ ਨਾਟਕੀ ਜੁਗਤਾਂ ਵਿਚ ਨਵੀਆਂ ਪੈੜਾਂ ਪਾ ਕੇ ਆਪਣੀ ਵੱਖਰੀ ਪਛਾਣ ਬਣਾਈ ਹੈ। ਚਾਹੇ ਈਸ਼ਵਰ ਚੰਦਰ ਨੰਦਾ, ਹਰਚਰਨ ਸਿੰਘ, ਕਪੂਰ ਸਿੰਘ ਘੁੰਮਣ, ਗੁਰਦਿਆਲ ਸਿੰਘ ਖੋਸਲਾ, ਸੰਤ ਸਿੰਘ ਸੇਖੋਂ ਆਦਿ ਨੇ ਭਾਵੇਂ ਪੰਜਾਬੀ ਨਾਟਕ ਦੀ ਝੋਲ ਭਰੀ ਹੈ ਪਰ ਗਾਰਗੀ ਦਾ ਸਥਾਨ ਸਭ ਤੋਂ ਉੱਚਾ ਹੈ। ਗਾਰਗੀ ਦਾ ਜਨਮ 4 ਦਸੰਬਰ 1916 ਨੂੰ ਪਿੰਡ ਸੇਵਾ ਬਠਿੰਡਾ ਵਿਚ, ਬਾਬੂ ਸ਼ਿਵ ਚੰਦ ਦੇ ਘਰ ਹੋਇਆ, ਦਸਵੀਂ ਉਸ ਨੇ ਮੁਲਤਾਨ ਦੇ ਡੀਏਵੀ ਸਕੂਲ ਤੋਂ ਉਚੇਰੀ ਵਿੱਦਿਆ ਮਹਿੰਦਰਾ ਕਾਲਜ ਪਟਿਆਲਾ ਅਤੇ ਐੱਫਸੀ ਕਾਲਜ ਲਾਹੌਰ ਤੋਂ ਕੀਤੀ। ਇਸ ਸਭ ਦੇ ਬਾਵਜੂਦ ਵੀ ਬਠਿੰਡਾ ਖੇਤਰ ਦਾ ਵਿਸ਼ੇਸ਼ ਪ੍ਰਭਾਵ ਉਸ ਦੀ ਭਾਸ਼ਾ 'ਤੇ ਮਿਲਦਾ ਹੈ।

ਗਾਰਗੀ ਨੇ ਰੁਜ਼ਗਾਰ ਲਈ ਵੀ ਨਾਟਕਾਂ ਨੂੰ ਹੀ ਆਪਣੇ ਨਾਂ ਨਾਲ ਜੋੜੀ ਰੱਖਿਆ। ਉਸ ਨੇ ਸਭ ਤੋਂ ਪਹਿਲਾਂ ਰੇਡਿਓ ਵਿਚ ਕੰਮ ਕੀਤਾ ਤੇ ਨਾਟਕ ਲਿਖੇ। ਉਹ 1954 ਵਿਚ ਮਾਸਕੋ ਗਿਆ ਉੱਥੇ ਹੀਰ ਰਾਂਝਾ ਤੇ ਸੋਹਣੀ ਮਹੀਵਾਲ ਨਾਟਕ ਖੇਡੇ। ਯੂਰਪੀ ਨਾਟਕ ਪੜ੍ਹੇ ਤੇ ਪੱਛਮੀ ਨਾਟਕਕਾਰਾਂ ਦਾ ਚਿੰਨ੍ਹਵਾਦ ਪੰਜਾਬੀ ਨਾਟਕਾਂ ਵਿਚ ਲਿਆਂਦਾ। ਉਸ ਨੇ ਇਬਸਨ, ਬਰਨਾਰਡ ਸ਼ਾਹ ਤੇ ਰੂਸੀ ਨਾਟਕਕਾਰ ਚੈਖੋਵ ਦਾ ਵਿਸ਼ੇਸ਼ ਪ੍ਰਭਾਵ ਕਬੂਲਿਆ। ਗਾਰਗੀ 1966 ਵਿਚ ਅਮਰੀਕਾ ਵਿਚ ਭਾਰਤੀ ਨਾਟਕਾਂ ਦਾ ਪ੍ਰੋਫੈਸਰ ਲੱਗ ਗਿਆ। ਫਿਰ ਚੰਡੀਗੜ੍ਹ ਵਿਚ ਥੀਏਟਰ ਵਿਭਾਗ ਖੋਲ੍ਹਿਆ ਤੇ ਵਿਦਿਆਥੀਆਂ ਨੂੰ ਨਾਟਕ ਖੇਡਣਾ ਸਿਖਾਇਆ। ਉਸ ਦੇ ਮੁੱਖ ਨਾਟਕ ਸਿਖਣ ਵਾਲੇ ਕਲਾਕਾਰਾਂ ਵਿੱਚੋਂ ਅਨੁਪਮ ਖੇਰ ਤੇ ਉਸ ਦੀ ਪਤਨੀ ਕਿਰਨ ਖੇਰ, ਪ੍ਰਸਿੱਧ ਐਕਟਰ ਰਾਜ ਬੱਬਰ ਆਦਿ ਵਿਸ਼ੇਸ਼ ਹਨ।

ਉਸ ਦੀ ਸ਼ਾਦੀ ਇਕ ਅਮਰੀਕਨ ਲੜਕੀ ਜੀਨੀ ਨਾਲ ਹੋਈ। ਉਸ ਨੇ ਬੜੀ ਬੇਬਾਕੀ ਨਾਲ ਜੀਨੀ ਨਾਲ ਪਿਆਰ ਤੇ ਵੱਖ ਹੋਣ ਦੀ ਗੱਲ ਨੈਕਿਡ ਟ੍ਰੈਂਗਲ ਦੀ ਰਚਨਾ ਵਿਚ ਕੀਤੀ। ਗਾਰਗੀ ਨੇ ਆਪਣੇ ਨਾਟਕਾਂ ਦਾ ਆਰੰਭ ਵਿਦਰੋਹ ਦੀ ਸੁਰ, ਲੋਹਾ ਕੁੱਟ ਲਿਖਣ ਨਾਲ ਕੀਤਾ ਤੇ ਬਾਅਦ ਵਿਚ ਕਣਕ ਦੀ ਬੱਲੀ, ਕੇਸਰੋ, ਧੂਣੀ ਦੀ ਅੱਗ, ਗਗਨ ਮੈਂ ਥਾਲ, ਆਦਿ ਪ੍ਰਮੁੱਖ ਨਾਟਕਾ ਦੀ ਸਿਰਜਨਾ ਕੀਤੀ। ਆਖ਼ਰੀ ਉਮਰ ਵਿਚ ਉਸ ਨੂੰ ਭੁੱਲਣ ਦੀ ਬਿਮਾਰੀ ਹੋ ਗਈ ਤੇ 22 ਅਪ੍ਰੈਲ 2003 ਵਿਚ ਉਸ ਦਾ ਦਿਹਾਂਤ ਹੋ ਗਿਆ। ਸਮੁੱਚੇ ਤੌਰ 'ਤੇ ਬਲਵੰਤ ਗਾਰਗੀ ਜਿਸ ਦਾ ਬਚਪਨ ਚਾਹੇ ਬਠਿੰਡੇ ਦੇ ਰੇਤਲੇ ਟਿਲਿਆਂ 'ਤੇ ਬੀਤਿਆ ਉਸ ਨੇ ਮਲਵਈ ਉਪ-ਬੋਲੀ ਨੂੰ ਪਾਤਰਾਂ ਦੁਆਰਾ ਬੋਲੇ ਵਾਰਤਾਲਾਪ ਰਾਹੀਂ ਸਾਰੇ ਵਿਸ਼ਵ ਵਿਚ ਭਾਰਤੀ ਤੇ ਪੱਛਮੀ ਨਾਟਕ ਵਿਧੀਆਂ ਦਾ ਮਿਸ਼ਰਣ ਬਣਾ ਕੇ ਨਾਟਕਾਂ ਨੂੰ ਇਕ ਸ਼ੋਖ ਤੇ ਚੰਚਲ ਪੌਸ਼ਾਕ ਪਹਿਨਾ ਕੇ ਸਫ਼ਲਤਾ ਸਹਿਤ ਪਹੁੰਚਾ ਦਿੱਤਾ। ਉਸ ਨੇ ਇਕੱਲੇ ਨੇ ਇਕ ਸੰਸਥਾ ਜਿੰਨਾ ਕੰਮ ਕੀਤਾ ਹੈ। •

## ਰੰਗਮੰਚੀ ਜੀਵਨ

ਬਲਵੰਤ ਗਾਰਗੀ ਨੇ ਜੀਵਨ ਸੁਤੰਤਰ ਲੇਖਕ, ਨਾਟਕਕਾਰ, ਨਿਰਦੇਸ਼ਕ ਅਤੇ ਪੱਤਰਕਾਰ ਵਜੋਂ ਸ਼ੁਰੂ ਕੀਤਾ। ਉਸ ਨੇ ਰੇਡੀਓ ਤੇ ਰੰਗਮੰਚ ਲਈ ਨਾਟਕ ਲਿਖੇ। ਬਾਅਦ ਵਿਚ ਅਮਰੀਕਾ ਜਾ ਕੇ ਸੀਐਟਲ ਵਿਚ ਥੀਏਟਰ ਦੇ ਅਧਿਆਪਕ ਰਹੇ। ਭਾਰਤ ਤੋਂ ਇਲਾਵਾ ਉਹਦੇ ਨਾਟਕ ਮਾਸਕੋ, ਜਰਮਨੀ, ਪੋਲੈਂਡ, ਲੰਡਨ ਤੇ ਅਮਰੀਕਾ ਵਿਚ ਵੀ ਖੇਡੇ ਗਏ...



**ਜਨਮ ਦਿਵਸ 'ਤੇ ਵਿਸ਼ੇਸ਼**

*ਗਾਰਗੀ ਨੂੰ ਡਰਾਮਾ ਰਚਨਾ ਹੀ ਨਹੀਂ, ਕਰਨਾ ਵੀ ਆਉਂਦਾ ਸੀ। ਉਹ ਸੁਰਮਾ ਪਾਉਣਾ ਵੀ ਜਾਣਦਾ ਸੀ ਤੇ ਮਟਕਾਉਣਾ ਵੀ। ਚੂਨਾ ਲਾ ਕੇ ਗੱਲ ਕਰਨੀ ਉਹਦਾ ਕਸਬ ਸੀ। ਉਸ ਕੋਲ ਖੰਭਾਂ ਦੀਆਂ ਡਾਰਾਂ ਬਣਾਉਣ ਦਾ ਹੁਨਰ ਸੀ ਤੇ ਝੀਤਾਂ ਵਿਚ ਦੀ ਦਿਸਦੇ ਲੁਕਵੇਂ ਨਜ਼ਾਰੇ ਵਿਖਾਉਣ ਦੀ ਕਾਰਸਤਾਨੀ। ਉਹ ਕਿਸੇ ਨੂੰ ਵਡਿਆਉਂਦਾ ਹੋਇਆ ਨਾਲ ਦੀ ਨਾਲ ਭੰਡੀ ਵੀ ਜਾਂਦਾ ਸੀ...*

ਸ਼ਬਦੋ ਵਣਜਾਰਿਓ

# ਮਹੱਲਾ



ਪਰਮਜੀਤ ਢੀਂਗਰਾ
94173-58120

ਫ਼ਾਰਸੀ ਕੋਸ਼ਾਂ ਵਿਚ ਮੂਲ ਸ਼ਬਦ 'ਮਹਾਲ' ਹੈ ਜਿਸ ਦਾ ਅਰਥ ਹੈ-ਮਹੱਲਾ, ਮਹੱਲ, ਸਥਾਨ, ਜਗ੍ਹਾ, ਪਰਹੇਜ਼, ਪੜਾਅ। ਪੰਜਾਬੀ ਕੋਸ਼ਾਂ ਅਨੁਸਾਰ-ਮਹੱਲਾ, ਅਰਬੀ-ਮਹਲਤ-ਹਲ-ਡੇਰਾ ਕਰਨ, ਸ਼ਹਿਰ ਜਾਂ ਕਸਬੇ ਦਾ ਵਸੇਬੇ ਵਾਲਾ ਕੋਈ ਹਿੱਸਾ, ਗਲੀ, ਮੁਹੱਲਾ ਆਦਿ ਹੈ। ਇਸ ਤੋਂ ਬਣੇ ਸ਼ਬਦ ਮੁਹੱਲੇਦਾਰ -ਮਹੱਲੇ ਵਿਚ ਰਹਿਣ ਵਾਲਾ, ਮਹੱਲੇਦਾਰੀ, ਹੋਲਾ ਮਹੱਲਾ-ਹੋਲੀ ਤੋਂ ਅਗਲੇ ਦਿਨ ਅਨੰਦਪੁਰ ਸਾਹਿਬ ਵਿਚ ਅਤਰ ਫੁਲੇਲ ਨਾਲ ਹੋਲਾ ਖੇਡਣ ਦਾ ਤਿਉਹਾਰ।

ਇਸ ਤੋਂ ਕਈ ਮੁਹਾਵਰੇ ਪ੍ਰਚਲਤ ਹੋਏ- ਮੁਹੱਲਾ ਸਿਰ 'ਤੇ ਚੁੱਕਣਾ-ਉੱਚੀ-ਉੱਚੀ ਰੌਲਾ ਪਾਉਣਾ, ਮੁਹੱਲਾ ਕੱਢਣਾ-ਨਗਾਰੇ, ਨਿਸ਼ਾਨ ਸਾਹਿਬ ਆਦਿ ਨਾਲ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਕੱਢਣੀ, ਮੁਹੱਲਾ ਚੜ੍ਹਨਾ ਵੀ ਇਸੇ ਪ੍ਰਸੰਗ ਵਿਚ ਵਰਤਿਆ ਜਾਂਦਾ ਹੈ। ਮੁਹੱਲਾ ਸਮੂਹਵਾਚੀ ਸ਼ਬਦ ਹੈ ਜਿਸ ਵਿਚ ਆਸਰਾ ਲੈਣ ਦਾ ਭਾਵ ਹੈ। ਇਸ ਦੀ ਵਿਓਤਪਤੀ 'ਮਹਾਆਲਯ' ਤੋਂ ਵੀ ਮੰਨੀ ਜਾਂਦੀ ਹੈ-ਮਹਾ ਦਾ ਅਰਥ ਹੈ ਵਿਸ਼ਾਲ ਤੇ ਆਲਯ ਦਾ ਅਰਥ ਹੈ ਰਹਿਣਾ ਜਾਂ ਨਿਵਾਸ।

ਪੰਜਾਬੀ ਵਿਚ ਆਲਾ ਸ਼ਬਦ ਕੰਧਾਂ ਵਿਚ ਬਣੇ ਜਾਲੇ ਲਈ ਵਰਤਿਆ ਜਾਂਦਾ ਹੈ ਜੋ ਆਸਰੇ ਦਾ ਪ੍ਰਤੀਕ ਹੈ। ਆਲੇ ਵਿਚ ਜਗਦੇ ਦੀਵੇ ਲਈ ਉਹ ਆਸਰਾ ਜਾਂ ਸ਼ੈਲਟਰ ਹੈ। ਮੂਲ ਰੂਪ ਵਿਚ ਮੁਹੱਲਾ ਸੈਮੇਟਿਕ ਸ਼ਬਦ ਹੈ। ਇਸ ਦਾ ਨਾਤਾ ਬੰਗਾਲ ਵਿਚ ਮੋਹਾਲ ਤੇ ਪੰਜਾਬ ਦੇ ਮੋਹਾਲੀ ਨਾਲ ਜੁੜਦਾ ਹੈ ਜੋ ਵਸੇਬੇ ਦੇ ਅਰਥਾਂ ਵਿਚ ਹੈ। ਮੁਹੱਲੇ ਵਿਚ ਘਿਰੇ ਹੋਏ ਸਥਾਨ ਦਾ ਭਾਵ ਹੈ। ਇਹ ਅਰਬੀ ਜ਼ਬਾਨ ਰਾਹੀਂ ਸਫ਼ਰ ਕਰਦਾ ਦੁਨੀਆ ਦੇ ਕਈ ਹਿੱਸਿਆਂ ਵਿਚ ਪਹੁੰਚਿਆ ਹੈ। ਇਹਦੀ ਮੂਲ ਧਾਤੂ 'ਮਹਿਲ' ਹੈ। ਇਸ ਤੋਂ ਬਣਿਆ ਸ਼ਬਦ ਹੱਲਾ-ਸਮੂਹ, ਵਿਰਾਸਤ ਵੱਲ ਸੰਕੇਤ ਕਰਦਾ ਹੈ। ਹੱਲੇ ਦਾ ਇਕ ਅਰਥ ਧਾਵਾ ਬੋਲਣਾ ਵੀ ਹੈ। ਹੱਲਾ ਬੋਲਣਾ ਮੁਹਾਵਰਾ ਇਸੇ ਤੋਂ ਬਣਿਆ ਹੈ। ਸਪਸ਼ਟ ਹੈ ਕਿ ਹੱਲੇ ਵਿਚ ਸ਼ੋਰ-ਸ਼ਰਾਬੇ ਵਾਲਾ ਅਰਥ ਸਮੂਹਕਤਵ ਵੱਲ ਇਸ਼ਾਰਾ ਕਰਦਾ ਹੈ। 'ਹਲੇ' ਨਾਲ 'ਮ' ਜੁੜਨ ਨਾਲ ਅਰਬੀ ਮਹੱਲਾ ਸ਼ਬਦ ਬਣਿਆ ਜੋ ਪੰਜਾਬੀ ਵਿਚ ਤਤਸਮ ਰੂਪ ਵਿਚ ਪ੍ਰਚਲਤ ਹੈ।

ਮਹਲ ਸ਼ਬਦ ਦਾ ਅਰਥ ਡੇਰਾ, ਪੜਾਅ ਜਾਂ ਬਸੇਬੇ ਦੇ ਭਾਵ ਨਾਲ ਜੁੜਿਆ ਹੋਇਆ ਹੈ। ਮਹਲ ਅਰਬੀ ਦੇ 'ਹਾਲ' ਸ਼ਬਦ ਨਾਲ ਜੁੜਿਆ ਹੋਇਆ ਹੈ ਜਿਸ ਦਾ ਅਰਥ-ਵਸੇਬਾ, ਝੌਂਪੜੀ, ਰਿਹਾਇਸ਼, ਆਸਰਾ ਕੀਤਾ ਜਾਂਦਾ ਹੈ। ਪ੍ਰਾਚੀਨ ਭਰੋਪੀ ਧਾਤੂ 'ਕੇਲ' ਹੈ ਜਿਸ ਦਾ ਅਰਥ ਆਸਰਾ, ਘਿਰਿਆ ਹੋਇਆ ਆਦਿ ਹੈ। ਜੇ ਸੈਲ 'ਤੇ ਗੌਰ ਕਰੀਏ ਤਾਂ ਹਾਲ ਦੇ ਮੂਲ ਵਿਚ ਸੈਲ ਹੀ ਹੈ। ਸੈਲ ਬਣਿਆ ਹੈ-ਪੋਸਟ ਜਰਮੈਨਿਕ ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ-ਘਿਰਿਆ ਹੋਇਆ, ਢੱਕਿਆ ਹੋਇਆ, ਵੱਡਾ, ਵਿਸ਼ਾਲ, ਖਾਲ੍ਹੀ ਸਥਾਨ ਆਦਿ। ਮੁਹੱਲੇ ਸ਼ਬਦ ਦਾ ਮੂਲ ਅਰਥ-ਵਸੇਬਾ, ਠਹਿਰਾਅ, ਟਿਕਾਣਾ, ਪੜਾਅ, ਡੇਰਾ, ਵਿਸ਼ਰਾਮ ਕਰਨ ਦੇ ਅਰਥਾਂ ਵਿਚ ਪ੍ਰਗਟ ਹੁੰਦਾ ਹੈ। ਮੁਹੱਲੇ ਵਿਚ ਹਾਤਾ, ਗਲੀ, ਪੁਰਾ, ਵਾੜਾ ਜਾਂ ਬਾੜਾ ਆਦਿ ਦੇ ਭਾਵ ਵੀ ਹਨ।

ਅਰਬੀ ਖੇਤਰਾਂ ਵਿਚ ਮੁਹੱਲਾ ਅਬਾਦੀ ਦੇ ਨਾਂ ਤੋਂ ਪਹਿਲਾ ਲਾਇਆ ਜਾਂਦਾ ਹੈ ਜਿਵੇਂ- ਮੁਹੱਲਾ-ਅਲ-ਕੁਬਰਾ। ਪੰਜਾਬੀ ਵਿਚ ਵੀ ਅਜਿਹੇ ਕਈ ਮੁਹੱਲੇ ਮਿਲਦੇ ਹਨ-ਜਿਵੇਂ ਮੁਹੱਲਾ ਖਟੀਕਾਂ, ਮੁਹੱਲਾ ਰੋੜੂਪੁਰਾ, ਮੁਹੱਲਾ ਬਾਵਿਆਂ, ਮੁਹੱਲਾ ਬਿੱਲੀਮਾਰਾਂ, ਮੁਹੱਲਾ ਰਾਮਗੜ੍ਹੀਆਂ, ਮੁਹੱਲਾ ਕੰਬੋਆਂ, ਮੁਹੱਲਾ ਮਾਧੋਪੁਰੀ, ਮੁਹੱਲਾ ਬੇਦੀਆਂ, ਘੋੜ ਮੁਹੱਲਾ, ਮੁਹੱਲਾ ਪ੍ਰਤਾਪ ਨਗਰ, ਮੁਹੱਲਾ ਸੁਈਗਰਾਂ, ਮੁਹੱਲਾ ਕਿਸ਼ਨਪੁਰਾ, ਗੁਰੂ ਨਾਨਕਪੁਰਾ ਮੁਹੱਲਾ, ਮੁਹੱਲਾ ਧੋਬੀਆਂ ਆਦਿ। •

## ਪਰਮਜੀਤ ਕੌਰ ਸਰਹਿੰਦ ਦੀਆਂ ਚਾਰ ਕਵਿਤਾਵਾਂ



98728-98599

### ਮੈਂ ਪੰਜਾਬੀ ਬੋਲੀ ਹਾਂ

ਮੈਂ ਪੰਜਾਬੀ ਬੋਲੀ ਹਾਂ
ਜਨਮੀ ਹਾਂ ਖੇਤਾਂ ਦੇ ਸਿਆੜਾਂ ਵਿੱਚੋਂ
ਮਿੱਟੀ ਦੀ ਮਹਿਕ ਵਿੱਚੋਂ
ਖੇਡੀ ਹਾਂ ਬਲਦਾਂ ਦੇ ਗਲ਼ੇ ਦੀਆਂ
ਟੱਲੀਆਂ ਦੀ ਟੁਣਕਾਰ ਨਾਲ।
ਮੈਂ ਤਾਂ ਪਲ਼ੀ ਹਾਂ
ਗੁਰੂਆਂ-ਪੀਰਾਂ-ਫ਼ਕੀਰਾਂ ਦੀ ਗੋਦ ਵਿਚ
ਮੈਂ ਵੀ ਮੁਟਿਆਰ ਹੋਈ ਖੇਤਾਂ ਵਿਚ
ਸਾਗ ਤੋੜਦੀ
ਤੇ ਗੰਨੇ ਚੂਪਦੀ ਮੁਟਿਆਰ ਨਾਲ।
ਮੈਂ ਰਾਤਾਂ ਨੂੰ ਰੋਹੀਆਂ ਵਿਚ ਕਿਰਤੀ
ਕਿਸਾਨਾਂ ਨੂੰ
ਸੱਪਾਂ ਦੀਆਂ ਸਿਰੀਆਂ ਮਿੱਧਦੇ ਦੇਖਿਐ
ਉਨ੍ਹਾਂ ਨੂੰ ਮਖੌਲਾਂ ਕਰਦੇ ਦੇਖਿਐ
ਨਾਗਾਂ ਦੀ ਫੁੰਕਾਰ ਨਾਲ।
ਮੈਂ ਖੂਹ ਦੇ ਕੁੱਤੇ ਦੀ ਟਿੱਕ-ਟਿੱਕ ਦੀ
ਤਾਲ ਨਾਲ
ਗੱਭਰੂਆਂ ਨੂੰ ਹੀਰ ਦੀਆਂ ਕਲੀਆਂ
ਲਾਉਂਦੇ ਸੁਣਿਐਂ
ਖੂਹ ਦੀ ਗਾਧੀ ਉੱਤੇ ਬਹਿ ਕੇ ਮੈਂ ਝੂਮੀ ਹਾਂ
ਬੋਤੇ ਦੀਆਂ ਝਾਂਜਰਾਂ ਦੀ ਛਣਕਾਰ ਨਾਲ।
ਮੈਂ ਪੰਜਾਬੀ ਮਾਂ ਬੋਲੀ ਹਾਂ ਦੁੱਧੀਂ
ਨਹਾਤੀ-ਪੁੱਤੀਂ ਫਲੀ
ਧੀਆਂ ਰਾਣੀਆਂ-ਨੂੰਹਾਂ ਸੁਆਣੀਆਂ
ਸੰਗ ਗਾਉਂਦੀ ਰਹੀ
ਚਰਖੇ ਦੀ ਘੂਕ ਨਾਲ ਚੱਕੀ ਦੀ ਗੂੰਜ ਨਾਲ।
ਤੁਸੀਂ ਮੇਰੇ ਮਰ ਮੁੱਕ ਜਾਣ ਦਾ ਫ਼ਿਕਰ
ਨਾ ਕਰਿਆ ਕਰੋ
ਮੈਨੂੰ ਤਾਂ ਬਖ਼ਸ਼ਿਆ ਹੋਇਐ ਅਮਰ ਫਲ਼
ਬਾਬੇ ਨਾਨਕ
ਤੇ ਬੁੱਲ੍ਹੇ ਸ਼ਾਹ ਵਰਗੇ ਮਹਾਨ ਸਾਧੂਆਂ-
ਸੰਤਾਂ ਦਾ
ਮੈਂ ਜੀਵਾਂਗੀ ਕਿਆਮਤ ਤਕ
ਘੁੱਗ ਵਸਦੇ ਸੰਸਾਰ ਨਾਲ।
ਮੈਂ ਨਾ ਬੁੱਢੀ ਹੁੰਦੀ ਹਾਂ
ਨਾ ਡਗਮਗਾਉਂਦੀ ਹਾਂ
ਮੇਰੇ ਪਿਆਰਿਓ
ਕਲਮਾਂ ਵਾਲਿਓ
ਤੁਹਾਡੇ ਪਿਆਰ ਨਾਲ।

### ਮਨੁ ਪਰਦੇਸੀ ਜੇ ਥੀਐ

ਕਦੇ-ਕਦੇ ਮੈਨੂੰ ਲੱਗਦੈ
ਇਹ ਮੇਰਾ ਘਰ ਨਹੀਂ ਹੈ
ਮੈਂ ਤਾਂ ਇੱਥੇ ਐਵੇਂ ਹੀ ਆਈ ਹੋਈ ਆਂ
ਮੈਨੂੰ ਆਪਣਾ ਆਪ
ਮਹਿਮਾਨ ਵੀ ਨਹੀਂ ਲਗਦਾ
ਮੈਂ ਸੋਚਦੀ ਹਾਂ
ਮੈਂ ਕਿਸ ਦੀ ਬੁਲਾਈ ਹੋਈ ਹਾਂ?
ਇਸੇ ਉਲਝਣ 'ਚ
ਬੜੀ ਬੇਜ਼ਾਰ ਜਿਹੀ ਹੋ ਜਾਂਦੀ ਹਾਂ
ਮੈਂ ਆਪਣੇ ਕਮਰੇ 'ਚੋਂ ਨਿਕਲ
ਬਾਹਰ ਖੜ੍ਹੋ ਜਾਂਦੀ ਹਾਂ
ਜਿਉਂ-ਜਿਉਂ ਘਰ ਦੇ ਆਲ਼ੇ-ਦੁਆਲ਼ੇ ਨੂੰ
ਫੁੱਲ ਬੂਟਿਆਂ ਨੂੰ
ਪਛਾਣਨ ਦੀ ਕੋਸ਼ਿਸ਼ ਕਰਦੀ ਹਾਂ
ਸਗੋਂ ਹੋਰ ਬੇਕਰਾਰ ਹੋ ਜਾਂਦੀ ਹਾਂ
ਦਿਲ 'ਚੋਂ ਡੂੰਘੀ ਚੀਸ ਉੱਠਦੀ ਹੈ
ਯਾਦ ਕਰਦੀ ਹਾਂ ਕਦੇ ਇਹ ਘਰ ਮੇਰਾ
ਹੁੰਦਾ ਸੀ
ਮੈਂ ਆਪਣੇ ਬੱਚਿਆਂ ਨਾਲ ਹੱਸਦੀ
ਖੇਡਦੀ ਸਾਂ
ਉਨ੍ਹਾਂ ਨੂੰ ਨੁਹਾਂਦੀ-ਧੁਆਂਦੀ ਸਾਂ
ਕੇਸ ਵਾਂਹਦੀ ਸਾਂ, ਖੁਆਂਦੀ-ਪਿਆਂਦੀ ਸਾਂ
ਸਕੂਲ ਘੱਲਦੀ ਸਾਂ ਆਇਆਂ ਨੂੰ
ਪੜ੍ਹਾਂਦੀ ਸਾਂ
ਉਹ ਸੌਂ ਜਾਂਦੇ ਮੈਂ ਉਨ੍ਹਾਂ ਦੇ ਕੱਪੜੇ ਧੋਂਦੀ
ਪ੍ਰੈਸ ਕਰਦੀ, ਬੂਟ ਲਿਸ਼ਕਾਂਦੀ ਸਾਂ
ਕਿੰਨੀ ਖ਼ੁਸ਼ ਸਾਂ ਮੈਂ
ਰੱਜੀ-ਰੱਜੀ ਭਰੀ-ਭਰੀ।
ਤੇ ਹੁਣ ਮੈਂ ਜਿਵੇਂ ਰੱਜ ਕੇ ਵੀ
ਭੁੱਖੀ ਹਾਂ ਤ੍ਰਿਹਾਈ ਹਾਂ
ਧੀਆਂ ਵਿਆਹ ਕਰਵਾ ਕੇ
ਆਪਣੇ ਘਰ ਚਲੀਆਂ ਗਈਆਂ
ਪੁੱਤਰ ਉਸ ਦੇਸ਼ ਚਲਾ ਗਿਆ
ਜਿੱਥੋਂ ਕੋਈ ਕਦੇ ਪਰਤ ਕੇ ਨਹੀਂ ਆਉਂਦਾ
ਉਸ ਦੇ ਬੱਚੇ ਜਦੋਂ ਹੱਸਦੇ-ਖੇਡਦੇ
ਮੇਰੇ ਦੁਆਲੇ ਭਾਉਂਦੇ ਨੇ
ਮੈਨੂੰ ਇਹ ਘਰ
ਆਪਣਾ ਜਿਹਾ ਲੱਗਣ ਲੱਗਦਾ ਹੈ
ਤੇ ਮੈਂ ਮੁੜ ਆਪਦੇ ਕਮਰੇ ਵਿਚ
ਪਰਤ ਆਉਂਦੀ ਹਾਂ
ਬਿਨ ਬੁਲਾਏ ਮਹਿਮਾਨ ਵਾਂਗ।

### ਧੀਆਂ ਦਾ ਵਿਰਲਾਪ

ਸੁਬਹ-ਸਵੇਰੇ ਮੂੰਹ ਹਨ੍ਹੇਰੇ
ਮੈਨੂੰ ਆਪਣੇ ਘਰ ਦੇ ਬਾਗ਼-ਬਗੀਚੇ 'ਚੋਂ
ਕੋਇਲ ਦੀ ਕੂਹ-ਕੂਹ ਸੁਣਦੀ ਹੈ
ਮੈਂ ਅੱਧ ਸੁੱਤੀ ਜਿਹੀ
ਸਿਰਹਾਣੇ ਦੀ ਢੋਅ ਲਾ ਕੇ ਬੈਠ ਜਾਂਦੀ ਹਾਂ
ਮੁੜ ਕੋਇਲ ਦੀ ਕੂਹ-ਕੂਹ ਵੱਲ



ਧਿਆਨ ਲਗਾਂਦੀ ਹਾਂ।
ਕੋਇਲ ਕਦੇ ਤਾਂ ਲਗਾਤਾਰ ਕੂਕਦੀ ਹੈ
ਕਦੇ ਜਿਵੇਂ ਉਹ ਵੀ ਸੋਚਾਂ ਵਿੱਚ ਡੁੱਬ
ਜਾਂਦੀ ਹੈ।
ਮੈਨੂੰ ਇਹ ਕੂਹ-ਕੂਹ ਕੋਈ
ਅਗੰਮੀ ਸੰਗੀਤ ਨਹੀਂ ਜਾਪਦਾ
ਮੈਨੂੰ ਤਾਂ ਲਗਦਾ ਹੈ ਜਿਵੇਂ ਕੋਈ
ਵਿਛੜਿਆ ਮਿੱਤਰ ਪਿਆਰਾ
ਰੁਦਨ ਕਰ ਰਿਹਾ ਹੈ



ਇਹ ਉਸ ਦੀ ਰੂਹ ਦੀ ਹੂਕ ਹੈ
ਨਾ ਕਿ ਕੋਇਲ ਦੀ ਕੂਕ ਹੈ
ਮੈਨੂੰ ਜਾਪਦਾ ਹੈ ਜਿਵੇਂ
ਕੋਈ ਕਹਿ ਰਿਹਾ ਹੈ
ਮੈਂ ਤਾਂ ਅਜੇ ਹੋਰ ਜੀਣਾ ਸੀ
ਮਮਤਾ ਦੀ ਛਾਂ ਮਾਣਨੀ ਸੀ
ਆਪਣੇ ਬਾਗ਼ 'ਚ ਖਿੜੇ ਫੁੱਲਾਂ ਦੀ
ਮਹਿਕ ਦਾ ਘੁੱਟ ਪੀਣਾ ਸੀ
ਅੰਬੀ ਦੇ ਬੂਟੇ ਹੇਠਾਂ ਬਹਿ ਕੇ
ਆਪਣੇ ਮਹਿਬੂਬ ਨਾਲ ਗੱਲਾਂ
ਕਰਨੀਆਂ ਸਨ।
ਮੇਰੀ ਸੋਚ ਦੀ ਤੰਦ ਨੂੰ ਕੋਇਲ ਦੀ ਕੂਕ
ਤੋੜਦੀ ਹੈ
ਮੇਰਾ ਧਿਆਨ ਆਪਣੇ ਵੱਲ ਮੋੜਦੀ ਹੈ।
ਹੁਣ ਮੈਨੂੰ ਲੱਗਦਾ ਹੈ
ਇਹ ਤਾਂ ਕੁੱਖ 'ਚ ਕਤਲ ਕੀਤੀਆਂ
ਕੂੜੇ ਦੇ ਢੇਰਾਂ 'ਤੇ ਸੁੱਟੀਆਂ
ਅਣਜੰਮੀਆਂ ਜਾਂ ਜੰਮਣ ਸਾਰ
ਮਾਰ ਦਿੱਤੀਆਂ ਧੀਆਂ ਦਾ ਵਿਰਲਾਪ ਹੈ।
ਜਿਵੇਂ ਉਹ ਕਹਿ ਰਹੀਆਂ ਹੋਣ
ਅਸੀਂ ਕੀਤਾ ਕੀ ਪਾਪ ਹੈ?
ਕਿਉਂ ਸਾਨੂੰ ਮਿਲਿਆ ਸਰਾਪ ਹੈ?
ਅਸੀਂ ਤਾਂ ਸਰਾਪੀਆਂ ਰੂਹਾਂ ਹਾਂ
ਨਾ ਸਾਡੀ ਕੋਈ ਮਾਂ
ਨਾ ਸਾਡਾ ਕੋਈ ਬਾਪ ਹੈ!
ਮੈਂ ਤ੍ਰਭਕ ਕੇ ਆਲੇ-ਦੁਆਲੇ ਵੇਖਦੀ ਹਾਂ
ਇਹ ਕਿਸ ਦੀਆਂ ਆਵਾਜ਼ਾ ਆ
ਰਹੀਆਂ ਨੇ?
ਕੋਇਲ ਫਿਰ ਕੂਹ-ਕੂਹ ਕਰਦੀ
ਜਿਵੇਂ ਵੈਣ ਪਾਉਂਦੀ ਹੈ
ਮੈਂ ਬਾਹਰ ਨਿਕਲ ਕੇ
ਰੁੱਖਾਂ ਵੱਲ ਨੀਝ ਲਾ-ਲਾ ਵੇਖਦੀ ਹਾਂ
ਪਰ ਕੋਇਲ ਕਿਤੇ ਨਜ਼ਰ ਨਹੀਂ ਆਉਂਦੀ।
ਮੈਨੂੰ ਯਕੀਨ ਹੋ ਜਾਂਦਾ ਹੈ
ਇਹ ਤੁਰ ਗਏ ਸੱਜਣਾਂ ਦੀ
ਰੂਹ ਦੀ ਹੂਕ ਹੈ
ਕਤਲ ਕੀਤੀਆਂ 'ਕੰਨਿਆਂ' ਦਾ
ਵਿਰਲਾਪ ਹੈ
ਅੰਬਰਾਂ ਨੂੰ ਚੀਰਦੀ ਜਾਂਦੀ
ਉਨ੍ਹਾਂ ਦੀ ਕੂਕ ਹੈ
ਉਨ੍ਹਾਂ ਦੀ ਕੂਕ ਹੈ।

### ਚੱਲ ਜਿੰਦੇ

ਚੱਲ ਜਿੰਦੇ ਚੱਲ ਉੱਥੇ ਚੱਲੀਏ
ਜਿੱਥੇ ਕੋਈ ਨਾ ਹੋਵੇ ਸਿਆਣਾ
ਹੱਸਦਿਆਂ ਦੇ ਨਾਲ ਹੱਸਦੇ ਰਹਿੰਦੇ
ਰੋਂਦਿਆਂ ਗਲ਼ ਲੱਗ ਜਾਣਾ।
ਕਮਲਿਆਂ ਦੀ ਮਹਿਫ਼ਲ ਵਿਚ
ਕੋਈ ਨਾ ਰੰਕ ਨਾ ਰਾਣਾ
ਨਾ ਹੀ ਹਉਮੈ ਨਾ ਈਰਖਾ
ਨਾ ਅੰਨ੍ਹਿਆਂ ਵਿਚ ਰਾਜਾ ਕਾਣਾ।
ਰੁੱਖੀ ਮਿੱਸੀ ਖਾ ਕੇ ਰੱਜ ਜਾਂਦੇ
ਨਾ ਲੱਭਣ ਸ਼ਾਹੀ ਖਾਣਾ
ਜਿੰਦੇ ਨੀ ਆਪਾਂ ਵੀ ਛੱਡੀਏ
ਝੂਠਾ ਮੋਹ ਤੇ ਮਾਣਾ।
ਨੀਲਾ, ਚਿੱਟਾ, ਕਾਲਾ ਤੇ ਪੀਲਾ
ਖ਼ਾਸ ਨਾ ਰੱਖੀਏ ਬਾਣਾ
ਤਨ ਢਕਣੇ ਤਕ ਮਤਲਬ ਹੋਵੇ
ਜੋ ਮਿਲ ਜਾਏ ਹੰਢਾਣਾ।
ਜਿੱਥੇ ਸਭ ਸਿਆਣੇ ਜਾਂਦੇ
ਅਸਾਂ ਵੀ ਉੱਥੇ ਜਾਣਾ
ਬੈਠ ਕਿਸੇ ਨਾ ਰਹਿਣਾ ਇੱਥੇ
ਅੰਤ ਨੂੰ ਖ਼ਾਕ ਦੇ ਵਿਚ ਸਮਾਣਾ
ਚੱਲ ਜਿੰਦੇ ਚੱਲ ਉੱਥੇ ਚੱਲੀਏ
ਜਿੱਥੇ ਕੋਈ ਨਾ ਹੋਵੇ ਸਿਆਣਾ।

ਗ਼ਜ਼ਲ



ਜਤਿੰਦਰ ਭਨੋਟ
98780-41593

ਦਰਿਆ ਹਾਂ ਅਪਣੇ ਰਸਤੇ ਆਪ ਬਣਾਵਾਂਗਾ।
ਇਹ ਨਾ ਸੋਚ ਕਿਸੇ ਬੰਦਿਸ਼ ਵਿਚ ਆਵਾਂਗਾ।

ਜਦ-ਜਦ ਜ਼ਾਲਮ ਜ਼ੁਲਮ ਕਰੇਗਾ ਮਜ਼ਲੂਮਾਂ 'ਤੇ,
ਤਦ ਲੋਕਾਂ ਨੂੰ ਹੱਕ ਸੱਚ ਦਾ ਪਾਠ ਪੜ੍ਹਾਵਾਂਗਾ।

ਜੋ ਹੁੰਦਾ ਜ਼ਿੰਦਾ ਇਕ ਸਦੀ ਬਾਅਦ ਮਰ ਕੇ,
ਮੈਂ ਆਖ਼ਿਰ ਉਹ ਪੰਛੀ ਕੁਕਨੁਸ ਕਹਾਵਾਂਗਾ।

ਇਹ ਜੁਗਨੂੰਆਂ ਦੀ ਡਾਰ ਹਨੇਰਾ ਚੀਰੇਗੀ,
ਮੈਂ ਫਿਰ ਚਾਨਣ ਝੁੱਗੀਆਂ ਤਕ ਪਹੁੰਚਾਵਾਂਗਾ।

ਮੰਜ਼ਿਲ ਵੱਲ ਵਹਿੰਦੇ ਜਾਣੇ ਮੇਰੇ ਪਾਣੀ,
ਮੈਂ ਬੰਜਰ ਧਰਤੀ 'ਤੇ ਫਿਰ ਅੰਨ ਉਗਾਵਾਂਗਾ।

ਪੰਜ ਦਰਿਆ ਵੰਡੇ, ਹਾਕਮ ਵੰਡ ਕਾਣੀ ਕੀਤੀ,
ਸਰਹੱਦ ਮਿਟਾ ਕੇ ਮੈਂ ਪੰਜਾਬ ਕਹਾਵਾਂਗਾ।

ਤੂੰ ਕਾਗ਼ਜ਼ 'ਤੇ ਲਿਖਣਾ ਛੱਡ 'ਭਨੋਟ' ਜ਼ਰਾਂ,
ਮੈਂ ਇਕ-ਇਕ ਅੱਖਰ ਦਿਲਾਂ 'ਤੇ ਲਿਖ ਜਾਵਾਂਗਾ।

ਕਵਿਤਾ

### ਮੰਜ਼ਿਲ



ਗੁਰਮੀਤ ਸਿੰਘ
98727-13109

ਤੁਰੀ ਜਾਂਦਾ ਹਾਂ
ਮੰਜ਼ਿਲ ਦੀ ਤਲਾਸ਼ ਵਿਚ
ਖਾਮਖਾ ਹੀ ਜ਼ਿੰਦਗੀ ਨੂੰ
ਉਲਝਾਈ ਜਾਂਦਾ ਹਾਂ।

ਜੋ ਕੁਝ ਵੀ ਹੈ ਕੋਲ ਮੇਰੇ
ਉਸ ਨੂੰ ਭੁੱਲਿਆ ਬੈਠਾ ਹਾਂ
ਨਵੇਂ ਮਹਿਲਾਂ ਦੇ ਲਈ
ਕਦਮ ਵਧਾਈ ਜਾਂਦਾ ਹਾਂ।

ਸਫ਼ਰ ਵੀ ਮੇਰਾ ਲੰਬਾ
ਪੈਰੀਂ ਪੈ ਗਏ ਛਾਲੇ
ਲਾ-ਲਾ ਮਲ੍ਹਮ
ਵਾਟ ਮੁਕਾਈ ਜਾਂਦਾ ਹਾਂ।

ਵਿਚ ਸਫ਼ਰ ਦੇ ਬੈਠਾ
ਹੁਣ ਮੈਂ ਸੋਚਣ ਲੱਗਾ ਹਾਂ
ਖ਼ੁਸ਼ੀਆਂ ਪਿੱਛੇ ਛੱਡ ਕੇ
ਸਫ਼ਰ ਹੰਢਾਈ ਜਾਂਦਾ ਹਾਂ।

ਨਿੱਕੀ ਕਹਾਣੀ

# ਸਵੇਰ ਦੀ ਸੈਰ



• ਗੁਰਪ੍ਰੀਤ ਕੌਰ ਧਾਲੀਵਾਲ
98780-02110

**ਜਸਮੀਤ ਖੜ੍ਹੇ-ਖੜ੍ਹੇ ਇਕ ਰੋਟੀ ਬਲੇਟ ਖਾਂਦੀ ਏ ਤੇ ਚਾਹ ਦੀਆਂ ਘੁੱਟਾਂ ਭਰਦਿਆਂ ਟਾਈਮ ਪੀਸ ਵੱਲ ਵੇਖਦੀ ਹੈ। ਫਟਾ-ਫੱਟ ਪਰਸ ਚੁੱਕ ਸਕੂਟਰੀ ਵੱਲ ਵਧਦੀ ਏ ਤੇ ਤੁਰ ਜਾਂਦੀ ਏ ਸਕੂਲ ਨੂੰ। ਰਾਹ ਵਿਚ ਜਾਂਦਿਆਂ-ਜਾਂਦਿਆਂ ਸੋਚਦੀ ਹੈ ਕਿ ਸੈਰ ਕਿਹੜੇ ਵੇਲੇ ਕਰਾਂ...**

ਰੋਜ਼ ਦੀ ਰੁਟੀਨ ਅਨੁਸਾਰ ਅਲਾਰਮ ਵਜਦਿਆਂ ਹੀ ਜਸਮੀਤ ਸਵੇਰੇ ਚਾਰ ਵਜੇ ਉੱਠ, ਨਹਾ-ਧੋ ਪਾਠ ਕਰ ਪੰਜ ਵਜੇ ਤਕ ਰਸੋਈ ਵਿਚ ਜਾ ਵੜਦੀ। ਪੰਜ ਵੱਜਦੇ ਹੀ ਪਤੀ ਦੇਵ ਦੀ ਆਵਾਜ਼ ਆਉਂਦੀ, 'ਲਿਆ ਬਈ ਚਾਹ ਦੀ ਘੁੱਟ ਫੇਰ ਮੈਂ ਸੈਰ ਕਰ ਆਵਾਂ।'

ਉਹ ਪਤੀ ਨੂੰ ਚਾਹ ਦੇ ਕੇ ਸੈਰ ਲਈ ਤੋਰ ਫਿਰ ਜਾ ਜੁੱਟ ਦੀ, ਲੰਚ-ਬਾਕਸ ਤੇ ਨਾਸ਼ਤਾ ਤਿਆਰ ਕਰਨ ਵਿਚ। ਉਸ ਨੂੰ ਰਸੋਈ ਵਿਚ ਖੜ੍ਹੀ ਨੂੰ ਹੀ ਸੱਤ ਵੱਜ ਜਾਂਦੇ। ਤਦ ਤਕ ਉਸ ਦੇ ਪਤੀ ਦੇਵ ਸੈਰ ਕਰ ਦੋਸਤਾਂ ਨਾਲ ਗੱਲਾਂ ਮਾਰ ਤਰੋ-ਤਾਜ਼ਾ ਹੋ ਮੁੜ ਆਉਂਦੇ ਤੇ ਉਹ ਰਸੋਈ ਵਿਚ ਪਸੀਨੋ-ਪਸੀਨੀ ਹੋਈ ਹੁੰਦੀ।

ਉਹ ਆਰਾਮ ਨਾਲ ਇਸ਼ਨਾਨ ਕਰ ਤਿਆਰ ਹੁੰਦੇ ਦਫ਼ਤਰ ਲਈ ਤਦ ਜਸਮੀਤ ਘਰ ਤੇ ਹੋਰ ਕੰਮ ਸਮੇਟ ,ਬੱਚਿਆਂ ਨੂੰ ਤਿਆਰ ਕਰ, ਨਾਸ਼ਤਾ ਟੇਬਲ ਤੇ ਲਾ, ਭੱਜਦੀ ਬਾਥਰੂਮ ਵੱਲ।

ਅੱਜ ਜਦੋਂ ਉਹ ਤਿਆਰ ਹੋ ਰਹੀ ਸੀ ਤਾਂ ਉਸ ਦੇ ਪਤੀ ਦੇਵ ਵੀ ਉੱਥੇ ਹੀ ਬੈਠੇ ਬੂਟਾਂ ਦੇ ਫੀਤੇ ਬੰਨ੍ਹ ਰਹੇ ਸਨ। ਜਸਮੀਤ ਨੂੰ ਸ਼ੀਸ਼ੇ ਵਿਚ ਆਪਣੇ ਤੰਗ ਹੋ ਰਹੇ ਕਮੀਜ਼ ਨੂੰ ਵੇਖਦਿਆਂ ਤਾੜ, ਉਹ ਹੱਸ ਕੇ ਆਖਣ ਲੱਗੇ, 'ਸੈਰ ਕਰਿਆ ਕਰ, ਸਵੇਰ ਦੀ ਸੈਰ, ਸਿਹਤ ਲਈ ਬੜੀ ਚੰਗੀ ਹੁੰਦੀ ਏ, ਮੋਟੀ ਹੋਈ ਜਾਨੀਏ ਦਿਨੋ-ਦਿਨ।'

ਜਸਮੀਤ ਮੁੜ ਕੇ ਉਨ੍ਹਾਂ ਵੱਲ ਦੇਖ ਦੀ ਹੈ ਪਰ ਕਹਿੰਦੀ ਕੁਝ ਨਹੀਂ। ਥੱਲੇ ਆ ਖੜ੍ਹੇ-ਖੜ੍ਹੇ ਹੀ ਇਕ ਰੋਟੀ ਬਲੇਟ ਖਾਂਦੀ ਏ ਤੇ ਚਾਹ ਦੀਆਂ ਘੁੱਟਾਂ ਭਰਦਿਆਂ ਟਾਈਮਪੀਸ ਵੱਲ ਵੇਖ ਦੀ ਹੈ। ਫਟਾ-ਫੱਟ ਪਰਸ ਚੁੱਕ ਸਕੂਟਰੀ ਵੱਲ ਵਧਦੀ ਏ ਤੇ ਤੁਰ ਜਾਂਦੀ ਏ ਸਕੂਲ ਨੂੰ। ਰਾਹ ਵਿਚ ਜਾਂਦਿਆਂ-ਜਾਂਦਿਆਂ ਉਹ ਸੋਚਦੀ ਹੈ ਕਿ ਸੈਰ ਕਿਹੜੇ ਵੇਲੇ ਕਰਾਂ, ਮੇਰੀ ਤਾਂ ਰਸੋਈ ਠੀਕ ਨਹੀਂ ਆਉਂਦੀ। ਅਚਾਨਕ ਕੁਝ ਸੋਚਕੇ ਉਹ ਮੁਸਕਰਾਉਂਦੀ ਏ ਤੇ ਆਪਣੇ ਆਪ ਨੂੰ ਆਖਦੀ ਏ, 'ਚੱਲ ਠੀਕ ਹੈ।'

ਦੂਜੇ ਦਿਨ ਉਹ ਉਸੇ ਰੁਟੀਨ ਨਾਲ ਉੱਠ ਦੀ ਤੇ ਪਾਠ ਕਰਦੀ ਹੈ ਪਰ ਫਿਰ ਰਸੋਈ ਵਿਚ ਵੜਨ ਦੀ ਥਾਂ ਪਤੀ ਦੇਵ ਦੇ ਸਿਰਹਾਣੇ ਬੈਠ ਕੇ ਬੂਟਾਂ ਦੇ ਫੀਤੇ ਕਸਣ ਲੱਗਦੀ ਏ। ਚਾਹ ਉਡੀਕ ਰਹੇ ਪਤੀ ਦੇਵ ਪੁੱਛਦੇ ਨੇ, 'ਇਹ ਤੂੰ ਕੀ ਕਰ ਰਹੀ ਏਂ? ਮੇਰੀ ਚਾਹ ਕਿੱਥੇ ਏ?'

ਜਸਮੀਤ ਅੱਗੋਂ ਆਖਦੀ ਏ, 'ਜੀ ਕੱਲ੍ਹ ਸਵੇਰ ਦੀ ਸੈਰ ਦੇ ਬਾਰੇ ਤੁਹਾਡੇ ਭਾਸ਼ਣ ਨੇ ਮੇਰੀਆਂ ਤਾਂ ਅੱਖਾਂ ਹੀ ਖੋਲ੍ਹ ਦਿੱਤੀਆਂ, ਮੈਂ ਤਾਂ ਕਮਲੀ ਸਾਰਾ ਦਿਨ ਰਸੋਈ ਤੇ ਘਰ ਦੇ ਕੰਮਾਂ ਵਿਚ ਹੀ ਉਲਝੀ ਫਿਰਦੀ ਰਹਿੰਦੀ ਆ ਇੱਧਰ ਕਦੇ ਧਿਆਨ ਹੀ ਨਹੀਂ ਦਿੱਤਾ। ਮੇਰੇ ਮਨ ਦੀ ਵੀ ਰੀਝ ਆ ਕਿ ਮੈਂ ਪਤਲੀ ਹੋਵਾਂ, ਸੈਰ, ਕਸਰਤ ਕਰਾਂ। ਨਾਲੇ ਜੀ ਡਾਕਟਰ ਸਾਹਿਬ ਵੀ ਪਿਛਲੀ ਵਾਰ ਕਹਿੰਦੇ ਸਨ ਕਿ ਸੈਰ ਕਰਿਆ ਕਰ। ਹੁਣ ਤਾਂ ਤੁਸੀਂ ਵੀ ਕਹਿ ਰਹੇ ਹੋ ਮੈਂ ਕਦੇ ਮੋੜਿਆ ਜੀ ਤੁਹਾਡਾ ਕਹਿਣਾ ਭਲਾ।'

ਮੈਂ ਸੈਰ ਕਰਨ ਚੱਲੀ ਹਾਂ ਤੁਸੀਂ ਬੱਚਿਆਂ ਨੂੰ ਉਠਾ ਕੇ ਤਿਆਰ ਕਰ ਦੇਣਾ ਨਾਲੇ ਚਾਹ ਬਣਾ ਕੇ ਪੀ ਲਓ ਬੱਚਿਆਂ ਨੂੰ ਦੁੱਧ ਗਰਮ ਕਰ ਕੇ ਪਿਲਾ ਦੇਣਾ ਹੁਣ ਖਾਣ ਲਈ ਸਭ ਵਾਸਤੇ ਬ੍ਰੈੱਡ ਆਮਲੇਟ ਬਣਾ ਲਓ, ਪਰੌਂਠੇ ਤਾਂ ਤੁਹਾਡੇ ਤੋਂ ਬਣਨੇ ਨਹੀਂ ਨਾ, ਤਦ ਤਕ ਮੈਂ ਸੈਰ ਕਰ ਕੇ ਆ ਲੰਚ ਬਾਕਸ ਲਈ ਫੁਲਕੇ ਲਾਹ ਦਿਆਂਗੀ ਸਬਜ਼ੀ ਮੈਂ ਰਾਤ ਹੀ ਬਣਾ ਦਿੱਤੀ ਸੀ।'

ਇਨ੍ਹਾਂ ਕਹਿੰਦੇ ਉਹ ਤੁਰ ਗਈ ਅਵਤਾਰ ਨੂੰ ਪਤਨੀ ਦੇ ਦੱਸੇ ਕੰਮਾਂ ਬਾਰੇ ਸੋਚਦਿਆਂ-ਸੋਚਦਿਆਂ ਆਪਣੀ ਸਵੇਰ ਦੀ ਸੈਰ ਦਾ ਚੇਤਾ ਹੀ ਭੁੱਲ ਗਿਆ। •

# ਮਾਂ ਬੋਲੀ ਪ੍ਰਤੀ ਅਵੇਸਲਾਪਨ

• ਪ੍ਰਿੰ. ਜਗਦੀਸ਼ ਸਿੰਘ ਘਈ
98153-23067

**ਇਤਿਹਾਸਿਕ ਸੱਚ ਹੈ ਕਿ ਭਾਸ਼ਾ ਦੇ ਆਧਾਰ 'ਤੇ ਪੰਜਾਬੀ ਸੂਬਾ ਬਣਾਉਣ ਦੀ ਮੰਗ ਲਈ ਸ਼੍ਰੋਮਣੀ ਅਕਾਲੀ ਦਲ ਨੇ ਅਨੇਕਾਂ ਮੋਰਚੇ ਲਾਏ, ਮਰਨ ਵਰਤ ਰੱਖੇ। ਉਸ ਦੌਰ 'ਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਅਲੰਬਰਦਾਰ ਵਜੋਂ ਅਕਾਲੀ ਦਲ ਉਭਰਿਆਂ। ਬੁਧੀਜੀਵੀਆਂ ਨੇ ਵੀ ਉਨ੍ਹਾਂ ਦੀ ਇਸ ਮੰਗ ਦਾ ਸਮਰਥਨ ਕੀਤਾ। ਆਖ਼ਰ ਇਕ ਨਵੰਬਰ 1966 ਨੂੰ ਪੰਜਾਬੀ ਸੂਬਾ ਹੋਂਦ 'ਚ ਆ ਗਿਆ...**

ਪੰਜਾਬੀ ਸੂਬਾ ਮਾਂ-ਬੋਲੀ ਪੰਜਾਬੀ ਭਾਸ਼ਾ ਆਧਾਰਿਤ ਪੈਮਾਨੇ ਦੀ ਦੇਣ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਸੂਬੇ ਦੀ ਜਣਨੀ ਮਾਂ-ਬੋਲੀ ਪੰਜਾਬੀ ਹੀ ਹੈ। ਪੰਜਾਬੀ ਬੋਲੀ ਤਾਂ 110 ਮੁਲਕਾਂ 'ਚ ਰਹਿ ਰਹੇ ਕੋਈ 11 ਕਰੋੜ ਪੰਜਾਬੀਆਂ ਦੀ ਇਕ ਮਹੱਤਵਪੂਰਨ ਜ਼ਬਾਨ ਹੈ ਅਤੇ ਦੁਨੀਆ ਦੀ ਤੇਰਵੀ ਭਾਸ਼ਾ ਦਾ ਸਥਾਨ ਪ੍ਰਾਪਤ ਕਰ ਚੁੱਕੀ ਹੈ।

ਦੇਸ਼ ਜਾਂ ਵਿਦੇਸ਼ 'ਚ ਵਸਦੇ ਸਮੂਹ ਪੰਜਾਬੀ ਆਪਣੀ ਮਾਂ-ਬੋਲੀ ਦੇ ਸਾਹਿਤ ਤੇ ਸੱਭਿਆਚਾਰ ਨੂੰ ਅਥਾਹ ਪਿਆਰ ਕਰਦੇ ਹਨ। ਵਿਦੇਸ਼ਾਂ ਵਿਚ (ਕਨੇਡਾ ਆਦਿ) ਤਾਂ ਇਹ ਆਪਣਾ ਨਿਵੇਕਲਾ ਸਥਾਨ ਪ੍ਰਾਪਤ ਕਰ ਚੁੱਕੀ ਹੈ ਪਰ ਸਾਡੇ ਆਪਣਿਆਂ (ਪੰਜਾਬ ਸਰਕਾਰ, ਪੰਜਾਬ ਦੀਆਂ ਯੂਨੀਵਰਸਿਟੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਸ਼ੇਸ ਕਰ ਕੇ ਸਿੱਖਿਆ ਵਿਭਾਗ) ਨੇ ਆਪਣੀ ਮਾਂ-ਬੋਲੀ 'ਤੇ ਘਾਤਕ ਹਮਲੇ ਕੀਤੇ ਹਨ ਜਦ 1968 ਐਕਟ ਨੂੰ ਪੂਰੀ ਤਰ੍ਹਾਂ ਨਾ ਲਾਗੂ ਕਰਣਾ, 1997 ਵਿਚ ਪਹਿਲੀ ਤੋਂ ਅੰਗਰੇਜ਼ੀ ਨੂੰ ਸ਼ੁਰੂ ਕਰਨਾ, 2018 ਵਿਚ ਕਈ ਸਰਕਾਰੀ ਸਕੂਲਾਂ ਦਾ ਮਾਧਿਅਮ ਅੰਗਰੇਜ਼ੀ ਕਰਨਾ, ਆਦਰਸ਼ ਸਕੂਲਾਂ ਦਾ ਮਾਧਿਅਮ ਅਕਾਲੀ ਸਰਕਾਰ ਵੱਲੋਂ ਅੰਗਰੇਜ਼ੀ ਕਰਨਾ, ਕਿੱਤਾ ਮੁੱਖੀ ਓਟੀ ਬੰਦ ਕਰਨਾ, ਸੀਬੀਐੱਸਈ ਸਕੂਲਾਂ ਲਈ ਖੁੱਲ੍ਹਾ ਮੈਦਾਨ ਛੱਡਣਾ ਅਜਿਹੇ ਰਾਹ ਹਨ ਜਿਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਸੁੰਘੇੜਾਣ ਦਾ ਯਤਨ ਹੋ ਰਿਹਾ ਹੈ।

ਇਹ ਇਤਿਹਾਸਿਕ ਸੱਚ ਹੈ ਕਿ ਭਾਸ਼ਾ ਦੇ ਆਧਾਰ ਤੇ ਪੰਜਾਬੀ ਸੂਬਾ ਬਣਾਉਣ ਦੀ ਮੰਗ ਲਈ ਸ਼੍ਰੋਮਣੀ ਅਕਾਲੀ ਦਲ ਨੇ ਅਨੇਕਾਂ ਮੋਰਚੇ ਲਾਏ, ਮਰਨ ਵਰਤ ਤਕ ਰੱਖੇ ਅਤੇ ਉਸ ਦੌਰ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਅਲੰਬਰਦਾਰ ਹੋਣ ਵਜੋਂ ਅਕਾਲੀ ਦਲ ਉਭਰਿਆਂ। ਚੇਤੰਨ ਬੁਧੀਜੀਵੀਆਂ ਨੇ ਵੀ ਅਕਾਲੀਆਂ ਦੀ ਇਸ ਮੰਗ ਦਾ ਸਮਰਥਨ ਕੀਤਾ।

ਆਖ਼ਰ ਪਹਿਲੀ ਨਵੰਬਰ 1966 ਨੂੰ ਪੰਜਾਬੀ ਸੂਬਾ ਹੋਂਦ ਵਿਚ ਆਇਆ। ਛੇ ਮਹੀਨਿਆਂ ਅੰਦਰ ਅਕਾਲੀ ਦਲ ਸੱਤਾ ਵਿਚ ਆ ਗਿਆ। ਤੱਥ ਸਾਹਮਣੇ ਹਨ ਕਿ ਆਪਣੇ ਰਾਜਨੀਤਿਕ ਪੈਂਤੜੇ ਵਿਚ ਭਾਸ਼ਾ ਦੇ ਮਸਲੇ ਨੂੰ ਵੀ ਜੋੜ ਲਿਆ। ਅਸਲ ਵਿਚ ਭਾਸ਼ਾ ਨੂੰ ਪੌੜੀ ਬਣਾ ਕੇ ਰਾਜਨੀਤੀ ਦੀ ਸਿਖਰਲੀ ਪ੍ਰਾਪਤੀ ਸੱਤਾ ਤਕ ਪਹੁੰਚਣਾ ਹੀ ਇਸ ਦਾ ਆਖਰੀ ਨਿਸ਼ਾਨਾ ਸੀ। ਇਕ ਨਵੰਬਰ 1966 ਤੋਂ ਲੈ ਕੇ ਅੱਜ ਤਕ 52 ਵਰ੍ਹਿਆਂ ਦੇ ਪੰਜਾਬੀ ਸੂਬੇ ਦੇ ਇਤਿਹਾਸ ਦੌਰਾਨ ਅਕਾਲੀ ਦਲ ਕੋਈ 22 ਸਾਲ ਰਾਜ ਸਤਾ ਵਿਚ ਰਿਹਾ ਜਿਸ ਵਿੱਚੋਂ 19 ਵਰ੍ਹੇ ਇਕਲੇ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਰਾਜ ਸੱਤਾ ਤੇ ਕਾਇਮ ਰਹੇ ਹਨ। ਕੋਈ 8 ਸਾਲ ਰਾਸ਼ਟਰਪਤੀ ਰਾਜ ਅਤੇ 19 ਸਾਲ ਕਾਂਗਰਸ ਨੇ ਰਾਜ ਭਾਗ ਮਾਣਿਆ। ਬਾਗ਼ੀ ਅਕਾਲੀ ਲਛਮਣ ਸਿੰਘ ਗਿੱਲ ਨੇ ਸਿਰਫ਼ 273 ਦਿਨ ਮੁੱਖ ਮੰਤਰੀ ਵਜੋਂ ਸੇਵਾ ਨਿਭਾਈ ਪਰ ਉਨ੍ਹਾਂ ਵੱਲੋਂ ਪੰਜਾਬੀ ਭਾਸ਼ਾ ਐਕਟ 1967 ਜੋ ਇਕ ਅਪ੍ਰੈਲ 1968 ਤੋਂ ਲਾਗੂ ਹੋਇਆ ਉਹ ਇਕ ਮਹਾਨ ਅਭੁੱਲ ਇਤਿਹਾਸਕ ਕਦਮ ਹੈ ਜਿਸ ਤੋਂ ਉਨ੍ਹਾਂ ਦਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਡੂੰਘਾ ਸਨੇਹ ਝਲਕਦਾ ਹੈ। ਦੂਜਾ ਭਾਸ਼ਾ ਐਕਟ 2008 ਵਿਚ ਅਕਾਲੀ ਦਲ ਦੀ ਸਰਕਾਰ ਸਮਾਂ ਹੋਂਦ ਵਿਚ ਆਇਆ ਪਰ ਸਿੱਟੇ ਸਾਰਥਕ ਨਹੀਂ ਨਿਕਲੇ। ਪੰਜਾਬੀ ਭਾਸ਼ਾ ਦੀ ਦਸ਼ਾ ਜਾਂ ਕਹੋ ਦੁਰਦਸ਼ਾ ਕਾਇਮ ਹੀ ਨਹੀਂ ਸਗੋਂ ਬਦ ਤੋਂ ਬਦਤਰ ਹੋਈ ਹੈ।

ਪਹਿਲੀ ਤੋਂ ਅੰਗਰੇਜ਼ੀ ਲਾਗੂ ਕਰਨ 'ਤੇ ਗਹਿਰਾ ਦੁੱਖ ਪ੍ਰਗਟ ਕਰਦਿਆ ਹੋਇਆ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮਹਾਨ ਵਿਦਵਾਨ ਪ੍ਰੋ. ਪ੍ਰੀਤਮ ਸਿੰਘ ਨੇ 22 ਸਤੰਬਰ 1997 ਨੂੰ ਪੰਜਾਬੀ ਦੀ ਦਸ਼ਾ ਤੇ ਦਿਸ਼ਾ ਸਬੰਧੀ ਰੋਸ ਪ੍ਰਗਟ ਕਰਦਿਆਂ ਉਸ ਸਮੇਂ ਵੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇਕ ਚਿੱਠੀ ਵਿਚ ਲਿਖਿਆ, 'ਪੰਜਾਬ ਨਾਲ ਵਫ਼ਾ ਪਾਲਣ ਦਾ ਬਚਨ ਦੇ ਕੇ ਲੋਕਾਂ ਪਾਸੋਂ ਵੋਟਾਂ ਲਈਆਂ ਹਨ ਪਰ ਖਿਮਾ ਕਰਨਾ ਕਿ ਰਾਜ ਭਾਗ ਦੀਆਂ ਉਚੇਰੀਆਂ ਪਰਤਾਂ ਵਿਚ ਪੰਜਾਬੀ ਲਾਗੂ ਕਰਨ ਦੇ ਮਾਮਲੇ ਵਿਚ ਨਾਂ ਤੁਸੀਂ ਤੇ ਨਾ ਤੁਹਾਡੀ ਸਰਕਾਰ ਕੋਈ ਖ਼ਾਸ ਨਾਂ ਪੈਦਾ ਕਰ ਸਕੀ ਹੈ।' ਉਨ੍ਹਾ ਆਦਰਸ਼ ਸਕੂਲਾਂ ਵਿਚ ਅੰਗਰੇਜ਼ੀ ਮਾਧਿਅਮ ਲਾਗੂ ਕਰਨ 'ਤੇ ਵੀ ਵੱਡਾ ਇਤਰਾਜ਼ ਕਰਦਿਆਂ ਚਿੱਠੀ ਵਿਚ ਲਿਖਿਆ ਸੀ, 'ਅੰਗਰੇਜ਼ੀ ਮਾਧਿਅਮ ਵਾਲੇ ਆਦਰਸ਼ ਸਕੂਲ ਪੰਜਾਬੀ ਲੋਕਾਂ, ਉਨ੍ਹਾਂ ਦੀ ਬੋਲੀ, ਵਿਰਸੇ ਤੇ ਸੱਭਿਆਚਾਰ ਨਾਲ ਵੈਰ ਕਮਾਉਣ ਵਾਲੀ ਯੋਜਨਾ ਹੈ। ਸਰਕਾਰ ਦਾ ਫ਼ਰਜ਼ ਤਾਂ ਇਹ ਬਣਦਾ ਹੈ ਕਿ ਉਹ ਇਸ ਰੁੱਖ ਨੂੰ ਪੰਜਾਬੀ ਵਿਰੋਧੀ ਮੰਨ ਕੇ ਪੰਜਾਬੀ ਦੀ ਮੁੱਢਲੀ ਪੜ੍ਹਾਈ ਨੂੰ ਉਚੇਰਾ ਚੁੱਕਣ ਦਾ ਜਤਨ ਕਰਦੀ ਤੇ ਇਸ ਤਰ੍ਹਾਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਪੰਜਾਬੀ ਦੀ ਪਨੀਰੀ ਦਾ ਰਿਸ਼ਤਾ, ਇਸ ਪਨੀਰੀ ਦੇ ਬਚਪਨ ਵਿਚ ਹੀ ਪੱਕਾ ਤੇ ਪੀਡਾ ਕਰਦੀ। ਵਰਤਮਾਨ ਸਰਕਾਰ ਨੇ ਵੀ ਕੁਝ ਸਰਕਾਰੀ ਸਕੂਲਾਂ ਵਿਚ ਪਹਿਲੀ ਤੋਂ ਅੰਗਰੇਜ਼ੀ ਮਾਧਿਅਮ ਲਾਗੂ ਕਰਨ ਦਾ ਕਦਮ ਉੱਠਾ ਕੇ ਮਾਂ-ਬੋਲੀ ਨਾਲ ਧ੍ਰੋਹ ਕਮਾਇਆ ਹੈ।'



ਸਵਾ ਸੌ ਸਾਲ ਤੋਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਭਰਪੂਰ ਜਾਣਕਾਰੀ ਅਤੇ ਵਿਕਾਸ ਦੀ ਸਿੱਖਿਆ ਪ੍ਰਣਾਲੀ ਨੂੰ ਪੰਜਾਬ ਦੀਆਂ ਤਿੰਨਾਂ ਯੂਨੀਵਰਸਿਟੀਆਂ ਅਤੇ ਪੰਜਾਬ ਸਰਕਾਰ ਨੇ ਜੋ ਢਾਹ ਲਾਈ ਹੈ ਉਨ੍ਹਾਂ ਪ੍ਰਤੀ ਗੰਭੀਰ ਧਿਆਨ ਦੇਣਾ ਵੀ ਯੋਗ ਹੋਵੇਗਾ। ਪੰਜਾਬ ਸਰਕਾਰ ਅਤੇ ਯੂਨੀਵਰਸਿਟੀਆਂ ਨੇ ਤਾਂ ਨਿਮਨ ਵਰਗ ਦੇ ਦਸਵੀਂ ਪਾਸ ਕਰ ਕੇ ਗਿਆਨੀ ਕਰਨ ਉਪਰੰਤ ਕਿੱਤਾ ਮੁੱਖੀ ਓਟੀ ਕਰ ਕੇ ਅਧਿਆਪਕ ਸੇਵਾ ਪ੍ਰਾਪਤ ਕਰਨ ਜਾਂ ਘੱਟ ਸਮੇਂ ਵਿਚ ਬੀਏ ਕਰ ਕੇ ਚੰਗੀਆਂ ਨੌਕਰੀਆਂ ਪ੍ਰਾਪਤ ਕਰਨ ਦਾ ਉਨ੍ਹਾਂ ਦਾ ਹੱਕ 1992 ਤੋਂ ਖੋਹ ਲਿਆ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦਾ ਜੋ ਵਿਕਾਸ ਇਸ ਤਰ੍ਹਾਂ ਸਹਿਜੇ ਹੀ ਹੋ ਰਿਹਾ ਸੀ ਉਸ ਨੂੰ ਸੀਮਿਤ ਕਰ ਕੇ ਰੱਖ ਦਿੱਤਾ ਗਿਆ ਹੈ।

1992-93 ਤੋਂ ਪਹਿਲਾਂ ਗਿਆਨੀ ਪ੍ਰੀਖਿਆ ਦੇਣ ਵਾਲੇ ਕੋਈ 20-30 ਹਜ਼ਾਰ ਹਰ ਸਾਲ ਵਿਦਿਆਰਥੀਆਂ ਦੀ ਗਿਣਤੀ ਹੁਣ ਸੁੰਗੜ ਕੇ ਤਿੰਨਾਂ ਯੂਨੀਵਰਸਿਟੀਆਂ ਵਿਚ ਸਿਰਫ਼ ਦੋ-ਢਾਈ ਸੌ ਰਹਿ ਗਈ ਹੈ ਕਿਉਂ ਜੋ ਗਿਆਨੀ ਕਰਨ ਉਪਰੰਤ ਚੰਗਾ ਭਵਿੱਖ ਬਣਾਉਣ ਵਾਲੇ ਸਾਰੇ ਰਾਹ ਬੰਦ ਕਰ ਦਿੱਤੇ ਗਏ ਹਨ। ਸਪੱਸ਼ਟ ਹੈ ਕਿ ਪਿਛਲੇ 26 ਵਰ੍ਹਿਆਂ ਵਿੱਚ ਪੰਜ ਲੱਖ ਤੋਂ ਵੱਧ ਪੰਜਾਬੀ ਲੋਕਾਂ ਨੂੰ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਸਿੱਖਿਆ ਦੇ ਚਾਹਵਾਨਾਂ ਨੂੰ ਇਸ ਤੋਂ ਵਾਂਝਾ ਰੱਖਿਆ ਗਿਆ ਹੈ।

ਕੀ ਇਹ ਪੰਜਾਬੀ ਭਾਸ਼ਾ ਨਾਲ ਧਰੋਹ ਨਹੀਂ? 1950 ਤਕ ਗਿਆਨੀ ਹੀ ਪੰਜਾਬੀ ਦੀ ਸਭ ਤੋਂ ਉੱਚੀ ਵਿੱਦਿਅਕ ਯੋਗਤਾ ਰਹੀ ਹੈ। ਰਾਜਨੀਤੀਵਾਨ ਭੁੱਲ ਜਾਂਦੇ ਹਨ ਕਿ ਇਸ ਵਿਧੀ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੰਸਥਾਪਕ ਗਿਆਨੀ ਹੀਰਾ ਸਿੰਘ ਦਰਦ, ਗਿ. ਗੁਰਮੁਖ ਸਿੰਘ ਮੁਸਾਫ਼ਿਰ, ਡਾ. ਹਰਚਰਨ ਸਿੰਘ, ਗਿ. ਦਿੱਤ ਸਿੰਘ, ਡਾ. ਗੁਰਨਾਮ ਸਿੰਘ ਤੀਰ, ਪਦਮਸ੍ਰੀ ਪ੍ਰੋ. ਗੁਰਦਿਆਲ ਸਿੰਘ, ਪ੍ਰਿੰ. ਸੁਜਾਨ ਸਿੰਘ, ਸੰਤੋਖ ਸਿੰਘ ਧੀਰ ਆਦਿ ਅਣਗਿਣਤ ਸਥਾਪਤ ਸਾਹਿਤਕਾਰ ਤੇ ਰਾਜਨੀਤੀਵਾਨ ਪੈਦਾ ਕੀਤੇ ਹਨ। ਹਜ਼ਾਰਾਂ ਉੱਚ-ਅਧਿਕਾਰੀ ਅੱਜ ਵੀ ਇਨ੍ਹਾਂ ਉੱਚ ਅਹੁਦਿਆਂ 'ਤੇ ਵਿਰਾਜਮਾਨ ਹਨ, ਜਿਨ੍ਹਾਂ ਨੇ ਇਸੇ ਰਾਹ ਨੂੰ ਅਪਨਾਇਆ ਸੀ। ਕੀ ਸਰਕਾਰ ਤੇ ਯੂਨੀਵਰਸਿਟੀਆਂ ਨੇ ਸਾਡੀ ਨੌਜਵਾਨ ਪੀੜ੍ਹੀ ਲਈ ਇਹ ਰਾਹ ਬੰਦ ਕਰ ਕੇ ਉਨ੍ਹਾਂ ਦੇ ਇਸ ਸਰਲ ਭਵਿੱਖ-ਉਸਾਰੀ ਨਾਲ ਅਨਿਆਂ ਨਹੀਂ ਕੀਤਾ?

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਹਿਤੈਸ਼ੀਆਂ ਦਾ ਜਦ ਮਾਂ-ਬੋਲੀ ਪ੍ਰਤੀ ਰੁਝਾਣ ਖਿੜਕਦਾ ਦੇਖ ਦੇ ਹਾਂ ਤਾਂ ਇਕ ਚੀਸ ਨਿਕਲਦੀ ਹੈ। ਹੈਰਾਨੀ ਉਦੋਂ ਹੁੰਦੀ ਹੈ ਜਦ ਪੰਜਾਬ ਵਿਚ ਸਰਕਾਰ ਵੱਲੋਂ ਪਹਿਲੀ ਤੋਂ ਅੰਗਰੇਜ਼ੀ ਲਾਗੂ ਕਰਨ ਦਾ ਨਾਦਰਸ਼ਾਹੀ ਹੁਕਮ ਚਾੜ੍ਹ ਦਿੱਤਾ। ਇਹ ਠੀਕ ਹੈ ਕਿ ਅੰਗਰੇਜ਼ੀ ਅੰਤਰ ਰਾਸ਼ਟਰੀ ਭਾਸ਼ਾ ਹੈ ਅਤੇ ਇਸ ਨੂੰ ਸਿਖਣਾ ਸਮੇਂ ਦੀ ਲੋੜ ਹੈ ਪਰ ਮਾਂ-ਬੋਲੀ ਦੇ ਸਿਰ ਸੌਂਕਣ ਟਿਕਾ ਦੇਣਾ ਕਿੱਥੋਂ ਦਾ ਨਿਆਂ ਹੈ? ਮਨੋਵਿਗਿਆਨੀਆਂ, ਸਿੱਖਿਆ ਸ਼ਾਸਤਰੀਆਂ ਅਤੇ ਦਾਰਸ਼ਨਿਕਾਂ ਦਾ ਪ੍ਰਵਾਨਿਤ ਮੱਤ ਹੈ ਕਿ ਮੁੱਢਲੀ ਸਿੱਖਿਆ ਸਿਰਫ਼ ਅਤੇ ਸਿਰਫ਼ ਮਾਂ-ਬੋਲੀ ਵਿਚ ਹੋਣੀ ਚਾਹੀਦੀ ਹੈ। ਉਹ ਪੰਜਾਬੀ ਵਿਚ ਮੌਲਿਕ ਰਚਨਾਵਾਂ ਰਚਨ ਦੇ ਯੋਗ ਹੋ ਜਾਣਗੇ। ਕਿਤੇ ਇਹ ਨਾ ਹੋਵੇ ਕਿ ਅੰਗਰੇਜ਼ੀ ਦਾ ਮੋਹ ਸਾਡੇ ਇਨ੍ਹਾਂ ਪੰਜਾਵੀਂ ਵਰ੍ਹੇ ਦੇ ਜਸ਼ਨਾ ਲਈ ਪ੍ਰਸ਼ਨ ਚਿੰਨ੍ਹ ਬਣ ਜਾਵੇ ਜਦ ਅਸੀਂ ਸੂਬੇ ਦੀ ਜਣਨੀ ਮਾਂ-ਬੋਲੀ ਪੰਜਾਬੀ ਦੀ ਹੋ ਰਹੀ ਦੁਰਗਤੀ ਤੋਂ ਬੇਧਿਆਨੇ ਹੋਵਾਂਗੇ? ਠੀਕ ਹੀ ਹੈ :

ਉਨ੍ਹਾਂ ਹੀ ਕੀਤੀ ਮਾਂ-ਬੋਲੀ
ਨਾਲ ਗਦਾਰੀ।
ਜਿਸ ਸਦਕਾ ਰਾਜ ਸੱਤਾ ਦੀ
ਕੀਤੀ ਸਵਾਰੀ।
ਇਹ ਕੁਤਾਹੀ ਬਣ ਜਾਵੇਗੀ
ਮੁਸੀਬਤ ਭਾਰੀ।
ਪੰਜਾਬੀ ਸਪੂਤ ਨਹੀਂ ਜਿਨ੍ਹਾਂ
ਮਾਂ-ਬੋਲੀ ਵਿਸਾਰੀ। •


ਸਿੱਖ ਕਤਲੇਆਮ
ਨਵੰਬਰ 1984 ਦੀ ਸੱਚਾਈ
ਦਸਤਾਵੇਜ਼ • ਖ਼ਬਰਾਂ • ਗਵਾਹੀਆਂ
ਇੱਕ ਸੁਤੰਤਰ ਡਿਜ਼ੀਟਲ ਪੁਰਾਲੇਖ
ਨਵੰਬਰ 1984 ਅਤੇ ਗੁਰਦੁਆਰਾ ਸ਼੍ਰੀ ਗਿਆਨ ਗੋਦੜੀ
ਹਰਿਦੁਆਰ ਬਾਰੇ ਪ੍ਰਕਾਸ਼ਿਤ ਖ਼ਬਰਾਂ ਪੜ੍ਹੋ
ਯਾਦ ਇਤਿਹਾਸ ਸੱਚ ਸਾਡੀ ਜ਼ਿੰਮੇਵਾਰੀ
ਲੋਕ ਖ਼ਬਰਾਂ ਦਸਤਾਵੇਜ਼ ਗਵਾਹੀਆਂ ਸੱਚ ਦੀ ਖੋਜ
ਭੁੱਲਣਾਂ ਨਹੀਂ ਫਿਰ ਕਦੇ
ਯਾਦਾਂ ਸਾਡੀ ਤਾਕਤ
ਅੱਜ ਹੀ ਵੈੱਬਸਾਈਟ ਵੇਖੋ
sikh-katle-aam.qpatrika,chatgpt.site
ਇਤਿਹਾਸ ਜਾਣੋ • ਯਾਦ ਸੰਭਾਲੋ • ਸੱਚ ਸਾਂਝਾ ਕਰੋ